Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 06 | Friday, January 08, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਬਾਇਡਨ ਨੂੰ ਦਿੱਤਾ ਗਿਆ ਜੇਤੂ ਕਰਾਰ



ਵਾਸ਼ਿੰਗਟਨ, 7 ਜਨਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਕਾਂਗਰਸ ਵੱਲੋਂ ਡੈਮੋਕ੍ਰੇਟ ਜੋਅ ਬਾਇਡਨ ਨੂੰ ਅਮਰੀਕਾ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਦਾ ਜੇਤੂ ਕਰਾਰ ਦੇ ਦਿੱਤਾ ਗਿਆ। ਅਮਰੀਕਾ ਦੀਆਂ ਇਨ੍ਹਾਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਬਦਲਾਉਣ ਲਈ ਟਰੰਪ ਪੱਖੀ ਹਿੰਸਕ ਭੀੜ ਵੱਲੋਂ ਅਮਰੀਕੀ ਕੈਪੀਟਲ ਉੱਤੇ ਬੋਲੇ ਗਏ ਧਾਵੇ ਤੋਂ ਬਾਅਦ ਇਸ ਫੈਸਲੇ ਦਾ ਐਲਾਨ ਕੀਤਾ ਗਿਆ। ਚੋਣਾਂ ਵਿੱਚ ਹੋਈ ਕਥਿਤ ਗੜਬੜੀ ਦੀ ਵਾਰੀ ਵਾਰੀ ਸ਼ਿਕਾਇਤ ਕਰਨ ਤੋਂ ਬਾਅਦ ਦੇਸ਼ ਤੇ ਦੁਨੀਆਂ ਨੂੰ ਸੱਚ ਤੋਂ ਜਾਣੂ ਕਰਵਾਉਣ ਲਈ ਇਲੈਕਟੋਰਲ ਕਾਲਜ ਟੈਲੀ ਕੀਤੇ ਜਾਣ ਦਾ ਨੀਤੀਘਾੜਿਆਂ ਵੱਲੋਂ ਫੈਸਲਾ ਕੀਤਾ ਗਿਆ ਸੀ। ਨੀਤੀਘਾੜੇ ਦੇਸ਼ ਤੇ ਦੁਨੀਆਂ ਨੂੰ ਇਹ ਵੀ ਵਿਖਾਉਣਾ ਚਾਹੁੰਦੇ ਸਨ ਕਿ ਉਹ ਵੋਟਰਾਂ ਦੀ ਇੱਛਾ ਦਾ ਸਨਮਾਨ ਕਰਦੇ ਹਨ ਤੇ ਸ਼ਾਂਤਮਈ ਢੰਗ ਨਾਲ ਸੱਤਾ ਦੇ ਤਬਾਦਲੇ ਲਈ ਤਿਆਰ ਹਨ। ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ, ਜਿਹੜੇ ਇਸ ਸਾਂਝੇ ਸੈਸ਼ਨ ਦੀ ਅਗਵਾਈ ਕਰ ਰਹੇ ਸਨ, ਨੇ 232 ਦੇ ਮੁਕਾਬਲੇ 306 ਦੇ ਫਰਕ ਨਾਲ ਬਾਇਡਨ ਦੇ ਜਿੱਤਣ ਦੀ ਪੁਸ਼ਟੀ ਕੀਤੀ।

ਲੰਮੇਂ ਸਮੇਂ ਤੋਂ ਤਰਲੋ ਮੱਛੀ ਹੋ ਰਹੇ ਟਰੰਪ ਨੇ ਇਸ ਨਤੀਜੇ ਦਾ ਐਲਾਨ ਹੁੰਦਿਆਂ ਸਾਰ ਆਖਿਆ ਕਿ ਇਨੌਗਰੇਸ਼ਨ ਡੇਅ ਵਾਲੇ ਦਿਨ ਸੱਤਾ ਦਾ ਬਹੁਤ ਸਹਿਜ ਭਾਅ ਨਾਲ ਤਬਾਦਲਾ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਆਪੇ ਤੋਂ ਬਾਹਰ ਹੋਈ ਭੀੜ ਨੇ ਇਸ ਪ੍ਰੋਕਿਰਿਆ ਵਿੱਚ ਵਿਘਨ ਪਾਉਣ ਦੀ ਪੂਰੀ ਕੋਸਿਸ ਕੀਤੀ। ਭੀੜ ਉੱਤੇ ਕਾਬੂ ਪਾਉਣ ਲਈ ਚਲਾਈ ਗਈ ਗੋਲੀ ਵਿੱਚ ਇੱਕ ਮਹਿਲਾ ਹਲਾਕ ਹੋ ਗਈ। ਇਸ ਦੌਰਾਨ ਮੈਡੀਕਲ ਐਮਰਜੰਸੀਜ਼ ਕਾਰਨ ਤਿੰਨ ਹੋਰ ਵਿਅਕਤੀਆਂ ਦੀ ਵੀ ਮੌਤ ਹੋ ਗਈ।

## ਅੰਦਰ ਪੜ੍ਹੋ

ਵਿਦੇਸ਼ਾਂ ਵਿਚ ਛੁੱਟੀਆਂ ਮਨਾ ਕੇ ਆਏ ਕੈਨੇਡੀਅਨ ਸਿਕਨੈਸ ਬੈਨੇਫਿਟਸ ਲਈ ਦਾਅਵਾ ਨਹੀਂ ਕਰ ਸਕਣਗੇ : ਟਰੂਡੋ



ਪੰਨਾ 13

ਬਿਨਾਂ ਬ੍ਰੇਕ ਲਏ 'ਸਰਕਸ' ਅਤੇ 'ਭੂਤ ਪੁਲਸ' ਪੂਰੀ ਕਰੇਗੀ ਜੈਕਲੀਨ



ਪੰਨਾ 15

# ਐਨਡੀਪੀ ਆਗੂਆਂ ਨੇ ਫੋਰਡ ਤੋਂ ਵ੍ਹਾਈਟ ਸੁਪਰੀਮੇਸਿਸਟ ਗਰੁੱਪ ਪ੍ਰਾਊਡ ਬੌਇਜ਼ ਦੀ ਨਿਖੇਧੀ ਕਰਨ ਦੀ ਕੀਤੀ ਮੰਗ

ਕੁਈਨਜ਼ ਪਾਰਕ, 7 ਜਨਵਰੀ (ਪੋਸਟ ਬਿਊਰੋ): ਮੁੱਖ ਵਿਰੋਧੀ ਧਿਰ ਐਨਡੀਪੀ ਦੀ ਆਗੂ ਐਂਡਰੀਆ ਹੌਰਵਥ ਤੇ ਐਨਡੀਪੀ ਦੀ ਐਂਟੀ ਰੇਸਿਜ਼ਮ ਕ੍ਰਿਟਿਕ ਲੌਰਾ ਮੇਅ ਲਿੰਡੋ ਵੱਲੋਂ ਇੱਕ ਰਲੀਜ਼ ਜਾਰੀ ਕਰਕੇ ਕੈਨੇਡਾ ਦੇ ਸੱਜੇ ਪੱਖੀ ਹੇਟ ਗਰੁੱਪ ਪ੍ਰਾਊਡ ਬੌਇਜ਼ ਦੀ ਕੱਲ੍ਹ ਵਾਸ਼ਿੰਗਟਨ, ਡੀਸੀ ਵਿੱਚ ਕੈਪੀਟਲ ਹਿੱਲ ਉੱਤੇ ਧਾਵਾ ਬੋਲੇ ਜਾਣ ਦੇ ਮਾਮਲੇ ਵਿੱਚ ਸ਼ਮੂਲੀਅਤ ਕੀਤੇ ਜਾਣ ਦੀ ਸਖ਼ਤ ਨਿਖੇਧੀ ਕੀਤੀ ਗਈ।



ਜ਼ਿਕਰਯੋਗ ਹੈ ਕਿ ਕੱਲ੍ਹ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਉਕਸਾਈ ਅਤੇ ਸੱਜੇ ਪੱਖੀ ਗਰੁੱਪਜ਼ ਦੀ ਅਗਵਾਈ ਵਿੱਚ ਹਿੰਸਕ ਭੀੜ ਨੇ 2020 ਦੀਆਂ ਰਾਸ਼ਟਰਪਤੀ ਦੇ ਅਹੁਦੇ ਲਈ ਹੋਈਆਂ ਚੋਣਾਂ ਦੇ ਨਤੀਜਿਆਂ ਨੂੰ ਪਲਟਾਉਣ ਲਈ ਅਮਰੀਕੀ ਕੈਪੀਟਲ ਉੱਤੇ ਧਾਵਾ ਬੋਲ ਦਿੱਤਾ। ਕੈਪੀਟਲ ਦੀ ਇਮਾਰਤ ਉੱਤੇ ਧਾਵਾ ਬੋਲਣ ਦੇ ਨਾਲ ਨਾਲ ਇਸ ਹਿੰਸਕ ਭੀੜ ਵੱਲੋਂ ਉੱਥੇ ਕਾਫੀ ਲੁੱਟ ਖਸੁੱਟ ਵੀ ਕੀਤੀ ਗਈ ਤੇ ਸੰਪਤੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਮੀਡੀਆ ਰਿਪੋਰਟਾਂ ਤੋਂ ਸਾਹਮਣੇ ਆਇਆ ਕਿ ਹਿੰਸਕ ਭੀੜ ਨੇ ਨਾ ਸਿਰਫ ਵ੍ਹਾਈਟ ਸੁਪਰੀਮੇਸਿਸਟ, ਐਂਟੀ ਬਲੈਕ ਤੇ ਯਹੂਦੀਆਂ ਵਿਰੋਧੀ ਸਿੰਬਲ ਚੁੱਕੇ ਹੋਏ ਸਨ ਸਗੋਂ ਕੈਪੀਟਲ ਦੀਆਂ ਪੌੜੀਆਂ ਦੇ ਕੋਲ ਫਾਂਸੀ ਦਾ ਫੰਦਾ ਵੀ ਲਹਿਰਾਇਆ ਗਿਆ। ਇਸ ਭੀੜ ਦੇ ਪ੍ਰਬੰਧਕਾਂ ਵਿੱਚੋਂ ਇੱਕ ਕੈਨੇਡਾ ਵਿੱਚ ਕਾਇਮ ਕੀਤਾ ਗਿਆ ਹੇਟ ਗਰੁੱਪ ਪ੍ਰਾਊਡ ਬੌਇਜ਼ ਵੀ ਸੀ।

ਪਿਛਲੇ ਪੰਜ ਸਾਲਾਂ ਵਿੱਚ ਕੈਨੇਡਾ ਵਿੱਚ ਇਸ ਤਰ੍ਹਾਂ ਦੇ ਹੇਟ ਗਰੁੱਪਜ਼ ਵਿੱਚ 200 ਫੀ ਸਦੀ ਵਾਧਾ ਹੋਇਆ ਹੈ। ਕੱਲ੍ਹ ਦੀਆਂ ਘਟਨਾਵਾਂ ਤੋਂ ਤਾਂ ਇਹ ਸਿੱਧ ਹੋ ਗਿਆ ਹੈ ਕਿ ਸੱਜੇ ਪੱਖੀ ਵ੍ਹਾਈਟ ਸੁਪਰੀਮੇਸਿਸਟ ਗਰੁੱਪਜ਼ ਸਾਡੀਆਂ ਸਾਰੀਆਂ ਕਮਿਊਨਿਟੀਜ਼ ਤੇ ਜਮਹੂਰੀਅਤ ਲਈ ਖਤਰਾ ਹਨ। ਐਨਡੀਪੀ ਆਗੂਆਂ ਨੇ ਅੱਗੇ ਆਖਿਆ ਕਿ ਬੜੇ ਹੀ ਸ਼ਰਮ ਵਾਲੀ ਗੱਲ ਹੈ ਕਿ ਕਈ ਮੀਡੀਆ ਰਿਪੋਰਟਾਂ ਵਿੱਚ ਪ੍ਰੀਮੀਅਰ ਡੱਗ ਫੋਰਡ ਨੇ ਪ੍ਰਾਊਡ ਬੌਇਜ਼ ਗਰੁੱਪ ਮੈਂਬਰਾਂ ਦੇ ਨਾਲ ਹੀ ਵ੍ਹਾਈਟ ਸੁਪਰੀਮੇਸਿਸਟ ਫੇਥ ਗੋਲਡੀ ਨਾਲ ਵੀ ਤਸਵੀਰਾਂ ਖਿਚਵਾਈਆਂ ਹਨ। ...ਬਾਕੀ ਪੰਨਾ 2 'ਤੇ

# ਬਰੈਂਪਟਨ ਤੋਂ ਕਾਊਂਸਲਰ ਮਾਰਟਿਨ ਮੈਡੇਰੌਸ ਪੀਲ ਪੁਲਿਸ ਸਬਵਿਸਿਜ਼ ਬੋਰਡ ਦੇ ਨਵੇਂ ਮੈਂਬਰ ਬਣੇ

ਬਰੈਂਪਟਨ, 7 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਤੋਂ ਕਾਊਂਸਲਰ ਮਾਰਟਿਨ ਮੈਡੇਰੌਸ ਪੀਲ ਪੁਲਿਸ ਸਬਵਿਸਿਜ਼ ਬੋਰਡ ਦੇ ਨਵੇਂ ਮੈਂਬਰ ਬਣ ਗਏ ਹਨ।



ਸੱਭ ਤੋਂ ਪਹਿਲਾਂ ਮਾਰਟਿਨ ਨੂੰ 2014 ਵਿੱਚ ਵਾਰਡ 3 ਤੇ 4 ਦਾ ਰੀਜਨਲ ਕਾਊਂਸਲਰ ਚੁਣਿਆ ਗਿਆ ਸੀ ਤੇ 2018 ਵਿੱਚ ਉਨ੍ਹਾਂ ਨੂੰ ਮੁੜ ਆਫਿਸ ਵਿੱਚ ਚੁਣਿਆ ਗਿਆ। ਮਾਰਟਿਨ ਨੇ ਬੋਰਡ ਵਿੱਚ ਬਰੈਂਪਟਨ ਦੇ ਨੁਮਾਇੰਦੇ ਵਜੋਂ ਮੇਅਰ ਪੈਟਰਿਕ ਬ੍ਰਾਊਨ ਦੀ ਥਾਂ ਲਈ ਹੈ। ਬੋਰਡ ਦੇ ਚੇਅਰ ਰੌਨ ਚੱਠਾ ਵੱਲੋਂ ਕਾਊਂਸਲਰ ਮਾਰਟਿਨ ਦਾ ਬੋਰਡ ਵਿੱਚ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਆਖਿਆ ਕਿ ਪੁਲਿਸ ਸਰਵਿਸ ਬੋਰਡ ਮੈਂਬਰ ਵਜੋਂ ਮਾਰਟਿਨ ਆਪਣੇ ਨਾਲ ਢੇਰ ਸਾਰਾ ਤਜ਼ਰਬਾ ਵੀ ਲੈ ਕੇ ਆਉਣਗੇ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਮਾਰਟਿਨ ਬੋਰਡ ਲਈ ਪ੍ਰਭਾਵਸ਼ਾਲੀ ਤੇ ਕੀਮਤੀ ਮੈਂਬਰ ਸਿੱਧ ਹੋਣਗੇ। ਉਨ੍ਹਾਂ ਮੇਅਰ ਬ੍ਰਾਊਨ ਵੱਲੋਂ ਬੋਰਡ ਵਿੱਚ ਪਾਏ ਗਏ ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਦਾ ਵੀ ਸ਼ੁਕਰੀਆ ਅਦਾ ਕੀਤਾ। ਉਨ੍ਹਾਂ ਆਖਿਆ ਕਿ ਬਰੈਂਪਟਨ ਤੇ ਪੀਲ ਰੀਜਨ ਲਈ ਅਣਥੱਕ ਪੈਰਵੀ ਕਰਨ ਵਾਲੇ ਮੇਅਰ ਬ੍ਰਾਊਨ ਨਾਲ ਰਾਬਤਾ ਅੱਗੇ ਵੀ ਕਾਇਮ ਰੱਖਿਆ ਜਾਵੇਗਾ।

ਮਾਰਟਿਨ ਦਾ ਜਨਮ ਬਰੈਂਪਟਨ ਵਿੱਚ ਹੋਇਆ ਤੇ ਇੱਥੇ ਹੀ ਉਨ੍ਹਾਂ ਦੀ ਪਰਵਰਿਸ਼ ਪੁਰਤਗਾਲ ਤੋਂ ਆਏ ਉਨ੍ਹਾਂ ਦੇ ਪਰਵਾਸੀ ਮਾਪਿਆਂ ਵੱਲੋਂ ਕੀਤੀ ਗਈ। ਉਨ੍ਹਾਂ ਆਨਰਜ਼ ਬੈਚਲਰ ਆਫ ਆਰਟਸ ਡਿਗਰੀ ਯੌਰਕ ਯੂਨੀਵਰਸਿਟੀ ਤੋਂ ਕੀਤੀ ਤੇ ਇੰਟਰਨੈਸ਼ਨਲ ਅਫੇਅਰਜ਼ ਅਤੇ ਪਬਲਿਕ ਐਡਮਨਿਸਟ੍ਰੇਸ਼ਨ ਵਿੱਚ ਮਾਸਟਰਜ਼ ਦੀ ਡਿਗਰੀ ਬੈਲਜੀਅਮ ਦੇ ਕਾਲਜ ਆਫ ਯੂਰਪ ਤੋਂ ਕੀਤੀ। ਉਹ ਆਪਣੇ ਨਾਲ ਪਬਲਿਕ ਐਡਮਨਿਸਟ੍ਰੇਸ਼ਨ ਦਾ 14 ਸਾਲ ਦਾ ਤਜ਼ਰਬਾ ਲੈ ਕੇ ਆ ਰਹੇ ਹਨ। ਉਹ ਯੂਰਪੀਅਨ ਕਮਿਸ਼ਨ, ਯੂਨਾਈਟਿਡ ਨੇਸ਼ਨਜ਼ ਤੇ ਐਜ਼ੋਰਜ਼, ਪੁਰਤਗਾਲ ਦੀਆਂ ਰੀਜਨਲ ਸਰਕਾਰਾਂ ਤੇ ਓਨਟਾਰੀਓ ਸਰਕਾਰ ਨਾਲ ਕੰਮ ਕਰਨ ਦੇ ਆਪਣੇ ਤਜ਼ਰਬੇ ਨੂੰ ਨਾਲ ਲਿਆ ਰਹੇ ਹਨ।

...ਬਾਕੀ ਪੰਨਾ 2 'ਤੇ

# 25ਵੀਂ ਅਮੈਂਡਮੈਂਟ ਰਾਹੀਂ ਪੈਲੋਸੀ ਨੇ ਟਰੰਪ ਨੂੰ ਸੱਤਾ ਤੋਂ ਬਾਹਰ ਕਰਨ ਦੀ ਕੀਤੀ ਮੰਗ

ਵਾਸ਼ਿੰਗਟਨ, ਡੀਸੀ, 7 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਆਫਿਸ ਤੋਂ ਬਾਹਰ ਕਰਨ ਲਈ ਵੀਰਵਾਰ ਨੂੰ ਦੋਵਾਂ ਪਾਰਟੀਆਂ ਦੇ ਨੀਤੀਘਾੜਿਆਂ ਨੇ ਰਲ ਕੇ ਆਵਾਜ਼ ਉਠਾਈ। ਇਸ ਦੇ ਨਾਲ ਹੀ ਹਾਊਸ ਦੀ ਸਪੀਕਰ ਨੈਂਸੀ ਪੈਲੋਸੀ ਨੇ ਆਖਿਆ ਕਿ ਜੇ ਟਰੰਪ ਨੂੰ ਨਾ ਹਟਾਇਆ ਗਿਆ ਤਾਂ ਹਾਊਸ ਉਨ੍ਹਾਂ ਖਿਲਾਫ ਦੂਜਾ ਇੰਪੀਚਮੈਂਟ (ਮਹਾਭਿਯੋਗ) ਸ਼ੁਰੂ ਕਰ ਸਕਦਾ ਹੈ। ਹਾਲਾਂਕਿ ਟਰੰਪ ਕੋਲ ਆਫਿਸ ਵਿੱਚ ਬਣੇ ਰਹਿਣ ਦੇ ਦੋ ਹਫਤੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ, ਪਰ ਬੁੱਧਵਾਰ ਨੂੰ ਹੀ ਨੀਤੀਘਾੜਿਆਂ ਤੇ ਟਰੰਪ ਦੇ ਆਪਣੇ ਪ੍ਰਸ਼ਾਸਨ ਦੇ ਕੁੱਝ ਅਧਿਕਾਰੀਆਂ ਵੱਲੋਂ ਹੀ ਉਨ੍ਹਾਂ ਨੂੰ ਆਫਿਸ ਤੋਂ ਬਾਹਰ ਕਰਨ



ਦਾ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਟਰੰਪ ਦੇ ਸਮਰਥਕਾਂ ਵੱਲੋਂ ਅਮਰੀਕੀ ਕੈਪੀਟਲ ਉੱਤੇ ਬੋਲੇ ਗਏ ਧਾਵੇ ਦੀ ਨਿਖੇਧੀ ਕਰਨ ਤੋਂ ਰਾਸ਼ਟਰਪਤੀ ਵੱਲੋਂ ਇਨਕਾਰ ਕਰ ਦਿੱਤਾ ਗਿਆ ਸੀ ਤੇ ਫਿਰ ਉਹ ਉਨ੍ਹਾਂ ਨੂੰ ਮੁਆਫ ਕਰਦੇ ਵੀ ਨਜ਼ਰ ਆਏ।

...ਬਾਕੀ ਪੰਨਾ 3 'ਤੇ

# ਪੀਅਰਸਨ ਏਅਰਪੋਰਟ ਉੱਤੇ ਪਹੁੰਚਣ ਵਾਲੇ ਕੌਮਾਂਤਰੀ ਟਰੈਵਲਰਜ਼ ਦੇ ਕੀਤੇ ਜਾਣਗੇ ਮੁਫਤ ਕੋਵਿਡ-19 ਟੈਸਟ



ਓਨਟਾਰੀਓ, 7 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਓਨਟਾਰੀਓ ਸਰਕਾਰ ਕੋਈ ਵੀ ਕੋਸ਼ਿਸ਼ ਬਾਕੀ ਨਹੀਂ ਛੱਡਣੀ ਚਾਹੁੰਦੀ। ਇਸੇ ਲਈ ਬੁੱਧਵਾਰ ਨੂੰ ਫੋਰਡ ਸਰਕਾਰ ਵੱਲੋਂ ਓਨਟਾਰੀਓ ਆਉਣ ਵਾਲੇ ਕੌਮਾਂਤਰੀ ਟਰੈਵਲਰਜ਼ ਲਈ ਮੁਫਤ ਕੋਵਿਡ-19 ਟੈਸਟਿੰਗ ਸ਼ੁਰੂ ਕੀਤੇ ਜਾਣ ਦਾ ਐਲਾਨ ਕੀਤਾ ਗਿਆ।

ਪ੍ਰੀਮੀਅਰ ਫੋਰਡ ਵੱਲੋਂ ਲੰਮੇਂ ਸਮੇਂ ਤੋਂ ਏਅਰਪੋਰਟਸ ਉੱਤੇ ਟੈਸਟਿੰਗ ਸ਼ੁਰੂ ਕੀਤੇ ਜਾਣ ਦੀ ਪੈਰਵੀ ਕੀਤੀ ਜਾ ਰਹੀ ਹੈ। ...ਬਾਕੀ ਪੰਨਾ 3 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355 Aman Sharma
25 Cherrycrest Drive, Unit # 6 Brampton, ON, L6P 3W4 Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization & Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

## ਯੂਕਰੇਨ ਦਾ ਜਹਾਜ਼ ਫੁੰਡਣ ਦੇ ਮਾਮਲੇ ਵਿੱਚ ਮੁਆਵਜ਼ਾ ਦੇਣ ਦੀ ਇਰਾਨ ਦੀ ਪੇਸ਼ਕਸ਼ ਗੁਡੇਲ ਨੇ ਠੁਕਰਾਈ



ਓਟਵਾ, 7 ਜਨਵਰੀ (ਪੋਸਟ ਬਿਊਰੋ) : ਇੱਕ ਸਾਲ ਪਹਿਲਾਂ ਯਾਤਰੀ ਜਹਾਜ਼ ਨੂੰ ਇਰਾਨੀ ਫੌਜ ਵੱਲੋਂ ਫੁੰਡੇ ਜਾਣ ਤੋਂ ਬਾਅਦ ਲੰਮਾਂ ਸਮਾਂ ਟਾਲ ਮਟੋਲ ਕਰਦੇ ਰਹੇ ਇਰਾਨ ਵੱਲੋਂ ਬੀਤੇ ਦਿਨੀਂ ਅਚਾਨਕ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ 150,000 ਡਾਲਰ ਦੇਣ ਦੀ ਕੀਤੀ ਗਈ ਪੇਸ਼ਕਸ਼ ਨੂੰ ਇਸ ਮਾਮਲੇ ਦੇ ਕੈਨੇਡਾ ਵੱਲੋਂ ਵਿਸ਼ੇਸ਼ ਸਲਾਹਕਾਰ ਵੱਲੋਂ ਠੁਕਰਾ ਦਿੱਤਾ ਗਿਆ ਹੈ।

ਸਾਬਕਾ ਲਿਬਰਲ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਦਾ ਕਹਿਣਾ ਹੈ ਕਿ ਇਰਾਨ ਕੋਲ ਹਾਦਸੇ ਦੇ ਸ਼ਿਕਾਰ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਦੀ ਪੇਸ਼ਕਸ਼ ਕਰਨ ਦਾ ਕੋਈ ਅਧਿਕਾਰ ਨਹੀਂ ਹੈ।ਗੁਡੇਲ ਨੇ ਆਖਿਆ ਕਿ ਮੁਆਵਜ਼ੇ ਦੀ ਰਕਮ ਇਰਾਨ ਤੇ ਕੈਨੇਡਾ ਦੇ ਨਾਲ ਨਾਲ ਚਾਰ ਹੋਰਨਾਂ ਦੇਸ਼ਾਂ, ਜਿਨ੍ਹਾਂ ਦੇ ਨਾਗਰਿਕਾਂ ਦੀ ਇਸ ਹਾਦਸੇ ਵਿੱਚ ਮੌਤ ਹੋਈ, ਦਰਮਿਆਨ ਗੱਲਬਾਤ ਤੋਂ ਬਾਅਦ ਹੀ ਤੈਅ ਕੀਤੀ ਜਾ ਸਕਦੀ ਹੈ।

ਇੱਕ ਦਿਨ ਅਚਾਨਕ ਇਰਾਨ ਦੇ ਸਰਕਾਰੀ ਟੀਵੀ ਉੱਤੇ ਇਹ ਐਲਾਨ ਕੀਤਾ ਗਿਆ ਕਿ ਤਹਿਰਾਨ ਸਰਕਾਰ ਹਾਦਸੇ ਦੇ ਸ਼ਿਕਾਰ ਸਾਰੇ ਯਾਤਰੀਆਂ ਦੇ ਪਰਿਵਾਰਾਂ ਵਿੱਚੋਂ ਪ੍ਰਤੀ ਪਰਿਵਾਰ 150,000 ਡਾਲਰ ਮੁਆਵਜ਼ੇ ਵਜੋਂ ਦੇਣ ਲਈ ਤਿਆਰ ਹੈ। ਪਰ ਗੁਡੇਲ ਨੇ ਆਖਿਆ ਕਿ ਅਜੇ ਤੱਕ ਇਰਾਨ ਤੇ ਕੈਨੇਡਾ ਦਰਮਿਆਨ ਇਸ ਸਬੰਧ ਵਿੱਚ ਕੋਈ ਗੱਲਬਾਤ ਨਹੀਂ ਹੋਈ ਹੈ।ਗੁਡੇਲ ਨੇ ਆਖਿਆ ਕਿ ਇਸ ਫੈਸਲੇ ਵਿੱਚ ਕਿਸੇ ਵੀ ਦੂਜੀ ਧਿਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਤੇ ਇਰਾਨ ਨੇ ਆਪਣੇ ਆਪ ਹੀ ਇਹ ਫੈਸਲਾ ਐਲਾਨ ਦਿੱਤਾ।

ਗੁਡੇਲ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਹੋਰ ਸਰਕਾਰੀ ਮੈਂਬਰ ਵੀਰਵਾਰ ਨੂੰ ਪ੍ਰਾਈਵੇਟ ਤੌਰ ਉੱਤੇ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰ ਵਾਲਿਆਂ ਨਾਲ ਵਰਚੂਅਲ ਮੀਟਿੰਗ ਕਰਨਗੇ।

## 9 ਜਨਵਰੀ ਤੋਂ ਕਿਊਬਿਕ ਵਿਚ 4 ਹਫਤਿਆਂ ਲਈ ਲਾਇਆ ਜਾਵੇਗਾ ਰਾਤ ਦਾ ਕਰਫਿਊ

ਕਿਊਬਿਕ, 7 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਇਨਫੈਕਸ਼ਨਜ਼ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਕਿਊਬਿਕ ਵੱਲੋਂ ਪ੍ਰੋਵਿੰਸ ਭਰ ਵਿੱਚ ਰਾਤ ਦਾ ਕਰਫਿਊ ਲਾਇਆ ਜਾ ਰਿਹਾ ਹੈ।

ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨੇ ਐਲਾਨ ਕੀਤਾ ਕਿ ਇਹ ਕਰਫਿਊ 9 ਜਨਵਰੀ ਤੋਂ ਪ੍ਰਭਾਵੀ ਹੋਵੇਗਾ ਤੇ ਚਾਰ ਹਫਤਿਆਂ, ਭਾਵ 8 ਫਰਵਰੀ ਤੱਕ ਚੱਲੇਗਾ।ਕਰਫਿਊ ਰਾਤੀਂ 8:00 ਵਜੇ ਸ਼ੁਰੂ ਹੋਇਆ ਕਰੇਗਾ ਤੇ ਹਰ ਸਵੇਰ 5:00 ਵਜੇ ਖਤਮ ਹੋਵੇਗਾ। ਇਨ੍ਹਾਂ ਨਵੀਆਂ ਪਾਬੰਦੀਆਂ ਤਹਿਤ ਰਾਤੀਂ 8:00 ਵਜੇ ਤੋਂ ਬਾਅਦ ਬਿਨਾਂ ਕਿਸੇ ਠੋਸ ਕਾਰਨ ਦੇ ਸੜਕ ਉੱਤੇ ਪਾਏ ਜਾਣ ਵਾਲੇ ਕਿਸੇ ਵੀ ਸ਼ਖਸ ਨੂੰ 1000 ਡਾਲਰ ਤੋਂ 6000 ਡਾਲਰ




ਤੱਕ ਦਾ ਜੁਰਮਾਨਾ ਹੋਵੇਗਾ।

ਪ੍ਰੋਵਿੰਸ ਭਰ ਵਿੱਚ ਸਾਰੇ ਗੈਰ ਜ਼ਰੂਰੀ ਕਾਰੋਬਾਰ ਚਾਰ ਹਫਤਿਆਂ ਦੇ ਇਸ ਕਰਫਿਊ ਦੇ ਖਤਮ ਹੋਣ ਤੱਕ ਬੰਦ ਰਹਿਣਗੇ।ਲੀਗਾਲਟ ਨੇ ਇਹ ਵੀ ਐਲਾਨ ਕੀਤਾ ਕਿ ਸਾਰੇ ਪ੍ਰਾਇਮਰੀ ਸਕੂਲ 11 ਜਨਵਰੀ ਨੂੰ ਨਿਰਧਾਰਤ ਸ਼ਡਿਊਲ ਅਨੁਸਾਰ ਹੀ ਖੁੱਲ੍ਹਣਗੇ ਜਦਕਿ ਹਾਈ ਸਕੂਲ ਵਿਦਿਆਰਥੀ ਇਨ ਪਰਸਨ ਲਰਨਿੰਗ ਲਈ 18 ਜਨਵਰੀ ਤੋਂ ਸਕੂਲ ਪਰਤਣਗੇ। ਕੋਵਿਡ-19 ਦੇ ਪਸਾਰ ਨੂੰ ਮੱਠਾ ਕਰਨ ਲਈ ਕਰਫਿਊ ਲਾਉਣ ਵਾਲਾ ਕਿਊਬਿਕ ਕੈਨੇਡਾ ਦਾ ਪਹਿਲਾ ਪ੍ਰੋਵਿੰਸ ਬਣ ਗਿਆ ਹੈ।

ਇਸ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੀ ਇਹ ਆਖ ਚੁੱਕੇ ਹਨ ਕਿ ਕਿਊਬਿਕ ਦੀ ਤਰਜ਼ ਉੱਤੇ ਉਹ ਵੀ ਕਰਫਿਊ ਲਾਉਣ ਬਾਰੇ ਵਿਚਾਰ ਕਰ ਰਹੇ ਹਨ।

## ਦੱਖਣੀ ਓਨਟਾਰੀਓ ਦੇ ਵਿਦਿਆਰਥੀਆਂ ਲਈ ਕੋਵਿਡ-19 ਦੇ ਵਾਧੇ ਨੂੰ ਦੇਖਦੇ ਸਕੂਲ 25 ਜਨਵਰੀ ਤੱਕ ਰਹਿਣਗੇ ਬੰਦ



ਟੋਰਾਂਟੋ, 7 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਭਰ ਵਿੱਚ ਕੋਵਿਡ-19 ਮਾਮਲਿਆਂ ਵਿੱਚ ਹੋਏ ਇਜਾਫੇ ਤੋਂ ਬਾਅਦ ਦੱਖਣੀ ਓਨਟਾਰੀਓ ਦੇ ਵਿਦਿਆਰਥੀਆਂ ਨੂੰ ਸੋਮਵਾਰ ਤੋਂ ਇਨ ਪਰਸਨ ਲਰਨਿੰਗ ਲਈ ਕਲਾਸਾਂ ਵਿੱਚ ਪਰਤਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਹੈ।

ਪ੍ਰੋਵਿੰਸ ਦੇ ਦੱਖਣੀ ਹਿੱਸੇ (ਸਡਬਰੀ ਦੇ ਦੱਖਣ ਵੱਲ) ਵਿੱਚ ਐਲੀਮੈਂਟਰੀ ਸਕੂਲ 25 ਜਨਵਰੀ ਤੱਕ ਬੰਦ ਰਹਿਣਗੇ। ਇਹ ਸਕੂਲ ਖੁੱਲ੍ਹਣ ਦੀ ਅਸਲ ਤਰੀਕ ਨਾਲੋਂ ਦੋ ਹਫਤੇ ਦੇਰ ਨਾਲ ਖੁੱਲ੍ਹਣਗੇ। ਦੂਜੇ ਪਾਸੇ ਉੱਤਰੀ ਓਨਟਾਰੀਓ ਵਿੱਚ ਐਲੀਮੈਂਟਰੀ ਵਿਦਿਆਰਥੀਆਂ ਲਈ ਇਨ ਪਰਸਨ ਲਰਨਿੰਗ 11 ਜਨਵਰੀ ਤੋਂ ਹੀ ਸ਼ੁਰੂ ਹੋ ਜਾਵੇਗੀ ਜਦਕਿ ਸੈਕੰਡਰੀ ਵਿਦਿਆਰਥੀ ਇਨ ਪਰਸਨ ਲਰਨਿੰਗ ਲਈ 25 ਜਨਵਰੀ ਤੋਂ ਸਕੂਲ ਪਰਤਣਗੇ। ਪ੍ਰੋਵਿੰਸ ਵੱਲੋਂ ਉੱਤਰੀ ਓਨਟਾਰੀਓ ਵਿੱਚ ਲਾਕਡਾਊਨ 25 ਜਨਵਰੀ ਤੱਕ ਵਧਾਏ ਜਾਣ ਦਾ ਐਲਾਨ ਕੀਤਾ ਗਿਆ ਹੈ।

ਫੋਰਡ ਸਰਕਾਰ ਵੱਲੋਂ ਇਹ ਐਲਾਨ ਵੀਰਵਾਰ ਨੂੰ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਕੀਤਾ ਗਿਆ। ਪ੍ਰੀਮੀਅਰ ਡੱਗ ਫੋਰਡ ਨੇ ਲਿਖਤੀ ਬਿਆਨ ਵਿੱਚ ਆਖਿਆ ਕਿ ਸਾਡੀ ਮੁੱਖ ਤਰਜੀਹ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਸਟਾਫ ਤੇ ਸਾਰੇ ਓਨਟਾਰੀਓ ਵਾਸੀਆਂ ਨੂੰ ਸੁਰੱਖਿਅਤ ਰੱਖਣਾ ਹੈ। ਇਸੇ ਲਈ ਦੱਖਣੀ ਓਨਟਾਰੀਓ ਦੇ ਵਿਦਿਆਰਥੀਆਂ ਲਈ ਰਿਮੋਟ ਲਰਨਿੰਗ ਵਿੱਚ ਤੇ ਉੱਤਰੀ ਓਨਟਾਰੀਓ ਵਿੱਚ ਸ਼ੱਟਡਾਊਨ ਦੇ ਅਰਸੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ।

## ਮਾਰਟਿਨ ਮੈਡੇਰੌਸ ਪੀਲ ਪੁਲਿਸ ਸਬਵਿਸਿਜ਼ ਬੋਰਡ ਦੇ ਨਵੇਂ ਮੈਂਬਰ ਬਣੇ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਮਾਰਟਿਨ ਆਰਥਿਕ ਵਿਕਾਸ, ਇੰਪਲੌਇਮੈਂਟ ਤੇ ਟਰੇਨਿੰਗ, ਯੂਥ ਐਂਗੇਜਮੈਂਟ, ਪਾਰਦਰਸ਼ਤਾ ਤੇ ਜਵਾਬਦੇਹੀ, ਇਮੀਗ੍ਰੇਸ਼ਨ ਐਂਡ ਸੈਟਲਮੈਂਟ ਤੇ ਕ੍ਰਾਈਮ ਐਂਡ ਸੇਫਟੀ ਦੇ ਖੇਤਰ ਵਿੱਚ ਵੀ ਕਈ ਪਹਿਲਕਦਮੀਆਂ ਕਰ ਚੁੱਕੇ ਹਨ।ਮਾਰਟਿਨ ਨਿੱਕੀ ਉਮਰ ਤੋਂ ਹੀ ਆਪਣੀ ਕਮਿਊਨਿਟੀ ਲਈ ਕੰਮ ਕਰਦੇ ਆ ਰਹੇ ਹਨ। ਉਹ ਬਰੈਂਪਟਨ ਯੂਥ ਕਾਊਂਸਲ, ਲੋਕਲ ਚਰਚ, ਯੂਨਾਈਟਿਡ ਵੇਅ, ਕਈ ਹੋਰ ਆਰਗੇਨਾਈਜ਼ੇਸ਼ਨਜ਼ ਤੇ ਪੁਰਤਗਾਲੀ ਕਮਿਊਨਿਟੀ ਦੀਆਂ ਕਈ ਐਸੋਸਿਏਸ਼ਨਜ਼ ਦੇ ਕੰਮਕਾਜ ਵਿੱਚ ਵਾਲੰਟੀਅਰ ਵਜੋਂ ਹਿੱਸਾ ਲੈ ਚੁੱਕੇ ਹਨ। ਮਾਰਟਿਨ ਬਰੈਂਪਟਨ ਦੀ ਲੋਕਲ ਸਪੋਰਟਸ ਵਿੱਚ ਵੀ ਪੂਰੀ ਤਰ੍ਹਾਂ ਸਰਗਰਮ ਰਹੇ ਹਨ। ਉਨ੍ਹਾਂ ਜਵਾਨੀ ਸਮੇਂ ਸੌਕਰ ਵਿੱਚ ਬਰੈਂਪਟਨ ਦੀ ਨੁਮਾਇੰਦਗੀ ਕੀਤੀ ਤੇ ਐਡਲਟ ਲੀਗਜ਼ ਵਿੱਚ ਵੀ ਹਿੱਸਾ ਲੈਂਦੇ ਰਹੇ। ਉਹ ਬਰੈਂਪਟਨ ਟੈਨਿਸ ਕਲੱਬ ਵਿਖੇ ਟੈਨਿਸ ਦੇ ਐਕਟਿਵ ਪਲੇਅਰ ਰਹੇ ਹਨ ਤੇ ਉਹ ਬਰੈਂਪਟਨ ਦੇ ਲੋਕਲ ਵਾਈ ਐਮ ਸੀ ਏ ਦੇ ਵੀ ਮੈਂਬਰ ਹਨ। ਮਾਰਟਿਨ ਨੇ ਇਹ ਮੌਕਾ ਮਿਲਣ ਉੱਤੇ ਖੁਸ਼ੀ ਜਤਾਈ ਤੇ ਆਖਿਆ ਕਿ ਇਹ ਉਨ੍ਹਾਂ ਦਾ ਸੁਭਾਗ ਹੈ ਕਿ ਆਪਣੀ ਕਮਿਊਨਿਟੀ ਲਈ ਕੁੱਝ ਕਰਨ ਦਾ ਉਨ੍ਹਾਂ ਨੂੰ ਮੌਕਾ ਮਿਲਿਆ ਹੈ।

## ਟਾਈਗਰਜੀਤ ਸਿੰਘ ਫਾਊਂਡੇਸ਼ਨ ਨੇ ਹਾਲਟਨ ਪੁਲਿਸ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਲਈ ਇੱਕਠੇ ਕੀਤੇ 275,000 ਡਾਲਰ

ਓਨਟਾਰੀਓ, 7 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਇਸ ਦੌਰ ਵਿੱਚ ਆਪਣੇ ਬੱਚਿਆਂ ਨੂੰ ਕ੍ਰਿਸਮਸ ਮੌਕੇ ਇੱਕ ਖਿਡੌਣਾ ਲੈ ਕੇ ਦੇਣ ਤੋਂ ਵੀ ਅਸਮਰੱਥ ਕੁੱਝ ਪਰਿਵਾਰਾਂ ਲਈ ਇਹ ਸਾਲ ਹੋਰ ਵੀ ਜ਼ਿਆਦਾ ਮੁਸ਼ਕਲਾਂ ਭਰਿਆ ਰਿਹਾ। ਅਜਿਹੇ ਘੱਟ ਖੁਸ਼ਕਿਸਮਤ ਪਰਿਵਾਰਾਂ ਲਈ ਟਾਈਗਰਜੀਤ ਸਿੰਘ ਫਾਊਂਡੇਸ਼ਨ (ਟੀ ਜੇ ਐਸ ਐਫ) ਨੇ ਹਾਲਟਨ ਪੁਲਿਸ (ਐਚ ਆਰ ਪੀ ਐਸ ) ਨਾਲ ਭਾਈਵਾਲੀ ਵਿੱਚ 275,000 ਡਾਲਰ ਦੀ ਡੋਨੇਸ਼ਨ ਤੇ ਸਪਾਂਸਰਸ਼ਿਪ ਇੱਕਠੀ ਕੀਤੀ।

ਟੀ ਜੇ ਐਸ ਐਫ ਦੀ ਮਿਰੈਕਲ ਆਨ ਮੇਨ ਡਰਾਈਵ ਅਤੇ ਐਚ ਆਰ ਪੀ ਐਸ ਦੀ ਟੌਇਜ਼ ਫੌਰ ਟੌਟਸ ਵਰਗੀ ਸਾਂਝੀ ਪਹਿਲਕਦਮੀ ਨਾਲ ਇਸ ਵਾਰੀ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਪਰਿਵਾਰਾਂ ਤੇ ਬੱਚਿਆਂ ਦੀ ਮਦਦ ਦਾ ਟੀਚਾ ਪੂਰਾ ਕੀਤਾ ਗਿਆ। ਪਿਛਲੇ ਸਾਲ ਮੈਂਟਲ ਹੈਲਥ, ਪਰਿਵਾਰਾਂ ਦੀ ਭਲਾਈ ਤੇ ਤਕਨਾਲੋਜੀ ਵਰਗੀਆਂ ਪੇਸ਼ਕਦਮੀਆਂ ਦੇ ਸਮਰਥਨ ਵਿੱਚ ਲੋਕਲ ਪਬਲਿਕ ਸਕੂਲਾਂ ਨੂੰ 30,000 ਡਾਲਰ ਡੋਨੇਟ ਕੀਤੇ ਗਏ।ਆਪਣੀ ਕਮਿਊਨਿਟੀ ਦੀ ਮਦਦ ਕਰਨ ਲਈ ਹਮੇਸ਼ਾਂ ਤਿਆਰ ਰਹਿਣ ਵਾਲੇ ਲੋਕਲ ਕਾਰੋਬਾਰਾਂ ਦੀ ਮਦਦ ਲਈ 30,000 ਦੇ ਗਿਫਟ ਕਾਰਡ ਹਾਲਟਨ ਦੇ ਲੋਕਲ ਰੈਸਟੋਰੈਂਟਸ ਤੋਂ ਖਰੀਦੇ ਗਏ ਤੇ ਫਿਰ ਰੀਜਨ ਭਰ ਵਿੱਚ ਲੋੜਵੰਦ ਪਰਿਵਾਰਾਂ ਤੇ ਮਹਿਲਾਵਾਂ ਨੂੰ ਡੋਨੇਟ ਕੀਤੇ ਗਏ।



ਟੀ ਜੇ ਐਸ ਐਫ ਅਤੇ ਐਚ ਆਰ ਪੀ ਐਸ ਦੇ ਮੈਂਬਰਾਂ ਨੇ ਲੋੜਵੰਦ ਪਰਿਵਾਰਾਂ ਤੇ ਆਰਗੇਨਾਈਜ਼ੇਸ਼ਨਜ਼ ਲਈ ਡੋਨੇਟ ਕੀਤੀਆਂ ਗਈਆਂ ਆਈਟਮਾਂ ਇੱਕਠੀਆਂ ਕਰਨ, ਉਨਾਂ ਨੂੰ ਪੈਕ ਕਰਨ ਤੇ ਡਲਿਵਰ ਕਰਨ ਲਈ ਆਪਣਾ ਕਾਫੀ ਸਮਾਂ ਖਰਚ ਕੀਤਾ। ਇਸ ਸਾਲ ਦੀ ਕੈਂਪੇਨ ਲਈ ਅੰਦਾਜ਼ਨ 40 ਕਾਰੋਬਾਰੀਆਂ ਤੇ ਕਮਿਊਨਿਟੀ ਭਾਈਵਾਲਾਂ ਨੇ ਡੋਨੇਟ ਕੀਤਾ। ਇਸ ਮੌਕੇ ਟਾਈਗਰਜੀਤ ਸਿੰਘ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਟਾਈਗਰਜੀਤ ਸਿੰਘ ਜੂਨੀਅਰ ਨੇ ਆਖਿਆ ਕਿ ਕਮਿਊਨਿਟੀ ਦੀ ਸੇਫਟੀ ਤੇ ਭਲਾਈ ਸਾਡੀ ਸੱਭ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਇਹ ਵੇਖ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਕਈ ਲੋਕ ਤੇ ਆਰਗੇਨਾਈਜ਼ੇਸ਼ਨਜ਼ ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਇਸ ਤਰ੍ਹਾਂ ਦੀ ਮੁਹਿੰਮ ਨਾਲ ਜੁੜਦੇ ਹਨ। ਇਸ ਦੌਰਾਨ ਡਿਪਟੀ ਚੀਫ ਰੌਜਰ ਵਿਲਕੀ ਨੇ ਆਖਿਆ ਕਿ ਟਾਈਗਰਜੀਤ ਸਿੰਘ ਫਾਊਂਡੇਸ਼ਨ ਨਾਲ ਕੰਮ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ ਤੇ ਸਾਰੇ ਲੋੜਵੰਦਾਂ ਦੀ ਮਦਦ ਕਰਕੇ ਸਾਨੂੰ ਬਹੁਤ ਵਧੀਆ ਲੱਗਿਆ।

## ਐਨਡੀਪੀ ਆਗੂਆਂ ਨੇ ਫੋਰਡ ਤੋਂ ਵ੍ਹਾਈਟ ਸੁਪਰੀਮੇਸਿਸਟ ਗਰੁੱਪ ਪ੍ਰਾਊਡ ਬੌਇਜ਼ ਦੀ ਨਿਖੇਧੀ ਕਰਨ ਦੀ ਕੀਤੀ ਮੰਗ

...ਪੰਨਾ 1 ਦਾ ਬਾਕੀ

ਇੱਥੋਂ ਤੱਕ ਕਿ ਅਤੀਤ ਵਿੱਚ ਫੋਰਡ ਨੂੰ ਪ੍ਰਾਊਡ ਬੌਏ ਆਫ ਦ ਮੰਥ ਦਾ ਦਰਜਾ ਵੀ ਦਿੱਤਾ ਜਾ ਚੁੱਕਿਆ ਹੈ। ਇਹ ਸਵੀਕਾਰਯੋਗ ਨਹੀਂ ਹੈ।

ਐਨਡੀਪੀ ਆਗੂਆਂ ਨੇ ਆਖਿਆ ਕਿ ਅਸੀਂ ਪ੍ਰੀਮੀਅਰ ਡੱਗ ਫੋਰਡ ਤੋਂ ਮੰਗ ਕਰਦੇ ਹਾਂ ਕਿ ਇਨ੍ਹਾਂ ਪ੍ਰਾਊਡ ਬੌਇਜ਼ ਦੀ ਨਿਖੇਧੀ ਕਰਨ। ਇਸ ਤੋਂ ਇਲਾਵਾ ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਫੋਰਡ ਓਟਵਾ ਵਿਚਲੇ ਅਧਿਕਾਰੀਆਂ ਕੋਲ ਇਹ ਸਪਸ਼ਟ ਕਰਨ ਕਿ ਓਨਟਾਰੀਓ ਦੀ ਸਥਿਤੀ ਨੂੰ ਵੇਖਦਿਆਂ ਹੋਇਆਂ ਪ੍ਰਾਊਡ ਬੌਇਜ਼ ਨੂੰ ਅੱਤਵਾਦੀ ਜਥੇਬੰਦੀ ਐਲਾਨਿਆ ਜਾਵੇ ਤੇ ਇਸ ਨਾਲ ਕੈਨੇਡਾ ਦੀ ਅੱਤਵਾਦ ਵਿਰੋਧੀ ਰਣਨੀਤੀ ਤਹਿਤ ਕਾਰਵਾਈ ਕੀਤੀ ਜਾਵੇ। ਓਨਟਾਰੀਓ ਵਾਸੀ ਹੋਣ ਨਾਤੇ ਸਾਨੂੰ ਸਾਰਿਆਂ ਨੂੰ ਰਲ ਕੇ ਇਸ ਤਰ੍ਹਾਂ ਦੀਆਂ ਜਥੇਬੰਦੀਆਂ ਖਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਕਿ ਅਜਿਹੀਆਂ ਜਥੇਬੰਦੀਆਂ ਦੇ ਹੱਥ ਵਿੱਚ ਸੱਤਾ ਨਾ ਆ ਸਕੇ।



# ਜਾਰਜੀਆ ਵਿੱਚ ਜ਼ਬਰਦਸਤ ਜਿੱਤ ਨਾਲ ਅਮਰੀਕਾ ਦੀ ਸੈਨੇਟ ਉੱਤੇ ਕਾਇਮ ਹੋਇਆ ਡੈਮੋਕ੍ਰੈਟਸ ਦਾ ਦਬਦਬਾ

ਵਾਸ਼ਿੰਗਟਨ, 7 ਜਨਵਰੀ (ਪੋਸਟ ਬਿਊਰੋ) : ਜਾਰਜੀਆ ਦੀਆਂ ਦੋਵੇਂ ਸੈਨੇਟ ਸੀਟਾਂ ਡੈਮੋਕ੍ਰੈਟਸ ਦੀ ਝੋਲੀ ਆ ਪਈਆਂ ਹਨ। ਇਸ ਦੇ ਨਾਲ ਹੀ ਅਮਰੀਕਾ ਦੀ ਸੈਨੇਟ ਵਿੱਚ ਵੀ ਹੁਣ ਡੈਮੋਕ੍ਰੈਟਸ ਦਾ ਦਬਦਬਾ ਹੋ ਗਿਆ ਹੈ। ਇਸ ਨਾਲ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਆਫਿਸ ਵਿੱਚ ਆਪਣੇ ਆਖਰੀ ਦਿਨਾਂ ਵਿੱਚ ਵੱਡਾ ਝਟਕਾ ਲੱਗਿਆ ਹੈ ਜਦਕਿ ਨਵੇਂ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਦੀ ਸਥਿਤੀ ਵਿੱਚ ਹੋਰ ਸੁਧਾਰ ਹੋਇਆ ਹੈ।



ਡੈਮੋਕ੍ਰੈਟਸ ਦੀ ਨੁਮਾਇੰਦਗੀ ਕਰਨ ਵਾਲੇ ਜੌਨ ਓਸੌਫ ਤੇ ਰਫੇਲ ਵਾਰਨੌਕ ਨੇ ਰਿਪਬਲਿਕਨ ਉਮੀਦਵਾਰਾਂ ਡੇਵਿਡ ਪਰਡਿਊ ਤੇ ਕੈਲੀ ਲੋਏਫਲਰ ਨੂੰ ਸ਼ਿਕਸਤ ਦਿੱਤੀ। 1992 ਤੋਂ ਬਾਅਦ ਇਸ ਸਟੇਟ ਉੱਤੇ ਪਰਚਮ ਲਹਿਰਾਉਣ ਵਾਲੇ ਬਾਇਡਨ ਪਹਿਲੇ ਡੈਮੋਕ੍ਰੈਟਿਕ ਉਮੀਦਵਾਰ ਬਣ ਗਏ ਹਨ। ਵਾਰਨੌਕ ਐਟਲਾਂਟਾ ਦੀ ਉਸੇ ਚਰਚ ਵਿੱਚ ਪਾਦਰੀ ਰਹਿ ਚੁੱਕੇ ਹਨ ਜਿੱਥੇ ਸਿਵਲ ਅਧਿਕਾਰਾਂ ਦੀ ਪੈਰਵੀ ਮਾਰਟਿਨ ਲੂਥਰ ਕਿੰਗ ਜੂਨੀਅਰ ਵੱਲੋਂ ਕੀਤੀ ਗਈ ਸੀ। ਜਾਰਜੀਆ ਤੋਂ ਸੈਨੇਟ ਲਈ ਚੁਣੇ ਜਾਣ ਵਾਲੇ ਉਹ ਪਹਿਲੇ ਐਫਰੀਕਨ ਅਮੈਰੀਕਨ ਵੀ ਬਣ ਗਏ ਹਨ।

ਇਸ ਤੋਂ ਇਲਾਵਾ ਓਸੌਫ 33 ਸਾਲ ਦੀ ਉਮਰ ਵਿੱਚ ਪਹਿਲੇ ਯਹੂਦੀ ਸੈਨੇਟਰ ਬਣ ਗਏ ਹਨ। ਉਹ ਸੈਨੇਟ ਦੇ ਸੱਭ ਤੋਂ ਘੱਟ ਉਮਰ ਦੇ ਸੈਨੇਟਰ ਵੀ ਹਨ। ਇਨ੍ਹਾਂ ਦੋਵਾਂ ਆਗੂਆਂ ਦੀ ਜਿੱਤ ਜਾਰਜੀਆ ਦੀ ਸਿਆਸਤ ਵਿੱਚ ਹੋ ਰਹੀ ਤਬਦੀਲੀ ਨੂੰ ਦਰਸਾਉਂਦੀ ਹੈ। ਸਾਲ 2020 ਦੇ ਰੌਲੇ ਰੱਪੇ ਵਾਲੇ ਚੋਣ ਸੀਜ਼ਨ ਵਿੱਚ ਇਸ ਹਫਤੇ ਹੋਈਆਂ ਚੋਣਾਂ ਨੇ ਸਪਸ਼ਟ ਕਰ ਦਿੱਤਾ ਕਿ ਇਸ ਵਾਰੀ ਹਵਾ ਦਾ ਰੁਖ ਡੈਮੋਕ੍ਰੈਟਸ ਵੱਲ ਹੈ।

# ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਕਾਰਨ ਤਿਆਰ ਕੀਤੇ ਜਾ ਰਹੇ ਹਨ ਫੀਲਡ ਹਸਪਤਾਲ



ਟੋਰਾਂਟੋ, 7 ਜਨਵਰੀ (ਪੋਸਟ ਬਿਊਰੋ) : ਪਿਛਲੇ ਹਫਤੇ ਕੋਵਿਡ-19 ਦੇ ਮਾਮਲਿਆਂ ਵਿੱਚ ਕਾਫੀ ਵਾਧਾ ਦਰਜ ਕੀਤਾ ਗਿਆ।ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਇਸ ਨਾਲ ਹਸਪਤਾਲਾਂ ਉੱਤੇ ਵੀ ਬੋਝ ਵਧ ਰਿਹਾ ਹੈ। ਹਾਲਾਤ ਇੱਥੋਂ ਤੱਕ ਨਿੱਘਰ ਚੁੱਕੇ ਹਨ ਕਿ ਕਈ ਰੀਜਨਜ਼ ਫੀਲਡ ਹਸਪਤਾਲ ਤਿਆਰ ਕਰਨ ਲਈ ਮਜਬੂਰ ਹਨ।

ਹੁਣ ਕੈਨੇਡਾ ਦੇ ਹੈਲਥ ਕੇਅਰ ਸਿਸਟਮ ਉੱਤੇ ਪੈ ਰਿਹਾ ਬੋਝ ਜ਼ਾਹਰਾ ਹੋ ਚੁੱਕਿਆ ਹੇ। ਜੋਸਫ ਬ੍ਰੈਂਟ ਹਸਪਤਾਲ ਦੇ ਚੀਫ ਆਫ ਸਟਾਫ ਡਾ. ਇਆਨ ਪ੍ਰੇਰਾ ਨੇ ਆਖਿਆ ਕਿ ਪਿਛਲੇ ਤਿੰਨ ਜਾਂ ਚਾਰ ਹਫਤਿਆਂ ਵਿੱਚ ਹੀ ਅਸੀਂ ਇਹ ਮਹਿਸੂਸ ਕੀਤਾ ਹੈ ਕਿ ਕੋਵਿਡ-19 ਦੇ ਮਾਮਲਿਆਂ ਵਿੱਚ ਤੇ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣ ਦੇ ਮਾਮਲਿਆਂ ਵਿੱਚ ਕਾਫੀ ਵਾਧਾ ਦਰਜ ਕੀਤਾ ਗਿਆ ਹੈ।ਬਰਲਿੰਗਟਨ, ਓਨਟਾਰੀਓ ਵਿੱਚ ਜੋਸਫ ਬ੍ਰੈਂਟ ਹਸਪਤਾਲ ਦੇ ਗ੍ਰਾਊਂਡ ਵਿੱਚ ਅਪਰੈਲ ਵਿੱਚ ਪਹਿਲਾ ਫੀਲਡ ਹਸਪਤਾਲ ਤਿਆਰ ਕੀਤਾ ਗਿਆ ਸੀ।ਇਸ ਨੂੰ ਪੈਨਡੈਮਿਕ ਰਿਸਪਾਂਸ ਯੂਨਿਟ ਦਾ ਨਾਂ ਦਿੱਤਾ ਗਿਆ। ਕਈ ਮਹੀਨਿਆਂ ਤੋਂ ਤਿਆਰ ਖੜ੍ਹੇ ਇਸ ਹਸਪਤਾਲ ਦੀ ਹੁਣ ਤੱਕ ਕਦੀ ਵੀ ਵਰਤੋਂ ਨਹੀਂ ਕੀਤੀ ਗਈ।

16000 ਸਕੁਏਅਰ ਫੁੱਟ ਵਿੱਚ ਬਣੇ ਇਸ ਹਸਪਤਾਲ ਵਿੱਚ 76 ਬੈੱਡ ਹਨ, ਇਸ ਵਿੱਚ ਇਸ ਹਫਤੇ ਤੋਂ ਮਰੀਜ਼ਾਂ ਨੂੰ ਦਾਖਲ ਕੀਤਾ ਜਾਣਾ ਸ਼ੁਰੂ ਹੋਵੇਗਾ। ਇਹ ਕਦਮ ਇਸ ਲਈ ਵੀ ਚੁੱਕਿਆ ਜਾਣਾ ਜ਼ਰੂਰੀ ਸੀ ਕਿਉਂਕਿ ਨਿਰਧਾਰਤ ਸਰਜਰੀਜ਼ ਤੇ ਹੋਰ ਅਹਿਮ ਸੇਵਾਵਾਂ ਲਈ ਵੀ ਰਾਹ ਸਾਫ ਕੀਤਾ ਜਾਣਾ ਬਣਦਾ ਸੀ। ਕੋਵਿਡ-19 ਵੱਲ ਤਵੱਜੋ ਦਿੱਤੇ ਜਾਣ ਕਾਰਨ ਬਾਕੀ ਸੇਵਾਵਾਂ ਉੱਤੇ ਵੀ ਕਾਫੀ ਮਾੜਾ ਅਸਰ ਪਿਆ ਹੈ। ਪ੍ਰੇਰਾ ਨੇ ਦੱਸਿਆ ਕਿ ਫੀਲਡ ਯੂਨਿਟ ਵਿੱਚ ਜਿਨ੍ਹਾਂ ਨੂੰ ਸ਼ਿਫਟ ਕੀਤਾ ਜਾਵੇਗਾ ਉਹ ਕੋਵਿਡ-19 ਦੇ ਉਹ ਮਰੀਜ਼ ਹੋਣਗੇ ਜਿਨ੍ਹਾਂ ਦਾ ਅਸਲ ਹਸਪਤਾਲ ਵਿੱਚ ਪਹਿਲਾਂ ਹੀ ਇਲਾਜ ਕੀਤਾ ਜਾ ਚੁੱਕਿਆ ਹੋਵੇਗਾ ਤੇ ਜਿਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋਵੇਗਾ।ਅਸੀਂ ਇਨ੍ਹਾਂ ਮਰੀਜ਼ਾਂ ਨੂੰ ਇਸ ਲਈ ਇਸ ਫੀਲਡ ਹਸਪਤਾਲ ਵਿੱਚ ਸ਼ਿਫਟ ਕਰਨ ਜਾ ਰਹੇ ਹਾਂ ਤਾਂ ਕਿ ਹੋਰ ਬਿਮਾਰ ਲੋਕਾਂ ਦਾ ਇਲਾਜ ਤੇ ਸਾਂਭ ਸੰਭਾਲ ਸਮੇਂ ਸਿਰ ਕੀਤੀ ਜਾ ਸਕੇ।

ਜ਼ਿਕਰਯੋਗ ਹੈ ਕਿ ਪਿਛਲੇ ਸੱਤ ਦਿਨਾਂ ਵਿੱਚ ਕੈਨੇਡੀਅਨ ਹਸਪਤਾਲਾਂ ਵਿੱਚ ਕੋਵਿਡ-19 ਦੇ 4000 ਮਰੀਜ਼ਾਂ ਦਾ ਇਲਾਜ ਕੀਤਾ ਗਿਆ, ਇਨ੍ਹਾਂ ਵਿੱਚੋਂ 770 ਕ੍ਰਿਟੀਕਲ ਕੇਅਰ ਵਿੱਚ ਹਨ। ਓਕਵਿੱਲ, ਓਨਟਾਰੀਓ ਵਿੱਚ ਇੱਕ ਹਸਪਤਾਲ ਦੀ ਖਾਲੀ ਮੰਜ਼ਿਲ ਉੱਤੇ ਇੱਕ ਇੰਟਰਨਲ ਫੀਲਡ ਹਸਪਤਾਲ ਕਾਇਮ ਕੀਤੇ ਗਏ ਹਸਪਤਾਲ ਵਿੱਚ ਇਸ ਸਮੇਂ ਮਰੀਜ਼ਾਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ।ਐਡਮੰਟਨ ਵਿੱਚ ਯੂਨੀਵਰਸਿਟੀ ਆਫ ਅਲਬਰਟਾ ਦੇ ਕੈਂਪਸ ਦੇ ਅਥਲੈਟਿਕ ਕਾਂਪਲੈਕਸ ਵਿੱਚ ਇੱਕ ਅਜਿਹਾ ਹੀ ਫੀਲਡ ਹਸਪਤਾਲ ਉਸਾਰੀ ਅਧੀਨ ਹੈ। ਇਸ 100 ਬੈੱਡ ਵਾਲੇ ਹਸਪਤਾਲ ਦੀ ਵਰਤੋਂ ਉਸ ਸੂਰਤ ਵਿੱਚ ਕੀਤੀ ਜਾਵੇਗੀ ਜੇ ਹਸਪਤਾਲਾਂ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ।

ਹਾਲਾਤ ਇਹ ਹਨ ਕਿ ਹੁਣ ਮੁਰਦਾਘਰਾਂ ਦੀ ਸਮਰੱਥਾ ਵੀ ਜਵਾਬ ਦੇ ਰਹੀ ਹੈ। ਲੰਡਨ, ਓਨਟਾਰੀਓ ਵਿੱਚ ਰੀਜਨਲ ਮੁਰਦਾਖਾਨੇ ਦੇ ਭਰ ਜਾਣ ਤੋਂ ਬਾਅਦ ਹਸਪਤਾਲ ਅਧਿਕਾਰੀਆਂ ਵੱਲੋਂ ਇੱਕ ਰੈਫਰੀਜਰੇਟਰ ਟਰੇਲਰ ਲਾਸ਼ਾਂ ਨੂੰ ਸਾਂਭਣ ਲਈ ਲਿਆਂਦਾ ਗਿਆ ਹੈ।

# ਨਾਇਗਰਾ ਵਿੱਚ ਪੁਲਿਸ ਵੱਲੋਂ ਇੱਕ ਵਿਅਕਤੀ ਦੀ ਜਾਨ ਲੈਣ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਐਸ ਆਈ ਯੂ

ਨਾਇਗਰਾ, 7 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਨਾਇਗਰਾ ਵਿੱਚ ਪੁਲਿਸ ਵੱਲੋਂ ਗੋਲੀ ਮਾਰ ਕੇ ਇੱਕ ਵਿਅਕਤੀ ਦੀ ਜਾਨ ਲੈਣ ਦੇ ਮਾਮਲੇ ਦੀ ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸ ਆਈ ਯੂ) ਵੱਲੋਂ ਜਾਂਚ ਕੀਤੀ ਜਾ ਰਹੀ ਹੈ।




ਐਸ ਆਈ ਯੂ ਦਾ ਕਹਿਣਾ ਹੈ ਕਿ ਕਿਸੇ ਵਿਅਕਤੀ ਵੱਲੋਂ ਫੋਨ ਕਰਕੇ ਨਾਇਗਰਾ ਪੁਲਿਸ ਨੂੰ ਦੋ ਵਿਅਕਤੀਆਂ ਦੇ ਇੱਕ ਗੱਡੀ ਵਿੱਚ ਸੁੱਤੇ ਹੋਣ ਦੀ ਰਿਪੋਰਟ ਮਗਰੋਂ ਦੁਪਹਿਰੇ 1:30 ਵਜੇ ਲੰਡੀਜ਼ ਲੇਨ ਤੇ ਕੌਰਵਿਨ ਐਵਨਿਊ ਇਲਾਕੇ ਵਿੱਚ ਇੱਕ ਬਿਜ਼ਨਸ ਅਦਾਰੇ ਵਿੱਚ ਸੱਦਿਆ ਗਿਆ।ਐਸ ਆਈ ਯੂ ਅਨੁਸਾਰ ਪੁਲਿਸ ਅਧਿਕਾਰੀਆਂ ਦੇ ਮੌਕੇ ਉੱਤੇ ਪਹੁੰਚਣ ਉਪਰੰਤ ਉਹ ਗੱਡੀ ਉਥੋਂ ਫਰਾਰ ਹੋ ਗਈ। ਪੁਲਿਸ ਨੇ ਗੱਡੀ ਦਾ ਪਿੱਛਾ ਕੀਤਾ ਤੇ ਉਸ ਨੂੰ ਰੋਕਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ। ਨਾਇਗਰਾ ਰਿਵਰ ਪਾਰਕਵੇਅ ਤੇ ਲਾਈਨ 3 ਏਰੀਆ ਵਿੱਚ ਇਹ ਗੱਡੀ ਇੱਕ ਖੱਡ ਵਿੱਚ ਜਾ ਵੜੀ ਤੇ ਰੁਕ ਗਈ। ਐਸ ਆਈ ਯੂ ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਆਖਿਆ ਗਿਆ ਕਿ ਦੋਵਾਂ ਧਿਰਾਂ ਦਰਮਿਆਨ ਗੱਲ ਹੋਈ ਤੇ ਇੱਕ ਪੁਲਿਸ ਅਧਿਕਾਰੀ ਨੇ ਗੋਲੀ ਚਲਾ ਦਿੱਤੀ। ਗੋਲੀ ਇੱਕ ਵਿਅਕਤੀ ਨੂੰ ਲੱਗੀ। ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ 3:35 ਉੱਤੇ ਮ੍ਰਿਤਕ ਐਲਾਨ ਦਿੱਤਾ। ਐਸ ਆਈ ਯੂ ਨੇ ਦੱਸਿਆ ਕਿ ਉਹ ਅਜੇ ਵੀ ਉਸ ਵਿਅਕਤੀ ਦੀ ਸ਼ਨਾਖ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# 14 ਸਾਲਾ ਲੜਕੇ ਨੂੰ ਗੋਲੀ ਮਾਰਨ ਵਾਲੇ ਦੀ ਭਾਲ ਕਰ ਰਹੀ ਹੈ ਪੁਲਿਸ

ਸਕਾਰਬੌਰੋ, 7 ਜਨਵਰੀ (ਪੋਸਟ ਬਿਊਰੋ) : ਸਕਾਰਬੌਰੋ ਵਿੱਚ ਇੱਕ 14 ਸਾਲਾ ਲੜਕੇ ਨੂੰ ਗੋਲੀ ਮਾਰੇ ਜਾਣ ਤੋਂ ਬਾਅਦ ਉਹ ਆਪ ਹੀ ਹਸਪਤਾਲ ਜਾ ਪਹੁੰਚਿਆ। ਇਸ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸ਼ੂਟਿੰਗ ਮੌਰਨਿੰਗਸਾਈਡ ਐਵਨਿਊ ਤੇ ਸੀਵੈਲਜ਼ ਰੋਡ ਨੇੜੇ ਰਾਤੀਂ 1:00 ਵਜੇ ਵਾਪਰੀ। ਘੱਟੋ ਘੱਟ ਪੰਜ ਤੋਂ ਛੇ ਗੋਲੀਆਂ ਦਾਗੀਆਂ ਗਈਆਂ।ਇਹ ਵੀ ਮੰਨਿਆ ਜਾ ਰਿਹਾ ਹੈ ਕਿ ਲੜਕੇ ਨੂੰ ਕੋਈ ਹਸਪਤਾਲ ਛੱਡ ਕੇ ਗਿਆ। ਜਾਂਚਕਾਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਲੜਕੇ ਤੇ ਮਸ਼ਕੂਕ ਦਰਮਿਆਨ ਅਜਿਹਾ ਕੀ ਵਾਪਰਿਆ ਜਿਸ ਤੋਂ ਬਾਅਦ ਇਹ ਗੋਲੀ ਚੱਲੀ।



ਹਸਪਤਾਲ ਵਿੱਚ ਲੜਕੇ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਗੋਲੀ ਉਸ ਦੇ ਹਿੱਪ ਉੱਤੇ ਲੱਗੀ ਤੇ ਉਸ ਦੀ ਜਾਨ ਨੂੰ ਕੋਈ ਖਤਰਾ ਨਹੀਂ ਦੱਸਿਆ ਜਾ ਰਿਹਾ। ਲੜਕੇ ਨੂੰ ਹਸਪਤਾਲ ਲਿਆਉਣ ਵਾਲੇ ਨਾਲ ਵੀ ਜਾਂਚਕਾਰ ਗੱਲ ਕਰਨੀ ਚਾਹੁੰਦੇ ਹਨ। ਪੁਲਿਸ ਇਸ ਸਮੇਂ ਸਿਆਹ ਨਸਲ ਦੇ ਪੁਰਸ਼ ਦੀ ਭਾਲ ਕਰ ਰਹੀ ਹੈ ਜਿਸ ਦਾ ਕੱਦ ਛੇ ਫੁੱਟ ਹੈ ਤੇ ਉਸ ਨੇ ਕਾਲੇ ਰੰਗ ਦੀ ਪਫੀ ਜੈਕੇਟ, ਗ੍ਰੇਅ ਹੁਡੀ, ਕਾਲੀ ਪੈਂਟ ਪਾਈ ਹੋਈ ਸੀ। ਉਸ ਕੋਲ ਕਥਿਤ ਤੌਰ ਉੱਤੇ ਹੈਂਡਗੰਨ ਵੀ ਸੀ।

## ਜਬਰੀ ਵਸੂਲੀ ਵਾਲੇ ਕੇਸ 'ਚ ਗੈਂਗਸਟਰ ਛੋਟਾ ਰਾਜਨ ਦੋਸ਼ੀ ਕਰਾਰ

ਮੁੰਬਈ,7 ਜਨਵਰੀ (ਪੋਸਟ ਬਿਊਰੋ)- ਮੁੰਬਈ ਦੀ ਸੈਸ਼ਨ ਕੋਰਟ ਨੇ ਗੈਂਗਸਟਰ ਛੋਟਾ ਰਾਜਨ ਅਤੇ ਤਿੰਨ ਹੋਰਨਾਂ ਨੂੰ ਜ਼ਬਰੀ ਵਸੂਲੀ ਦੇ ਮਾਮਲੇ 'ਚ 2 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਛੋਟਾ ਰਾਜਨ ਦੇ ਉਪਰ ਸਾਲ 2015 'ਚ ਪਨਵੇਲ ਦੇ ਬਿਲਡਰ ਨੰਦੂ ਵਾਜੇਕਰ ਨੂੰ ਧਮਕਾ ਕੇ 26 ਕਰੋੜ ਦੀ ਜ਼ਬਰੀ ਵਸੂਲੀ ਕਰਨ ਦਾ ਦੋਸ਼ ਹੈ। ਨੰਦੂ ਵਾਜੇਕਰ ਨੇ ਸਾਲ 2015 ਵਿੱਚ ਪੁਣੇ 'ਚ ਜ਼ਮੀਨ ਖ਼ਰੀਦੀ ਸੀ। ਇਸਦੇ ਬਦਲੇ'ਚ ਏਜੰਟ ਪਰਮਾਨੰਦ ਠੱਕਰ (ਜੋ ਵਾਂਟੇਡ ਹੈ) ਨੂੰ 2 ਕਰੋੜ ਰੁਪਏ ਕਮਿਸ਼ਨ ਦੇਣ ਦੀ ਗੱਲ ਤੈਅ ਹੋਈ ਸੀ ਪਰ ਠੱਕਰ ਹੋਰ ਪੈਸੇ ਮੰਗਦਾ ਸੀ, ਜੋ ਵਾਜੇਕਰ ਨੂੰ ਮਨਜ਼ੂਰ ਨਹੀਂ ਸੀ। ਇਸ ਤੋਂ ਬਾਅਦ ਠੱਕਰ ਨੇ ਛੋਟਾ ਰਾਜਨ ਨਾਲ ਸੰਪਰਕ ਕੀਤਾਤੇ ਬਿਲਡਰ ਨੂੰ ਧਮਕਾ ਕੇ 2 ਕਰੋੜ ਤੋਂ ਵੱਧ ਦੀ ਰਕਮ ਵਸੂਲਣ ਦੀ ਬੇਨਤੀ ਕੀਤੀ ਸੀ। ਇਸ ਮਾਮਲੇ 'ਚ ਛੋਟਾ ਰਾਜਨ ਨੇ ਆਪਣੇ ਕੁਝ ਲੋਕਾਂ ਨੂੰ ਵਾਜੇਕਰ ਦੇ ਦਫ਼ਤਰ ਭੇਜਿਆ ਅਤੇ ਉਸ ਨੂੰ ਧਮਕੀ ਦੇਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਲੋਕਾਂ ਨੇ ਕਰੋੜ ਦੇ ਬਦਲੇ ਵਾਜੇਕਰ ਤੋਂ 26 ਕਰੋੜ ਰੁਪਿਆਂ ਦੀ ਮੰਗ ਕੀਤੀ ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਇਸ ਤੋਂ ਡਰ ਦੇ ਵਾਜੇਕਰ ਨੇ ਪਨਵੇਲ ਪੁਲਸ ਨੂੰ ਇਸ ਦੀ ਸ਼ਿਕਾਇਤ ਕੀਤੀ ਤਾਂ ਪੁਲਸ ਨੇ ਜ਼ਬਰਨ ਵਸੂਲੀ ਦਾ ਕੇਸ ਦਰਜ ਕੀਤਾ ਸੀ। ਸੀ ਸੀ ਟੀ ਵੀ ਤੋਂ ਪਤਾ ਲਗਦਾ ਹੈ ਕਿ ਦੋਸ਼ੀ ਉਥੇ ਗਏ ਸਨ। ਇਸ ਮਾਮਲੇ 'ਚ 4 ਦੋਸ਼ੀ ਹਨ, ਜਿਨ੍ਹਾਂ ਦੇ ਨਾਮ ਸੁਰੇਸ਼ ਸ਼ਿੰਦੇ, ਲਕਸ਼ਮਣ ਨਿਕਮ ਉਰਫ਼ ਦਾਦਯਾ, ਸੁਮਿਤ ਵਿਜੇ ਮਹਾਤਰੇ ਅਤੇ ਛੋਟਾ ਰਾਜਨ ਹਨ।

# ਚਾਕੂ ਨਾਲ ਸਕਿਊਰਿਟੀ ਗਾਰਡ ਉੱਤੇ ਕੀਤਾ ਗਿਆ ਹਮਲਾ, ਗਾਰਡ ਦੀ ਸਥਿਤੀ ਨਾਜ਼ੁਕ

ਟੋਰਾਂਟੋ, 7 ਜਨਵਰੀ (ਪੋਸਟ ਬਿਊਰੋ) : ਫਾਇਨਾਂਸ਼ੀਅਲ ਡਿਸਟ੍ਰਿਕਟ ਵਿੱਚ ਸਕਿਊਰਿਟੀ ਗਾਰਡ ਉੱਤੇ ਚਾਕੂ ਨਾਲ ਵਾਰ ਕੀਤੇ ਜਾਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਯੌਰਕ ਤੇ ਵੈਲਿੰਗਟਨ ਸਟਰੀਟਸ ਉੱਤੇ ਦੁਪਹਿਰੇ 3:30 ਉੱਤੇ ਸੱਦਿਆ ਗਿਆ। ਇਹ ਘਟਨਾ ਸਟਰੈਥਕੋਨਾ ਹੋਟਲ ਵਿੱਚ ਵਾਪਰੀ ਮੰਨੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਨੂੰ ਇਹ ਸਕਿਊਰਿਟੀ ਗਾਰਡ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ।ਗਾਰਡ ਆਪਣੇ 20ਵਿਆਂ ਵਿੱਚ ਦੱਸਿਆ ਜਾ ਰਿਹਾ ਹੈ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।




ਇਸ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਨੂੰ ਪੈਦਲ ਹੀ ਫਰਾਰ ਹੁੰਦਿਆਂ ਵੇਖਿਆ ਗਿਆ। ਆਖਰੀ ਵਾਰੀ ਉਸ ਨੂੰ ਵੈਲਿੰਗਟਨ ਉੱਤੇ ਪੱਛਮ ਵੱਲ ਜਾਂਦਿਆਂ ਵੇਖਿਆ ਗਿਆ। ਮਸ਼ਕੂਕ 50 ਸਾਲਾਂ ਦਾ ਏਸ਼ੀਅਨ ਪੁਰਸ਼, ਜਿਸ ਦਾ ਕੱਦ ਪੰਜ ਫੁੱਟ ਨੌਂ ਇੰਚ ਦੱਸਿਆ ਜਾ ਰਿਹਾ ਹੈ, ਜਿਸ ਨੇ ਬੀਜ ਰੰਗ ਦੀ ਪੈਂਟ, ਚਿੱਟੇ ਰੰਗ ਦੀ ਸ਼ਰਟ, ਕਾਲੀ ਜੈਕੇਟ ਪਾਈ ਹੋਈ ਸੀ ਤੇ ਉਸ ਕੋਲ ਕਾਲੇ ਰੰਗ ਦਾ ਬੈਗ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸ਼ਮਸ਼ਾਨ ਘਾਟ ਦੀ ਛੱਤ ਡਿੱਗਣ ਦੇ ਕੇਸ ’ਚ ਤਿੰਨ ਅਧਿਕਾਰੀ ਗ੍ਰਿਫ਼ਤਾਰ

ਗ਼ਾਜ਼ੀਆਬਾਦ, 7 ਜਨਵਰੀ (ਪੋਸਟ ਬਿਊਰੋ)- ਗ਼ਾਜ਼ੀਆਬਾਦ ਪੁਲਸ ਨੇ ਕੱਲ੍ਹ ਇਥੇ ਇੱਕ ਸ਼ਮਸ਼ਾਨ ਘਾਟ ਦੀ ਛੱਤ ਡਿੱਗਣ ਦੇ ਮਾਮਲੇ ਵਿੱਚ ਮੁਰਾਦਨਗਰ ਨਗਰ ਪਾਲਿਕਾ ਦੇ ਤਿੰਨ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਸ ਹਾਦਸੇ ਵਿੱਚ 24 ਲੋਕਾਂ ਦੀ ਮੌਤ ਹੋ ਗਈ ਸੀ। ਪੀੜਤਾਂ ਦੇ ਪਰਵਾਰਾਂ ਨੇ ਦੁਖੀ ਪਰਵਾਰਾਂ ਲਈ ਵੱਧ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੀ ਮੰਗ ਨੂੰ ਲੈ ਕੇ ਦਿੱਲੀ-ਮੇਰਠ ਰਾਜ ਮਾਰਗ ਨੂੰ ਜਾਮ ਕਰ ਦਿੱਤਾ ਸੀ। ਪੁਲਸ ਸੁਪਰਡੈਂਟ (ਦਿਹਾਤੀ) ਈਰਜ ਰਾਜਾ ਦੇ ਮੁਤਾਬਕ ਮੁਰਾਦਨਗਰ ਨਗਰ ਨਿਗਮ ਦੇ ਕਾਰਜਕਾਰੀ ਅਧਿਕਾਰੀ ਨਿਹਾਰਿਕਾ ਸਿੰਘ, ਜੂਨੀਅਰ ਇੰਜੀਨੀਅਰ ਚੰਦਰ ਪਾਲ ਅਤੇ ਸੁਪਰਵਾਈਜ਼ਰ ਅਸ਼ੀਸ਼ ਨੂੰ ਕੱਲ੍ਹ ਸਵੇਰੇ ਗ੍ਰਿਫ਼ਤਾਰ ਕੀਤਾ ਗਿਆ।ਰਾਜਾ ਨੇ ਦਸਿਆ ਕਿ ਪੁਲਸ ਦੀ ਟੀਮ ਠੇਕੇਦਾਰ ਅਜੇ ਤਿਆਗੀ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦੇ ਟਿਕਾਣਿਆਂ 'ਤੇ ਛਾਪੇਮਾਰੀ ਕਰ ਰਹੀ ਹੈ।ਵਰਨਣ ਯੋਗ ਹੈ ਕਿ ਮੁਰਦਾਨ-ਗਰ ਵਿਖੇ ਸ਼ਮਸ਼ਾਨ ਘਾਟ ਵਿੱਚ ਛੱਤ ਡਿੱਗਣ ਨਾਲ 24 ਲੋਕਾਂ ਦੀ ਮੌਤ ਹੋ ਗਈ ਅਤੇ 17 ਹੋਰ ਲੋਕ ਜ਼ਖ਼ਮੀ ਹੋਏ ਸਨ। ਪੀੜਤਾਂ ਵਿੱਚੋਂ ਬਹੁਤੇ ਲੋਕ ਇੱਕ ਵਿਅਕਤੀ ਦੇ ਅੰਤਮ ਸਸਕਾਰ ਲਈ ਸ਼ਮਸ਼ਾਨ ਘਾਟ ਆਏ ਹੋਏ ਸਨ।ਅਧਿਕਾਰੀਆਂ ਨੇ ਦਸਿਆ ਕਿ ਸ਼ਮਸ਼ਾਨ ਘਾਟ ਵਿੱਚ ਜਿਸ ਲਾਂਘੇ ਦੀ ਛੱਤ ਡਿੱਗੀ, ਉਸ ਦਾ ਨਿਰਮਾਣ ਕਾਰਜ ਦੋ ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ। ਇਸ ਲਾਂਘੇ ਨੂੰ ਬਣਾਉਣ ਵਿੱਚ ਲੱਗਭਗ 55 ਕਰੋੜ ਦੀ ਲਾਗਤ ਨਾਲ ਆਈ ਸੀ ਅਤੇ ਇਸ ਨੂੰ 15 ਦਿਨ ਪਹਿਲਾਂ ਹੀ ਆਮ ਲੋਕਾਂ ਲਈ ਖੋਲ੍ਹਿਆ ਗਿਆ ਸੀ।

# ਪਾਕਿਸਤਾਨ ਤੋਂ ਮੈਕਸੀਕੋ ਤੱਕ ਦੇ ਕਈ ਦੇਸ਼ਾਂ ਨੂੰ ਭਾਰਤ ਕੋਲੋਂ ਕੋਰੋਨਾ ਵੈਕਸੀਨ ਦੀ ਝਾਕ

ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਲੜਨ ਲਈ ਵੈਕਸੀਨ ਦੇ ਕਾਰੋਬਾਰ ਵਿੱਚ ਭਾਰਤ ਦੀ ਭੂਮਿਕਾ ਮਹੱਤਵ ਪੂਰਨ ਹੋਣ ਵਾਲੀ ਹੈ। ਪੈਰਾਸਿਟਾਮੋਲ ਤੇ ਹਾਈਡ੍ਰੋਕਸੀ ਕਲੋਰੋਕੁਈਨ (ਐੱਚਸੀਕਿਊ) ਦੀ ਦਵਾਈ ਵਾਂਗ ਦੁਨੀਆ ਦੇ ਕਈ ਦੇਸ਼ ਇਸ ਵਕਤ ਭਾਰਤ ਤੋਂ ਕੋਰੋਨਾ ਵੈਕਸੀਨ ਲੈਣ ਦੀ ਆਸ ਕਰ ਰਹੇ ਹਨ ਅਤੇ ਕਈ ਦੇਸ਼ਾਂ ਨੇ ਸਰਕਾਰੀ ਪੱਧਰ ਉੱਤੇ ਭਾਰਤ ਸਰਕਾਰ ਨਾਲ ਸੰਪਰਕ ਵੀ ਸ਼ੁਰੂ ਕਰ ਦਿੱਤਾ ਹੈ।

ਭਾਰਤ ਵਿੱਚ ਵੈਕਸੀਨ ਲਾਉਣ ਦੀ ਸ਼ੁਰੂਆਤ ਦੇ ਇੱਕ ਮਹੀਨੇ ਅੰਦਰ ਸਰਕਾਰ ਵੈਕਸੀਨ ਐਕਸਪੋਰਟ ਕਰਨ ਦੀ ਆਗਿਆ ਦੇ ਸਕਦੀ ਹੈ ਤੇ ਹਾਲ ਦੀ ਘੜੀ ਇਹ ਐਕਸਪੋਰਟ ਸਰਕਾਰ ਰਾਹੀਂ ਹੋਵੇਗੀ। ਭਾਰਤ ਸਰਕਾਰ ਦੇ ਕਹਿਣ ਉੱਤੇ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਮਿਥੀ ਗਈ ਮਾਤਰਾ ਵਿੱਚ ਦੂਸਰੇ ਦੇਸ਼ਾਂ ਨੂੰ ਵੈਕਸੀਨ ਦੇ ਸਕਣਗੀਆਂ। ਇਸ ਤੋਂ ਪਹਿਲਾਂ ਕੋਰੋਨਾ ਵਾਇਰਸ ਦੇ ਮੁੱਢਲੇ ਇਲਾਜ ਲਈ ਭਾਰਤ ਸਰਕਾਰ ਨੇ 50 ਤੋਂ ਵੱਧ ਦੇਸ਼ਾਂ ਨੂੰ ਪੈਰਾਸਿਟਾਮੋਲ, ਐੱਚਸੀਕਿਊ ਅਤੇ ਹੋਰ ਦਵਾਈਆਂ ਦਿੱਤੀਆਂ ਸਨ। ਭਾਰਤ ਦੇ ਵਪਾਰਅਤੇ ਉਦਯੋਗ ਮੰਤਰਾਲੇ ਦੇ ਸੂਤਰਾਂਦਾ ਇਹ ਕਹਿਣਾ ਹੈਕਿ ਬ੍ਰਾਜ਼ੀਲ ਅਤੇ ਮੈਕਸੀਕੋ ਵਰਗੇ ਦੇਸ਼ਾਂ ਨੇ ਭਾਰਤ ਵਿੱਚ ਬਣੀ ਕੋਰੋਨਾ ਵੈਕਸੀਨ ਬਾਰੇ ਪੁੱਛਗਿੱਛ ਕੀਤੀ ਹੈ। ਕਈ ਹੋਰ ਦੇਸ਼ ਭਾਰਤ ਵਿੱਚ ਵੈਕਸੀਨ ਲੱਗਣ ਦੀ ਸ਼ੁਰੂਆਤ ਦੀ ਉਡੀਕ ਕਰ ਰਹੇ ਹਨ। ਬੰਗਲਾਦੇਸ਼ ਪਹਿਲਾਂ ਤੋਂ ਇਸ ਵੈਕਸੀਨ ਦੀ ਉਡੀਕ ਕਰ ਰਿਹਾ ਹੈ।ਫਾਰਮਾ ਐਕਸਪੋਰਟ ਪ੍ਰਮੋਸ਼ਨਲ ਕੌਂਸਲ ਦੇ ਪ੍ਰਧਾਨ ਦਿਨੇਸ਼ ਦੂਆ ਦੱਸਿਆ ਕਿ ਮੈਕਸੀਕੋ ਤੋਂ ਵੀ ਵੈਕਸੀਨ ਲਈ ਲਗਾਤਾਰ ਫੋਨ ਆ ਰਹੇ ਹਨ ਅਤੇ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਨਾਲ ਸੰਪਰਕ ਕਰਨ ਲਈ ਅਧਿਕਾਰਤ ਜਾਣਕਾਰੀ ਮੰਗੀ ਗਈ ਹੈ।ਮੰਤਰਾਲੇ ਦੇ ਸੂਤਰਾਂਦਾ ਕਹਿਣਾ ਹੈ ਕਿ ਭਾਰਤ ਨਾਲ ਦੋਸਤਾਨਾ ਵਤੀਰਾ ਰੱਖਣ ਵਾਲੇ ਦੇਸ਼ਾਂ ਨੂੰ ਦਵਾਈ ਦੇਣ ਦੀ ਇਜਾਜ਼ਤ ਮਿਲ ਸਕਦੀ ਹੈ।ਇਨ੍ਹਾਂਸੂਤਰਾਂ ਮੁਤਾਬਕ ਕੋਰੋਨਾ ਵੈਕਸੀਨ ਬਾਰੇ ਪਾਕਿਸਤਾਨ ਵੀ ਭਾਰਤੀ ਦਵਾਈ ਕੰਪਨੀਆਂ ਨਾਲ ਸੰਪਰਕ ਦੀ ਕੋਸ਼ਿਸ਼ਕਰ ਰਿਹਾ ਹੈ। ਇਕ ਦਵਾਈ ਕੰਪਨੀ ਦੇ ਮਾਲਕ ਨੇ ਕਿਹਾ ਕਿ ਪਾਕਿਸਤਾਨਦੇ ਦਵਾਈ ਕਾਰੋਬਾਰੀ ਚਾਹੁੰਦੇ ਹਨ ਕਿ ਇਹ ਵੈਕਸੀਨਦੁਬਈ ਤਕ ਪੁਚਾ ਦਿੱਤੀ ਜਾਵੇ, ਉਹ ਖੁਦ ਦੁਬਈ ਤੋਂ ਪਾਕਿਸਤਾਨ ਲਿਜਾਣ ਦਾ ਪ੍ਰਬੰਧ ਕਰ ਲੈਣਗੇ।

# 25ਵੀਂ ਅਮੈਂਡਮੈਂਟ ਰਾਹੀਂ ਪੈਲੋਸੀ ਨੇ ਟਰੰਪ ਨੂੰ ਸੱਤਾ ਤੋਂ ਬਾਹਰ ਕਰਨ ਦੀ ਕੀਤੀ ਮੰਗ

...ਪੰਨਾ 1 ਦਾ ਬਾਕੀ

ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਇਹ ਸੰਭਾਵਨਾਂ ਵੀ ਪ੍ਰਗਟਾਈ ਗਈ ਕਿ ਸੰਵਿਧਾਨ ਦੀ 25ਵੀਂ ਸੋਧ ਦੀ ਧਾਰਾ 4 ਤਹਿਤ ਰਾਸ਼ਟਰਪਤੀ ਨੂੰ ਆਪਣੇ ਹੀ ਮੰਤਰੀ ਮੰਡਲ ਵੱਲੋਂ ਸੱਤਾ ਤੋਂ ਧੱਕੇ ਨਾਲ ਪਾਸੇ ਕੀਤਾ ਜਾ ਸਕਦਾ ਹੈ।ਪੈਲੋਸੀ ਨੇ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਉਹ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਤੇ ਹੋਰਨਾਂ ਕੈਬਨਿਟ ਮੰਤਰੀਆਂ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੀ ਹੈ। ਇਸ ਲਈ ਪੈਲੋਸੀ ਨੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਤੇ ਖਜ਼ਾਨਾ ਮੰਤਰੀ ਸਟੀਵ ਮਨੁਚਿਨ ਨੂੰ ਵੀ ਨਾਂ ਲੈ ਕੇ ਕਾਰਵਾਈ ਅੱਗੇ ਤੋਰਨ ਲਈ ਆਖਿਆ।

ਪੈਲੋਸੀ ਨੇ ਆਖਿਆ ਕਿ ਕੀ ਇਹ ਸੱਭ ਲੋਕ ਇਸ ਖਤਰਨਾਕ ਵਿਅਕਤੀ ਨੂੰ ਅਗਲੇ 13 ਦਿਨਾਂ ਲਈ ਆਫਿਸ ਵਿੱਚ ਰੱਖ ਕੇ ਸਾਡੇ ਦੇਸ਼ ਨੂੰ ਹੋਰ ਨੁਕਸਾਨ ਪਹੁੰਚਾਉਣ ਦੇਣਾ ਚਾਹੁੰਦੇ ਹਨ? ਬੁੱਧਵਾਰ ਨੂੰ ਟਰੰਪ ਸਮਰਥਕਾਂ ਵੱਲੋਂ ਵੱਡੀ ਗਿਣਤੀ ਵਿੱਚ ਕੈਪੀਟਲ ਹਿੱਲ ਉੱਤੇ ਧਾਵਾ ਬੋਲ ਕੇ ਉੱਥੇ ਤਬਾਹੀ ਮਚਾਈ ਗਈ ਤੇ ਸੰਪਤੀ ਦਾ ਨੁਕਸਾਨ ਕੀਤਾ ਗਿਆ। ਰਾਸ਼ਟਰਪਤੀ ਟਰੰਪ ਵੱਲੋਂ ਹੀ ਆਪਣੇ ਸਮਰਥਕਾਂ ਨੂੰ ਮੁਜ਼ਾਹਰਾ ਕਰਨ ਲਈ ਆਖਿਆ ਗਿਆ ਸੀ। ਟਰੰਪ ਜੋਅ ਬਾਇਡਨ ਦੀ ਹੋਈ ਜਿੱਤ ਸਬੰਧੀ ਚੋਣਾਂ ਦੇ ਫੈਸਲੇ ਨੂੰ ਪਲਟਾਉਣਾ ਚਾਹੁੰਦੇ ਸਨ।

ਪੈਲੋਸੀ ਨੇ ਆਖਿਆ ਕਿ ਹਾਲਾਤ ਇੱਥੋਂ ਤੱਕ ਨਿੱਘਰ ਗਏ ਹਨ ਕਿ ਹੁਣ ਟਰੰਪ ਨੂੰ ਅਗਾਂਹ ਕੋਈ ਵੀ ਹੋਰ ਫੈਸਲਾ ਲੈਣ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਜੇ ਕੈਬਨਿਟ ਨੇ ਹੁਣ ਕਾਰਵਾਈ ਨਾ ਕੀਤੀ ਤਾਂ ਹਾਊਸ ਨੂੰ ਕਾਰਵਾਈ ਕਰਨੀ ਹੋਵੇਗੀ। ਪਰ ਇਹ ਵੀ ਪਤਾ ਲੱਗਿਆ ਹੇ ਕਿ ਅਜੇ ਤੱਕ ਇਸ ਮੂਵ ਦਾ ਕਿਸੇ ਵੱਲੋਂ ਸਮਰਥਨ ਨਹੀਂ ਕੀਤਾ ਗਿਆ।

# ਪੀਅਰਸਨ ਏਅਰਪੋਰਟ ਉੱਤੇ ਪਹੁੰਚਣ ਵਾਲੇ ਕੌਮਾਂਤਰੀ ਟਰੈਵਲਰਜ਼ ਦੇ ਕੀਤੇ ਜਾਣਗੇ ਮੁਫਤ ਕੋਵਿਡ-19 ਟੈਸਟ

...ਪੰਨਾ 1 ਦਾ ਬਾਕੀ

ਫੋਰਡ ਉਦੋਂ ਤੋਂ ਇਸ ਲਈ ਹੋਰ ਦਬਾਅ ਪਾ ਰਹੇ ਹਨ ਜਦੋਂ ਤੋਂ ਯੂਨਾਈਟਿਡ ਕਿੰਗਡਮ ਵਿੱਚ ਇਸ ਵਾਇਰਸ ਦੇ ਨਵੇਂ ਸਟਰੇਨ ਮਿਲੇ ਹਨ। ਫੋਰਡ ਨੇ ਆਖਿਆ ਕਿ ਬੁੱਧਵਾਰ ਤੋਂ ਸ਼ੁਰੂ ਕਰਕੇ ਪ੍ਰੋਵਿੰਸ ਵੱਲੋਂ ਓਨਟਾਰੀਓ ਪਹੁੰਚਣ ਵਾਲੇ ਕੌਮਾਂਤਰੀ ਟਰੈਵਲਰਜ਼ ਲਈ ਅਗਲੇ 14 ਦਿਨਾਂ ਵਾਸਤੇ ਮੁਫਤ ਕੋਵਿਡ-19 ਸੈਂਪਲਿੰਗ ਕੀਤੀ ਜਾਵੇਗੀ।

ਉਨ੍ਹਾਂ ਆਖਿਆ ਕਿ ਹਰ ਹਫਤੇ 60,000 ਤੋਂ ਵੀ ਵੱਧ ਕੌਮਾਂਤਰੀ ਯਾਤਰੀ ਪੀਅਰਸਨ ਏਅਰਪੋਰਟ ਉੱਤੇ ਆਉਂਦੇ ਹਨ, ਇਸ ਲਈ ਅਸੀਂ ਕਿਸੇ ਵੀ ਤਰ੍ਹਾਂ ਦਾ ਖਤਰਾ ਮੁੱਲ ਨਹੀਂ ਲੈ ਸਕਦੇ। ਇਸੇ ਲਈ ਸਾਡੇ ਵੱਲੋਂ ਇਸ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਪ੍ਰੀਮੀਅਰ ਨੇ ਸਾਰੇ ਟਰੈਵਲਰਜ਼ ਨੂੰ ਇਹ ਟੈਸਟ ਕਰਵਾਉਣ ਦੀ ਅਪੀਲ ਕੀਤੀ। ਸਰਕਾਰ ਦਾ ਕਹਿਣਾ ਹੈ ਕਿ ਇਸ ਪਾਇਲਟ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਯਾਤਰੀਆਂ ਦਾ ਪੌਲੀਮਰੇਜ਼ ਚੇਨ ਰਿਐਕਸ਼ਨ (ਪੀ ਸੀ ਆਰ) ਟੈਸਟ ਮੁਫਤ ਕੀਤਾ ਜਾਵੇਗਾ ਤੇ ਇਸ ਪ੍ਰੋਗਰਾਮ ਦੀ ਨਿਗਰਾਨੀ ਹੈਲਥ ਕੇਅਰ ਪ੍ਰੋਵਾਈਡਰ ਵੱਲੋਂ ਇਨ ਪਰਸਨ ਜਾਂ ਵੀਡੀਓ ਰਾਹੀਂ ਕੀਤੀ ਜਾਵੇਗੀ।

ਟੈਸਟ ਦੇ ਨਤੀਜੇ 48 ਘੰਟਿਆਂ ਦੇ ਅੰਦਰ ਅੰਦਰ ਆ ਜਾਣਗੇ ਤੇ ਸਾਰੇ ਪਾਜ਼ੀਟਿਵ ਟੈਸਟਸ ਦਾ ਫੌਲੋ ਅੱਪ ਲੋਕਲ ਪਬਲਿਕ ਹੈਲਥ ਯੂਨਿਟਸ ਵੱਲੋਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਹ ਟੈਸਟ ਭਾਵੇਂ ਨੈਗੇਟਿਵ ਰਹਿੰਦਾ ਹੈ ਜਾਂ ਪਾਜ਼ੀਟਿਵ ਕੈਨੇਡਾ ਪਹੁੰਚਣ ਜਾਂ ਪਰਤਣ ਵਾਲੇ ਸਾਰੇ ਯਾਤਰੀਆਂ ਨੂੰ 14 ਦਿਨਾਂ ਲਈ ਕੁਆਰਨਟੀਨ ਕਰਨਾ ਹੀ ਹੋਵੇਗਾ।ਇੱਥੇ ਇਹ ਵੀ ਦੱਸਿਆ ਜਾਣਾ ਬਣਦਾ ਹੈ ਕਿ ਓਨਟਾਰੀਓ ਦੇ ਇਸ ਪਾਇਲਟ ਪ੍ਰੋਗਰਾਮ ਦੇ ਨਾਲ ਨਾਲ ਹਵਾਈ ਰਸਤੇ ਰਾਹੀਂ ਕੈਨੇਡਾ ਦਾਖਲ ਹੋਣ ਵਾਲੇ ਟਰੈਵਲਰਜ਼ ਨੂੰ ਆਪਣੇ ਨਾਲ ਪਿਛਲੇ 72 ਘੰਟਿਆਂ ਵਿੱਚ ਕਰਵਾਏ ਗਏ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਦੇ ਸਬੂਤ ਵੀ ਪੇਸ਼ ਕਰਨੇ ਹੋਣਗੇ।

## ਵਿਜੀਲੈਂਸ ਨੇ ਦਸੰਬਰ ਮਹੀਨੇ ਦੌਰਾਨ ਰਿਸ਼ਵਤ ਦੇ 6 ਮਾਮਲਿਆਂ ਵਿੱਚ 7 ਅਧਿਕਾਰੀ ਕੀਤੇ ਕਾਬੂ

ਚੰਡੀਗੜ, 7 ਜਨਵਰੀ (ਗਿਆਨ ਸਿੰਘ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਵਿਆਪਕ ਮੁਹਿੰਮ ਤਹਿਤ ਦਸੰਬਰ ਮਹੀਨੇ ਦੌਰਾਨ 6 ਵੱਖ-ਵੱਖ ਮਾਮਲਿਆਂ ਵਿੱਚ ਰਿਸ਼ਵਤ ਲੈਂਦੇ 7 ਦੋਸ਼ੀ ਕਰਮਚਾਰੀਆਂ ਨੂੰ ਰੰਗੇ ਹੱਥੀਂ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਜਿਸ ਵਿੱਚ ਮਾਲ ਵਿਭਾਗ ਦੇ 3 ਕਰਮਚਾਰੀ ਸ਼ਾਮਲ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਪੰਜਾਬ ਦੇ ਮੁੱਖ ਡਾਇਰੈਕਟਰ-ਕਮ-ਡੀ.ਜੀ.ਪੀ. ਬੀ.ਕੇ. ਉੱਪਲ ਨੇ ਕਿਹਾ ਕਿ ਬਿਊਰੋ ਨੇ ਇਸ ਸਮੇਂ ਦੌਰਾਨ ਸਰਕਾਰੀ ਅਤੇ ਹੋਰ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਦੇ ਮੁਕੰਮਲ ਖਾਤਮੇ ਲਈ ਆਪਣੇ ਸੁਹਿਰਦ ਯਤਨ ਕੀਤੇ ਹਨ। ਇਸ ਤਹਿਤ ਵਿਜੀਲੈਂਸ ਅਧਿਕਾਰੀਆਂ ਨੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਕੋਈ ਵੀ ਸ਼ੱਕੀ ਵਿਅਕਤੀ ਸੂਬੇ ਦੀਆਂ ਵੱਖ ਵੱਖ ਅਦਾਲਤਾਂ ਵਿੱਚ ਨਿਆਂਇਕ ਸਜਾ ਤੋਂ ਬੱਚ ਕੇ ਨਾ ਨਿੱਕਲ ਸਕੇ।ਉਨ੍ਹਾਂ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਦੌਰਾਨ ਵੱਖ ਵੱਖ ਅਦਾਲਤਾਂ ਵਿੱਚ 15 ਵਿਜੀਲੈਂਸ ਮਾਮਲਿਆਂ ਦੇ ਸਬੰਧ ਵਿੱਚ ਚਲਾਨ ਪੇਸ਼ ਕੀਤੇ ਹਨ। ਇਸੇ ਸਮੇਂ ਦੌਰਾਨ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕਰਨ ਦੇ ਮੱਦੇਨਜ਼ਰ ਪੰਜ ਵਿਜੀਲੈਂਸ ਕੇਸ ਦਰਜ ਕੀਤੇ ਗਏ। ਇਸ ਤੋਂ ਇਲਾਵਾ ਵਿਜੀਲੈਂਸ ਪੜਤਾਲਾਂ ਦੇ ਅਧਾਰ ‘ਤੇ ਛੇ ਕੇਸ ਵੀ ਦਰਜ ਕੀਤੇ ਗਏ ਹਨ।

## ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਦੀ ਪਤਨੀ ਦੀ ਈ ਡੀ ਦਫ਼ਤਰ ਵਿਚ ਪੁੱਛ ਗਿੱਛ

ਮੁੰਬਈ, 7 ਜਨਵਰੀ (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਦੀ ਪਤਨੀ ਵਰਸ਼ਾ ਰਾਊਤ ਕੱਲ੍ਹ ਬਾਅਦ ਦੁਪਹਿਰ ਕਰੀਬ ਤਿੰਨ ਵਜੇ ਦੱਖਣੀ ਮੁੰਬਈ ਵਿਚ ਬਲਾਰਡ ਪੀ ਆਰ ਵਿਚਲੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਦਫ਼ਤਰ ਪਹੁੰਚੀ ਜਿੱਥੇ ਉਸ ਤੋਂ ਪੁੱਛਗਿੱਛ ਕੀਤੀ ਗਈ।

ਈ ਡੀ ਨੇ ਪੰਜਾਬ ਅਤੇ ਮਹਾਰਾਸ਼ਟਰ ਸਹਿਕਾਰੀ (ਪੀ ਐਮ ਸੀ) ਬੈਂਕ ਜਾਅਲਸਾਜ਼ੀ ਕੇਸ ਵਿੱਚ ਗ੍ਰਿਫ਼ਤਾਰ ਇੱਕ ਦੋਸ਼ੀ ਪ੍ਰਵੀਨ ਰਾਊਤ ਦੇ ਖਾਤੇ ਵਿੱਚੋਂ ਫੰਡਾਂ ਦੇ ਤਬਾਦਲੇ ਦੇ ਮਾਮਲੇ ਵਿੱਚ ਵਰਸ਼ਾ ਰਾਊਤ ਨੂੰ ਤਲਬ ਕੀਤਾ ਸੀ।ਕੇਂਦਰੀ ਜਾਂਚ ਏਜੰਸੀ ਨੇ ਦੋਸ਼ ਲਾਇਆ ਹੈ ਕਿ ਪ੍ਰਵੀਨ ਰਾਊਤ ਨੇ ਕਰਜ਼ੇ ਦੇ ਨਾਂ ਉਤੇ ਬੈਂਕ ਨਾਲ 95 ਕਰੋੜ ਦਾ ਘਪਲਾ ਕੀਤਾ। ਇਸ ਵਿੱਚੋਂ 1.6 ਕਰੋੜ ਰੁਪਏ ਉਨ੍ਹਾਂ ਨੇ ਆਪਣੀ ਪਤਨੀ ਮਾਧੁਰੀ ਨੂੰ ਦਿੱਤੇ ਜਿਸ ਨੇ ਅੱਗੇ ਵਿਆਜ ਮੁਕਤ ਕਰਜ਼ੇ ਵਜੋਂ 2 ਵਾਰ ਵਰਸ਼ਾ ਰਾਓਤ ਨੂੰ 55 ਲੱਖ ਰੁਪਏ ਦਿੱਤੇ।

## ਅਮਰੀਕਾ ਵੱਲੋਂ ਰੂਸ ਉੱਤੇ ਸੂਚਨਾਵਾਂ ਦੀ ਚੋਰੀ ਕਰਨ ਵਾਸਤੇ ਹੈਕਿੰਗ ਕਰਵਾਉਣ ਦਾ ਦੋਸ਼

ਸਾਨ ਫਰਾਂਸਿਸਕੋ, 7 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੀ ਖੁਫੀਆ ਏਜੰਸੀ ਨੇ ਕਿਹਾ ਹੈ ਕਿ ਸਰਕਾਰੀ ਏਜੰਸੀਆਂ ਦੇ ਕੰਪਿਊਟਰਾਂ ਵਿੱਚ ਹੈਕਿੰਗ ਹੋਣ ਦੇਪਿੱਛੇਰੂਸ ਦਾ ਹੱਥ ਹੈ ਅਤੇ ਇਨ੍ਹਾਂ ਹੈਕਿੰਗ ਕਰਨ ਵਾਲਿਆਂ ਦਾ ਮਕਸਦ ਨੁਕਸਾਨ ਪਹੁੰਚਾਉਣਾ ਨਹੀਂ, ਕੁਝ ਖਾਸ ਜਾਣਕਾਰੀ ਚੋਰੀ ਕਰਨਾ ਸੀ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਇਸ ਤਰ੍ਹਾਂ ਦਾ ਅਧਿਕਾਰਤ ਬਿਆਨ ਜਾਰੀ ਕਰ ਕੇ ਰੂਸ ਉੱਤੇਪਹਿਲੀ ਵਾਰ ਦੋਸ਼ ਲਾਇਆ ਹੈ।ਰਾਸ਼ਟਰਪਤੀ ਚੋਣ ਤੇ ਕੋਰੋਨਾ ਮਹਾਮਾਰੀ ਦੌਰਾਨਅਮਰੀਕਾ ਦੀਆਂ ਕੁਝ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਨੂੰ ਹੈਕਰਾਂ ਦੇ ਗਰੁੱਪਾਂ ਨੇ ਕਈ ਵਾਰ ਨਿਸ਼ਾਨਾ ਬਣਾਇਆ ਸੀ। ਇਸ ਬਾਰੇ ਅਮਰੀਕਾ ਦੇ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਨੇ ਬਿਆਨ ਜਾਰੀ ਕੀਤਾ ਹੈ ਕਿਹੈਕਿੰਗ ਦੇਪਿੱਛੇਰੂਸ ਹੈ। ਇਸ ਬਾਰੇ ਇਸ ਏਜੰਸੀ ਤੋਂ ਇਲਾਵਾ ਐਫਬੀ ਆਈ, ਨੈਸ਼ਨਲ ਸਕਿਓਰਟੀ ਏਜੰਸੀ, ਸਾਈਬਰ ਸਕਿਓਰਟੀ ਆਦਿ ਨੇ ਸਾਂਝੀ ਜਾਂਚ ਕੀਤੀ ਤੇ ਸਾਰੀਆਂ ਏਜੰਸੀਆਂ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਹੈਕਰਾਂ ਦਾ ਨਿਸ਼ਾਨਾ ਸੂਚਨਾਵਾਂ ਚੋਰੀ ਕਰਨ ਦਾ ਸੀ। ਜਾਂਚ ਵਿੱਚ ਹੈਕਿੰਗ ਕਰਨ ਵਾਲੀਆਂ ਕੰਪਨੀਆਂ ਦੀ ਗਿਣਤੀ 10 ਤੋਂ ਵੀ ਘੱਟ ਦੱਸੀ ਗਈ ਤੇ ਇਹ ਬਹੁਤੀਆਂਰੂਸ ਦੀਆਂ ਨਿਕਲੀਆਂ ਹਨ। ਟਰੰਪ ਸਰਕਾਰਨੇ ਇਸ ਪਹਿਲੇ ਸਰਕਾਰੀ ਬਿਆਨ ਵਿੱਚ ਹੈਕਿੰਗ ਲਈਸਿੱਧਾਰੂਸ ਨੂੰ ਜ਼ਿੰਮੇਵਾਰ ਦੱਸਿਆ ਹੈ। ਇਸਤੋਂ ਪਹਿਲਾਂ ਵਿਦੇਸ਼ ਮੰਤਰੀ ਮਾਈਕ ਪੌਂਪੀਓ ਖੁਦਰੂਸ ਉੱਤੇ ਦੋਸ਼ ਲਾ ਚੁੱਕੇ ਹਨ।

## ਅੱਜ ਨਾਮਾ

ਖਿਲਾਰ ਗਿਆ ਖੇਹ ਟਰੰਪ ਹੈ ਬੜੀ ਵੱਡੀ,
ਆਇਆ ਆਦਤੋਂ ਫੇਰ ਨਹੀਂ ਬਾਜ਼ ਬੇਲੀ।
ਪਹਿਲਾਂ ਹਾਰ ਕੇ ਚੋਣ ਉਹ ਮੰਨਿਆ ਨਹੀਂ,
ਕਰਦਾ ਰਿਹਾ ਸੀ ਬਹੁਤ ਇਤਰਾਜ਼ ਬੇਲੀ।
ਪਿੱਛੋਂ ਚੇਲਿਆਂ ਨੂੰ ਕਹਿੰਦਾ ਮੰਨਿਓਂ ਨਹੀਂ,
ਨਤੀਜੇ ਰੋਕਣ ਲਈ ਚੁੱਕੋ ਆਵਾਜ਼ ਬੇਲੀ।
ਭੜਕਾਈ ਭੀੜ ਤੇ ਆਪ ਫਿਰ ਰੋਲ ਦਿੱਤਾ,
ਜਿਹੜੇ ਸਿਸਟਮ'ਤੇ ਬੜਾ ਸੀ ਨਾਜ਼ ਬੇਲੀ।
ਬਦਨਾਮੀ ਪਹਿਲਾਂ ਵੀ ਨਹੀਂ ਸੀ ਘੱਟ ਹੋਈ,
ਰਹਿੰਦੀ ਕਾਲਖ ਵੀ ਗਿਆ ਉਹ ਖੱਟ ਬੇਲੀ।
ਜਿਹੜੀ ਟੀਮ ਸੀ ਅਜੇ ਤੱਕ ਨਾਲ ਉਸ ਦੇ,
ਉਹ ਵੀ ਆਖਰ ਨੂੰ ਪਾਸੇ ਗਈ ਵੱਟ ਬੇਲੀ।

**ਤੀਸ ਮਾਰ ਖਾਂ**

ਕੋਰੋਨਾ ਵਾਇਰਸ ਦਾ ਬਹਾਨਾ ਬਣਨ ਲੱਗਾ

# ਸੁਪਰੀਮ ਕੋਰਟ ਨੇ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਇਕੱਠਹੋਣ ਉੱਤੇ ਚਿੰਤਾ ਦਿਖਾਈ

ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਦੁਆਲੇ ਵੱਡੀ ਗਿਣਤੀਵਿੱਚ ਕਿਸਾਨਾਂ ਦੇ ਇਕੱਠ ਉੱਤੇਸੁਪਰੀਮ ਕੋਰਟ ਨੇ ਚਿੰਤਾ ਪ੍ਰਗਟਾਈ ਅਤੇ ਕੇਂਦਰ ਸਰਕਾਰ ਨੂੰ ਪੁੱਛਿਆ ਹੈ ਕਿ ਕੋਵਿਡ-19 ਦਾ ਧਿਆਨਰੱਖ ਕੇ ਉਨ੍ਹਾਂ ਦੀ ਸੁਰੱਖਿਆ ਦੇ ਕੀ ਉਪਾਅ ਕੀਤੇ ਗਏ ਹਨ।

ਅੱਜ ਵੀਰਵਾਰ ਨੂੰ ਸੁਪਰੀਮ ਕੋਰਟ ਵਿੱਚਇਸ ਬਾਰੇ ਸੁਣਵਾਈ ਵੇਲੇ ਕਿਹਾ ਗਿਆ ਸੀ ਕਿ ਜਿਸ ਤਰ੍ਹਾਂ ਇਕ ਸਾਲ ਪਹਿਲਾਂ ਲਾਕਡਾਊਨ ਦੇ ਐਲਾਨ ਦੇ ਬਾਅਦ ਵੱਡੀ ਗਿਣਤੀਵਿੱਚ ਤਬਲੀਗੀ ਜਮਾਤ ਦੇ ਲੋਕ ਨਿਜ਼ਾਮੂਦੀਨ ਮਰਕਜ਼ਵਿੱਚ ਇਕੱਠੇ ਹੋ ਗਏ ਤੇ ਕੋਰੋਨਾ ਫੈਲ ਗਿਆ ਸੀ, ਉਸ ਤਰ੍ਹਾਂ ਇਸ ਵੇਲੇ ਖਤਰਾ ਹੈ। ਇਸ ਉੱਤੇ ਚੀਫ ਜਸਟਿਸ ਐੱਸ ਏ ਬੋਬਡੇ ਦੀ ਅਗਵਾਈਵਾਲੇ ਬੈਂਚ ਨੇ ਕਿਹਾ ਕਿ ਇਹ



ਸਮੱਸਿਆ ਕਿਸਾਨ ਅੰਦੋਲਨ ਤੋਂ ਹੋ ਸਕਦੀ ਹੈ। ਉਨ੍ਹਾ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਕਿਸਾਨਾਂ ਦੇ ਕੋਵਿਡ-19 ਤੋਂ ਬਚਾਅ ਲਈ ਉਪਾਅ ਕੀਤੇ ਹਨ ਜਾਂ ਨਹੀਂ। ਇਸਬੈਂਚਵਿੱਚ ਜਸਟਿਸ ਏ ਐੱਸ ਬੋਪੰਨਾ ਅਤੇ ਵੀ ਜਸਟਿਸ ਰਾਮਾਸੁਬਰਾਮਣੀਅਨ ਵੀ ਹਨ। ਬੈਂਚ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਸ ਦੇ ਉਪਾਅ ਨਹੀਂ ਕੀਤੇ ਗਏ। ਮਹਿਤਾ ਨੇ ਕਿਹਾ ਕਿ ਉਹ ਦੋ ਹਫ਼ਤੇਵਿੱਚ ਰਿਪੋਰਟ ਪੇਸ਼ ਕਰ ਕੇ ਦੱਸਣਗੇ ਕਿ ਇਸ ਮਾਮਲੇ ਵਿੱਚ ਕੀ ਕੀਤਾ ਗਿਆ ਅਤੇ ਕੀ ਕੁਝ ਹੋਰ ਕੀਤਾ ਜਾਣਾ ਚਾਹੀਦਾ ਹੈ।

ਵਕੀਲ ਸੁਪ੍ਰਿਆ ਪੰਡਿਤਾ ਵੱਲੋਂਇਹ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਗਿਆ ਹੈ ਕਿ ਦਿੱਲੀ ਪੁਲਿਸ ਲੋਕਾਂ ਦੇ ਇਕੱਠ ਨੂੰ ਰੋਕਣਤੋਂ ਨਾਕਾਮ ਰਹੀ ਤੇ ਨਿਜ਼ਾਮੂਦੀਨ ਮਰਕਜ਼ ਦਾ ਮੁਖੀ ਮੌਲਾਨਾ ਸਾਦ ਹਾਲੇ ਤਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਪਟੀਸ਼ਨਰਵੱਲੋਂ ਪੇਸ਼ ਹੋਏ ਵਕੀਲ ਓਮ ਪ੍ਰਕਾਸ਼ ਪਰਿਹਾਰ ਨੇ ਕਿਹਾ ਕਿ ਮੌਲਾਨਾ ਸਾਦ ਦੇ ਟਿਕਾਣੇ ਬਾਰੇ ਕੇਂਦਰ ਸਰਕਾਰ ਨੇ ਹਾਲੇ ਤਕ ਬਿਆਨ ਜਾਰੀ ਨਹੀਂ ਕੀਤਾ। ਬੈਂਚ ਨੇ ਪਰਿਹਾਰ ਨੂੰ ਪੁੱਛਿਆ, 'ਤੁਸੀਂ ਇਕ ਖ਼ਾਸ ਵਿਅਕਤੀਵਿੱਚ ਕਿਉਂ ਦਿਲਚਸਪੀ ਲੈ ਰਹੇ ਹੋ? ਅਸੀਂ ਕੋਵਿਡ-19 ਮੁੱਦੇ ਉੱਤੇ ਵਿਚਾਰ ਕਰ ਰਹੇ ਹਾਂ। ਤੁਸੀਂ ਵਿਵਾਦ ਕਿਉਂ ਚਾਹੁੰਦੇ ਹੋ? ਅਸੀਂ ਚਾਹੁੰਦੇ ਹਾਂ ਕਿ ਕੋਵਿਡ ਗਾਈਡਲਾਈਨਾਂ ਦੀ ਪਾਲਣਾ ਕੀਤੀ ਜਾਵੇ।'ਕੋਰਟ ਨੇ ਇਸ ਕੇਸਵਿੱਚ ਰਸਮੀ ਨੋਟਿਸ ਜਾਰੀ ਕੀਤਾ, ਜਿਸ ਮਗਰੋਂ ਮਹਿਤਾ ਨੇ ਕਿਹਾ ਕਿ ਉਹ ਇਸ ਬਾਰੇ ਰਿਪੋਰਟ ਪੇਸ਼ ਕਰਨਗੇ।

# ਘਰੇਲੂ ਔਰਤਾਂ ਦੀ ਕਾਲਪਨਿਕ ਆਮਦਨੀ ਤੇ ਤਿਆਗ ਬਾਰੇ ਕਾਨੂੰਨ ਦੀ ਸੋਧ ਦਾ ਸੰਕੇਤ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇੱਕ ਮਹੱਤਵਪੂਰਨ ਵਿਵਸਥਾ ਵਿੱਚ ਕਿਹਾ ਹੈ ਕਿ ਮੁਆਵਜ਼ੇ ਨਾਲ ਸਬੰਧਤ ਕੇਸ, ਵਿਸ਼ੇਸ਼ ਕਰਕੇ ਸੜਕ ਦੁਰਘਟਨਾਵਾਂ ਦੇ ਦਾਅਵਿਆਂ ਵਿੱਚ ਘਰੇਲੂ ਔਰਤਾਂ ਦੀ ਕਾਲਪਨਿਕ ਆਮਦਨੀ ਨਿਰਧਾਰਤ ਕਰਨਾ ਸਮਾਜ ਲਈ ਸੰਕੇਤ ਹੈ ਕਿ ਕਾਨੂੰਨ ਅਤੇ ਅਦਾਲਤਾਂ ਉਨ੍ਹਾਂ ਦੀ ਆਮਦਨੀ, ਸੇਵਾਵਾਂ ਅਤੇ ਤਿਆਗ ਦਾ ਮਹੱਤਵ ਸਮਝਦੀਆਂ ਹਨ। ਅਦਾਲਤ ਨੇ ਇੱਕ ਸਰਵੇ ਦਾ ਨੋਟਿਸ ਲੈਂਦੇ ਹੋਏ ਕਿਹਾ ਕਿ ਔਰਤਾਂ ਘਰ ਦੇ ਮੈਂਬਰਾਂ ਨੂੰ ਬਗੈਰ ਆਮਦਨ ਦੇ ਸੇਵਾਵਾਂ ਦੇਣ ਵਿੱਚ ਪੁਰਸ਼ਾਂ ਦੀ ਤੁਲਨਾ ਵਿੱਚ ਕਿਤੇ ਵੱਧ ਸਮਾਂ ਦਿੰਦੀਆਂ ਹਨ।

ਜਸਟਿਸ ਐਨ ਵੀ ਰਮਨ, ਜਸਟਿਸ ਐਸ ਅਬਦੁਲ ਨਜ਼ੀਰ ਅਤੇ ਜਸਟਿਸ ਸੂਰਜ ਕਾਂਤ ਦੀ ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਘਰੇਲੂ ਔਰਤਾਂ ਨੂੰ ਆਰਥਿਕ ਆਧਾਰ 'ਤੇ ਮੁਆਵਜ਼ਾ ਦੇਣ ਦਾ ਕਾਨੂੰਨੀ ਸਿਸਟਮ ਹੈ। ਬੈਂਚ ਨੇ ਸੜਕ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਜੋੜੇ ਦੀਆਂ 2 ਬੇਟੀਆਂ ਅਤੇ ਇੱਕ ਆਸ਼ਰਤ ਦੀ ਅਪੀਲ 'ਤੇ ਫੈਸਲਾ ਸੁਣਾਉਂਦੇ ਹੋਏ ਦਿੱਲੀ ਹਾਈ ਕੋਰਟ ਦੇ ਫੈਸਲੇ ਵਿੱਚ ਸੁਧਾਰ ਕੀਤਾ ਅਤੇ ਨਿਰਧਾਰਿਤ ਮੁਆਵਜ਼ੇ ਦੀ ਰਾਸ਼ੀ ਵਿੱਚ 11.20 ਲੱਖ ਰੁਪਏ ਦਾ ਵਾਧਾ ਕਰਦੇ ਹੋਏ ਇਸ ਨੂੰ 33.20 ਲੱਖ ਰੁਪਏ ਕਰ ਦਿੱਤਾ ਹੈ। ਹਾਈ ਕੋਰਟ ਨੇ ਇਸ ਕੇਸ ਵਿੱਚ ਐਕਸੀਡੈਂਟਸ ਕਲੇਮ ਟ੍ਰਿਬਿਊਨਲ ਵੱਲੋਂ ਮਿਥੀ ਮੁਆਵਜ਼ੇ ਦੀ ਰਾਸ਼ੀ 40.71 ਲੱਖ ਰੁਪਏ ਤੋਂ ਘੱਟ ਕਰ ਦਿੱਤੀ ਅਤੇ ਕਿਹਾ ਸੀ ਕਿ ਦੁਰਘਟਨਾ ਵਿੱਚ ਜਾਨ ਗਵਾਉਣ ਵਾਲੀ ਘਰੇਲੂ ਔਰਤ ਸੀ ਅਤੇ ਉਹ ਆਮਦਨੀ ਪੈਦਾ ਕਰਨ ਵਾਲੀ ਮੈਂਬਰ ਨਹੀਂ ਸੀ।

# ਸਰਕਾਰ ਨਾਲ ਕਿਸਾਨਾਂ ਦੀ ਗਲਬਾਤ ਤੋਂ ਪਹਿਲਾਂ ਬਾਬਾ ਲੱਖਾ ਸਿੰਘ ਦੀ ਇੰਟਰੀ

* ਖੇਤੀਬਾੜੀ ਮੰਤਰੀ ਨਾਲ ਬਾਬਾ ਲੱਖਾ ਸਿੰਘਦੀ ਮੁਲਾਕਾਤ ਨੇ ਚਰਚੇ ਛੇੜੇ
* ਭਾਜਪਾ ਆਗੂਆਂ ਨੇ ਕਿਹਾ: ਸਰਕਾਰ ਹਰ ਮੰਗ ਮੰਨਣ ਲਈ ਤਿਆਰ

ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰਦੀਆਂ ਕਿਸਾਨ ਜੱਥੇਬੰਦੀਆਂ ਅਤੇ ਕੇਂਦਰ ਸਰਕਾਰ ਵਿਚਾਲੇ 8 ਜਨਵਰੀ ਨੂੰ ਨੌਵੇਂ ਦੌਰ ਦੀ ਗੱਲਬਾਤ ਤੋਂ ਨਾਨਕਸਰ ਸੰਪਰਦਾ ਦੇ ਬਾਬਾ ਲੱਖਾ ਸਿੰਘ ਵੱਲੋਂ ਅੱਜ ਵੀਰਵਾਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨਾਲ ਮਿਲਣ ਤੇ ਵਿਚੋਲਗੀ ਦੀ ਪੇਸ਼ਕਸ਼ ਕਰਨ ਦੀਆਂ ਖਬਰਾਂ ਦੇ ਨਾਲ ਸਿਆਸੀ ਹਲਚਲ ਤੇਜ਼ ਹੋ ਗਈ ਹੈ।

ਪਤਾ ਲੱਗਾ ਹੈ ਕਿ ਖੇਤੀਬਾੜੀ ਮੰਤਰੀ ਨਾਲ ਮੁਲਾਕਾਤਵਿੱਚ ਬਾਬਾ ਲੱਖਾ ਸਿੰਘ ਨੇ ਸਰਕਾਰ ਦਾ ਪੱਖ ਸੁਣਿਆ ਅਤੇ ਫਿਰ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ:'ਲੋਕ ਆਪਣੀਆਂ ਜਾਨਾਂ ਗਵਾ ਰਹੇ ਹਨ। ਬੱਚੇ, ਕਿਸਾਨ, ਬਜ਼ੁਰਗ, ਔਰਤਾਂ ਅਤੇ ਆਦਮੀ ਸੜਕਾਂ ਉੱਤੇ ਹਨ। ਦੁੱਖ ਅਸਹਿ ਹੈ। ਮੈਂ ਸੋਚਿਆ ਕਿ ਇਸ ਦਾ ਹੱਲ ਕਿਵੇਂ ਵੀ ਹੋਣਾ ਚਾਹੀਦਾ ਹੈ। ਇਸ ਲਈ ਮੈਂ ਅੱਜ ਖੇਤੀਬਾੜੀ ਮੰਤਰੀ ਨਾਲ ਗਲਬਾਤ ਕੀਤੀ, ਜੋ ਚੰਗੀ ਰਹੀ ਤੇ ਅਸੀਂ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਹੈ।' ਬਾਬਾ ਲੱਖਾ ਸਿੰਘ ਨੇ ਕਿਹਾ: 'ਸਾਡੇ ਕੋਲ ਨਵੀਂ ਪੇਸ਼ਕਸ਼ ਹੋਵੇਗੀ ਤੇ ਮਸਲੇ ਦਾ ਹੱਲ ਲੱਭਣਾ ਹੋਵੇਗਾ। ਜਿੰਨੀ ਜਲਦੀ ਹੋ ਸਕੇ,ਅਸੀਂ ਕੋਈ ਹੱਲ ਲੱਭਣ ਦਾ ਯਤਨ ਕਰਾਂਗੇ।



ਮੰਤਰੀ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਉਹ ਹੱਲ ਕੱਢਣ ਦੇ ਲਈ ਸਾਡੇ ਨਾਲ ਹਨ।' ਦੱਸਿਆ ਜਾਂਦਾ ਹੈ ਕਿ ਬਾਬਾ ਲੱਖਾ ਸਿੰਘ ਨਾਲ ਮੁਲਾਕਾਤ ਵੇਲੇ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਨੇ ਕਿਹਾ, "ਅਸੀਂ ਦਸ ਕਦਮ ਅੱਗੇ ਵਧੇ ਹਾਂ, ਕਿਸਾਨ ਆਗੂਆਂ ਨੂੰ ਵੀ ਅੱਗੇ ਵਧਣਾ ਚਾਹੀਦਾ ਹੈ। ਕਾਨੂੰਨ ਰੱਦ ਕਰਨ ਨੂੰ ਛੱਡ ਕੇ ਕੋਈ ਤਜਵੀਜ਼ ਦੇ ਦਿਓ, ਸਰਕਾਰ ਅੱਗੇ ਵਧੇਗੀ ਅਤੇ ਇਸ ਉੱਤੇ ਵਿਚਾਰ ਕਰੇਗੀ।'

ਕਿਸਾਨ ਆਗੂਆਂ ਅਤੇ ਸਰਕਾਰ ਦਰਮਿਆਨਬਾਬਾ ਲੱਖਾ ਸਿੰਘ ਦੇ ਅਚਾਨਕ ਵਿਚੋਲਗੀ ਦੀ ਪੇਸ਼ਕਸ਼ ਲੈ ਆਉਣ ਪਿੱਛੋਂ ਸਰਕਾਰ ਨਾਲ ਗੱਲਬਾਤ ਤੋਂ ਪਹਿਲਾਂ ਹਲਚਲ ਵਧ ਗਈ ਹੈ। ਬਾਬਾ ਲੱਖਾ ਸਿੰਘ ਮੋਗਾ ਨੇੜਲੇ ਨਾਨਕਸਰ ਸੰਪਰਦਾ ਦੇ ਗੁਰਦੁਆਰਾ ਨਾਨਕਸਰ ਕਲੇਰਾਂ ਦੇ ਮੁਖੀ ਹਨ। ਉਨ੍ਹਾ ਦੱਸਿਆ ਕਿ ਉਹ ਪਹਿਲੇ ਦਿਨੋਂ ਕਿਸਾਨਾਂ ਨਾਲ ਡਟੇ ਹੋਏ ਹਨ, ਪਰ ਇਸ ਮਸਲੇ ਨੂੰ ਅਹਿਮ ਪ੍ਰਾਪਤੀ ਨਾਲ ਸੁਲਝਾਉਣ ਦੇ ਯਤਨ ਕਰ ਰਹੇ ਸਨ। ਕੁਝ ਦਿਨਾਂ ਤੋਂ ਦੋਵਾਂ ਪਾਸਿਓਂ ਹਾਂ-ਪੱਖੀ ਹੁੰਗਾਰਾ ਮਿਲਦਾ ਨਜ਼ਰ ਆਇਆ ਤਾਂ ਉਨ੍ਹਾਂ ਜ਼ੋਰ ਲਾ ਦਿਤਾ ਹੈ। ਉਨ੍ਹਾਂ ਦੱਸਿਆ ਕਿ ਕਈ ਮੰਤਰੀਆਂ ਨਾਲ ਉਨ੍ਹਾ ਦੀ ਗੱਲ ਹੋਈ ਤੇ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਤੋਮਰ ਨਾਲ ਮੀਟਿੰਗ ਕਾਮਯਾਬ ਰਹੀ ਹੈ। ਉਨ੍ਹਾਂ ਨੇ ਮੀਟਿੰਗ ਦੌਰਾਨ ਕੇਂਦਰ ਸਰਕਾਰ ਨੂੰ ਅੜੀਅਲ ਰੁਖ ਛੱਡਣ ਨੂੰ ਕਿਹਾ ਅਤੇ ਦੋਵਾਂ ਧਿਰਾਂ ਨੂੰ ਵਿਚਲਾ ਰਸਤਾ ਲੱਭਣ ਦੇ ਲਈ ਪੇਸ਼ਕਸ਼ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਮੰਤਰੀ ਨੇ ਹੁੰਗਾਰਾ ਦਿੰਦਿਆਂ ਕਿਸਾਨਾਂ ਦੀ ਬੇਹਤਰੀ ਲਈ ਫ਼ੈਸਲੇ ਲੈਣ ਦਾ ਭਰੋਸਾ ਦਿੱਤਾ ਹੈ। ਬਾਬਾ ਲੱਖਾ ਸਿੰਘ ਨੇਦੱਸਿਆ ਕਿ ਮਸਲਾ ਸੁਲਝਾਉਣ ਲਈ ਸਰਕਾਰ ਵੱਲੋਂ ਹਾਮੀ ਭਰਨ ਮਗਰੋਂ ਉਹ ਅੱਗੇ ਆਏ ਹਨ, ਇਸੇ ਲਈ ਮੀਟਿੰਗ ਖ਼ਤਮ ਹੁੰਦੇ ਸਾਰ ਕਿਸਾਨ ਆਗੂਆਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ।

ਦੂਸਰੇ ਪਾਸੇ ਅੱਜ ਦਿੱਲੀ ਵਿਖੇ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਪੰਜਾਬ ਦੇ ਭਾਜਪਾ ਲੀਡਰ ਸੁਰਜੀਤ ਕੁਮਾਰ ਜਿਆਣੀ ਅਤੇ ਹਰਜੀਤ ਸਿੰਘ ਗਰੇਵਾਲ ਨੇ ਮੁਲਾਕਾਤ ਕੀਤੀ, ਜਿਸ-ਬਾਰੇ ਜਿਆਣੀ ਅਤੇ ਗਰੇਵਾਲ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਪੰਜਾਬਵਿੱਚਭਾਜਪਾ ਲੀਡਰਾਂ ਦਾ ਵਿਰੋਧ ਹੋਣ ਬਾਰੇ ਗਲਬਾਤ ਹੋਈ ਹੈ। ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਹਿਤਵਿੱਚ ਹੈ। ਹਰਜੀਤ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਕਿਸਾਨ ਅੰਦੋਲਨ ਕਿਸੇ ਹੋਰ ਹੱਥਾਂਵਿੱਚ ਚਲਾ ਗਿਆ ਹੈ ਤੇ ਕਮਿਊਨਿਸਟ ਇਹ ਫੈਸਲਾ ਨਹੀਂ ਹੋਣ ਦੇ ਰਹੇ। ਯੋਗਿੰਦਰ ਯਾਦਵ ਵਰਗੇ ਲੋਕ ਕਿਸਾਨ ਹਿਤ ਦੀ ਗੱਲ ਨਹੀਂ ਕਰਦੇ, ਕਿਸਾਨਾਂ ਨੂੰ ਗਲਤ ਰਾਹੇ ਪਾ ਰਹੇ ਹਨ। ਜਿਆਣੀ ਮੁਤਾਬਕ ਕਿਸਾਨ ਹਿਤ ਦੀ ਹਰ ਗੱਲ ਸਰਕਾਰ ਮੰਨਣ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਅਮਨ-ਕਾਨੂੰਨ ਤਹਿਸ ਨਹਿਸ ਹੋ ਚੁੱਕਾ ਅਤੇ ਭਾਜਪਾ ਲੀਡਰਾਂ ਨੂੰ ਮੰਦੀ ਭਾਸ਼ਾ ਬੋਲੀ ਜਾ ਰਹੀ ਅਤੇ ਉਨ੍ਹਾਂ ਦੇ ਘਰਾਂ ਅੱਗੇ ਧਰਨੇ ਲੱਗੇ ਹੋਏ ਹਨ।

## ਚੀਨ ਦੇ ਅੜੀਅਲ ਰੁਖ਼ ਕਾਰਨ ਗੱਲਬਾਤ ਅੱਗੇ ਨਹੀਂ ਵਧ ਰਹੀ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਭਾਰਤ ਅਤੇ ਚੀਨ ਵਿਚਾਲੇ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਲਾਈਨ (ਐਲ ਏ ਸੀ) ਉਤੇ ਲੰਬੇ ਸਮੇਂ ਤੋਂ ਜਾਰੀ ਫੌਜੀ ਰੇੜਕੇ ਦਾ ਹੱਲ ਕੱਢਣ ਲਈ ਗੱਲਬਾਤ ਬੀਤੇ ਦੋ ਮਹੀਨਿਆਂ ਤੋਂ ਅੱਗੇ ਨਹੀਂ ਵਧ ਰਹੀ ਹੈ। ਐਲ ਏ ਸੀ ਦੀਆਂ ਸਰਹੱਦੀ ਚੋਟੀਆਂ 'ਤੇ ਜ਼ਬਰਦਸਤ ਠੰਢ ਅਤੇ ਬਰਫਬਾਰੀ ਦੇ ਮੌਸਮ ਵਿੱਚ ਵੱਡੀ ਗਿਣਤੀ ਵਿੱਚ ਫੌਜਾਂ ਦੀ ਤੈਨਾਤੀ ਦੀ ਚੁਣੌਤੀ ਦੇ ਬਾਵਜੂਦ ਗੱਲਬਾਤ ਅੱਗੇ ਨਾ ਵੱਧ ਸਕਣ ਦੀ ਵਜ੍ਹਾ ਚੀਨ ਦਾ ਅੜੀਅਲ ਰੁਖ਼ ਹੈ, ਜਿਸ ਕਾਰਨ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਲਾਭ ਨਹੀਂ ਹੋ ਰਿਹਾ।

ਪਰਦੇ ਪਿੱਛੇਵਾਰਤਾਵਾਂ ਦੇ ਬਾਵਜੂਦ ਗੱਲਬਾਤ ਦੀ ਮੇਜ਼ 'ਤੇ ਆਉਣ ਬਾਰੇ ਦੋਵਾਂ ਦੇਸ਼ਾਂ ਦੇ ਮਤਭੇਦ ਕਾਇਮ ਹਨ। ਇਸ ਕਾਰਨ ਭਾਰਤ ਤੇ ਚੀਨ ਦੋਵਾਂ ਵੱਲੋਂ ਮੌਜੂਦਾ ਫੌਜੀ ਰੇੜਕੇ ਦੇ ਹੱਲ ਦੀ ਗੱਲਬਾਤ ਬਾਰੇ ਰਣਨੀਤਕ ਚੁੱਪ ਰੱਖੀ ਜਾ ਰਹੀ ਹੈ। ਭਾਰਤ ਨੇ ਵਾਰ-ਵਾਰ ਕਿਹਾ ਹੈ ਕਿ ਐਲ ਏ ਸੀ ਉਤੇ ਬੀਤੇ ਸਾਲ ਅਪ੍ਰੈਲ ਦੀ ਪਹਿਲਾਂ ਵਾਲੀ ਸਥਿਤੀ ਦੀ ਬਹਾਲੀ ਦੇ ਨਾਲ ਐਲ ਏ ਸੀ ਦੇ ਨਿਯਮਾਂ ਦਾ ਦੋਵਾਂ ਧਿਰਾਂ ਵੱਲੋਂ ਸਨਮਾਨ ਕੀਤਾ ਜਾਣਾ ਰੇੜਕੇ ਦੇ ਹੱਲ ਦਾ ਰਸਤਾ ਹੈ, ਜਦ ਕਿ ਚੀਨ ਪਹਿਲਾਂ ਪੂਰਬੀ ਲੱਦਾਖ ਦੇ ਦੱਖਣੀ ਪੈਂਗੋਗ ਤਿਓ ਝੀਲ ਦੀਆਂ ਸਰਹੱਦੀ ਚੋਟੀਆਂ ਤੋਂ ਭਾਰਤ ਨੂੰ ਆਪਣੇ ਫੌਜੀਹਟਾਉਣ ਦਾ ਦਬਾਅ ਬਣਾ ਰਿਹਾ ਹੈ। ਐਲ ਏ ਸੀ ਦੇ ਮੌਜੂਦਾ ਰੇੜਕੇ ਦਾ ਹੱਲ ਕੱਢਣ ਲਈ ਭਾਰਤ ਆਪਣੇ ਫੌਜੀਆਂ ਦੀ ਇਸ ਖੇਤਰ ਵਿੱਚ ਮਜ਼ਬੂਤ ਰਣਨੀਤਕ ਤੈਨਾਤੀ ਨੂੰ ਕਿਸੇ ਸੂਰਤ 'ਚ ਢਿੱਲਾ ਕਰਨ ਲਈ ਤਿਆਰ ਨਹੀਂ ਹੈ।

# ਦਿੱਲੀ ਬਾਰਡਰਾਂ ਉੱਤੇ ਕਿਸਾਨਾਂ ਵੱਲੋਂ ਜਬਰਦਸਤ ਟਰੈਕਟਰ ਮਾਰਚ



ਨਵੀਂ ਦਿੱਲੀ, 7 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਬਣਾਏ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ਼ ਕਿਸਾਨਾਂ ਦਾ ਅੰਦੋਲਨ ਅੱਜ 43ਵੇਂ ਦਿਨ ਵਿਚ ਸ਼ਾਮਲ ਹੋਣ ਸਮੇਂ ਸਰਕਾਰ ਨਾਲ ਗੱਲਬਾਤ ਵਿੱਚ ਹੱਲ ਨਾ ਨਿਕਲਣ ਤੋਂ ਨਾਰਾਜ਼ ਹੋਏ ਕਿਸਾਨ ਦਿੱਲੀ ਦੇ ਸਾਰੇ ਬਾਰਡਰਾਂ ਅਤੇ ਪੈਰੀਫੈਰਲ ਐਕਸਪ੍ਰੈਸਵੇਅ ਉੱਤੇ ਟਰੈਕਟਰ ਮਾਰਚ ਕੱਢਣ ਲਈ ਚੱਲ ਪਏ ਅਤੇ ਗਾਜੀਪੁਰ ਬਾਰਡਰ ਤੋਂ ਕਿਸਾਨਾਂ ਨੇ ਟਰੈਕਟਰ ਰੈਲੀ ਸ਼ੁਰੂ ਕਰ ਦਿੱਤੀ।

ਅੱਜ ਦਿੱਲੀ ਦੀਆਂ ਸਾਰੀਆਂ ਸਰਹੱਦਾਂ ਤੇ ਪੈਰੀਫੇਰਲ ਐਕਸਪ੍ਰੈਸਵੇਅ ਉੱਤੇਹਜ਼ਾਰਾਂ ਦੀ ਗਿਣਤੀ ਵਿੱਚ ਹਰ ਪਾਸੇ ਕਿਸਾਨ ਟਰੈਕਟਰ ਮਾਰਚ ਕੱਢ ਰਹੇ ਹਨ। ਇਸ ਕਾਰਨਦਿੱਲੀ ਦੇ ਬਾਰਡਰਾਂ



ਉੱਤੇ ਸੁਰੱਖਿਆ ਵਧਾ ਦਿੱਤੀ ਗਈ, ਪਰ ਕਿਸਾਨਾਂ ਦੇ ਇਸ ਟਰੈਕਟਰ ਮਾਰਚ ਵਿੱਚ ਕਿਸੇ ਤਰ੍ਹਾਂ ਦਾ ਅੜਿੱਕਾ ਪਾਉਣ ਤੋਂ ਸਰਕਾਰ ਨੇ ਪਰਹੇਜ਼ ਕੀਤਾ।

ਦੂਸਰੇ ਪਾਸੇ ਕੇਂਦਰੀ ਮੰਤਰੀ ਕੈਲਾਸ਼ ਚੌਧਰੀ ਨੇ ਦੋਸ਼ ਲਾਇਆ ਹੈ ਕਿ'ਕਮਿਊਨਿਸਟ ਲੋਕ ਰਾਜਨੀਤੀ ਲਈ ਅੱਗ ਵਿਚ ਘਿਓ ਪਾਉਣ ਦਾ ਕੰਮ ਕਰ ਰਹੇ ਹਨ, ਉਹ ਨਹੀਂ ਚਾਹੁੰਦੇ ਕਿ ਦੇਸ਼ ਵਿਚ ਸ਼ਾਂਤੀ ਹੋਵੇ। ਮੈਂ ਕਿਸਾਨ ਯੂਨੀਅਨਾਂ ਦੇ ਭਰਾਵਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸ਼ਾਂਤੀ ਬਹਾਲ ਰੱਖਣ। ਸਰਕਾਰ ਗੱਲਬਾਤ ਲਈ ਹਮੇਸ਼ਾ ਤਿਆਰ ਹੈ।'

# ਅਦਾਲਤ ਨੇ ਟੈਲੀਵਿਜ਼ਨ ਰੇਟਿੰਗ ਘਪਲੇ 'ਚ ਬਾਰਕ ਦੇ ਦਾਸਗੁਪਤਾ ਦੀ ਅਹਿਮ ਭੂਮਿਕਾ ਮੰਨੀ

ਮੁੰਬਈ, 7 ਜਨਵਰੀ (ਪੋਸਟ ਬਿਊਰੋ)- ਮੁੰਬਈ ਦੀ ਇੱਕ ਅਦਾਲਤ ਨੇ ਬ੍ਰਾਡਕਾਸਟ ਆਡੀਐਂਸ ਰਿਸਰਚ ਕੌਂਸਲ (ਬੀ ਏ ਆਰ ਸੀ-ਬਾਰਕ) ਦੇ ਸਾਬਕਾ ਸੀ ਈ ਓ ਪਾਰਥੋ ਦਾਸਗੁਪਤਾ ਦੀ ਜ਼ਮਾਨਤ ਪਟੀਸ਼ਨ ਰੱਦ ਕਰਦੇ ਹੋਏ ਸਪੱਸ਼ਟ ਕਿਹਾ ਹੈ ਕਿ ਟੈਲੀਵਿਜ਼ਨ ਰੇਟਿੰਗ ਪੁਆਇੰਟ (ਟੀ ਆਰ ਪੀ) ਘਪਲੇ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ।

ਚੀਫ ਮੈਟਰੋਪਾਲੀਟਨ ਮੈਜਿਸਟ੍ਰੇਟ ਸੁਧੀਰ ਭਾਜੀਪਾਵੇ ਨੇ ਦਾਸਗੁਪਤਾ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਅਤੇ ਇਸ ਬਾਰੇ ਹੁਕਮ ਵਿੱਚ ਕਿਹਾ ਕਿ ਦਾਸਗੁਪਤਾ ਜੂਨ 2013 ਤੋਂ ਨਵੰਬਰ 2019 ਤੱਕ ਬਾਰਕ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਸਨ। ਜਾਂਚ ਅਧਿਕਾਰੀ ਵੱਲੋਂ ਜਮ੍ਹਾ



ਕੀਤੇ ਸਬੂਤ ਦੱਸਦੇ ਹਨ ਕਿ ਦਾਸ-ਗੁਪਤਾ ਨੇ ਅਪਰਾਧ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਸੀ ਈ ਓ ਅਹੁਦੇ ਦੀ ਵਰਤੋਂ ਕਰਦੇ ਹੋਏ ਉਸ ਨੇ ਕੁਝ ਖਾਸ ਚੈਨਲਾਂ ਲਈ ਟੀ ਆਰ ਪੀ ਰੇਟਿੰਗ ਵਿੱਚ ਛੇੜਖਾਨੀ ਕੀਤੀ ਸੀ। ਦਾਸਗੁਪਤਾ ਇਸ ਮਾਮਲੇ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀ ਹਨ ਅਤੇ ਹੋਰਨਾਂ ਦੋਸ਼ੀਆਂ ਤੋਂ ਹਾਲੇ ਪੁੱਛਗਿੱਛ ਹੋਣੀ ਬਾਕੀ ਹੈ।ਦਾਸਗੁਪਤਾ ਨੂੰ ਵਾਂਟਿਡ ਹੋਰਨਾਂ ਦੋਸ਼ੀਆਂ ਅਤੇ ਸਮੱਗਰੀ ਤੇ ਗਵਾਹਾਂ ਤੋਂ ਦੂਰ ਰੱਖਣ ਦੀ ਲੋੜ ਹੈ, ਇਸ ਲਈ ਉਸ ਨੂੰ ਛੱਡਿਆ ਤਾਂ ਚੱਲ ਰਹੀ ਜਾਂਚ ਪ੍ਰਭਾਵਤ ਹੋਵੇਗੀ। ਮੁੰਬਈ ਪੁਲਸ ਨੇ ਦਾਸਗੁਪਤਾ ਨੂੰ ਪਿਛਲੇ ਮਹੀਨੇ ਗ੍ਰਿਫ਼ਤਾਰ ਕੀਤਾ ਸੀ। ਇਹ ਘਪਲਾ ਓਦੋਂ ਸਾਹਮਣੇ ਆਇਆ ਸੀ ਜਦੋਂ ਬਾਰਕ ਨੇ ਹੰਸਾ ਰਿਸਰਚ ਗਰੁੱਪ ਰਾਹੀਂ ਸ਼ਿਕਾਇਤ ਦਰਜ ਕਰਵਾਈ ਸੀ ਕਿ ਕੁਝ ਚੈਨਲ ਟੀ ਆਰ ਪੀ ਦੇ ਪੁਆਇੰਟਾਂ ਵਿੱਚ ਧੋਖਾਦੇਹੀ ਕਰ ਰਹੇ ਹਨ।

# ਇਸਰੋ ਵਿਗਿਆਨੀ ਦਾ ਦਾਅਵਾ; 3 ਸਾਲ ਪਹਿਲਾਂ ਮੈਨੂੰ ਡੋਸੇ ਦੀ ਚੱਟਨੀ ਵਿੱਚ ਜ਼ਹਿਰ ਦਿੱਤਾ ਗਿਆ ਸੀ

ਬੈਂਗਲੂਰੂ, 7 ਜਨਵਰੀ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਇੱਕ ਚੋਟੀ ਦੇ ਵਿਗਿਆਨੀ ਤਪਨ ਮਿਸ਼ਰਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ 3 ਸਾਲ ਤੋਂ ਵੱਧ ਸਮਾਂ ਪਹਿਲਾਂ ਜ਼ਹਿਰ ਦਿੱਤਾ ਗਿਆ ਸੀ।

ਤਪਨ ਮਿਸ਼ਰਾ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ 23 ਮਈ 2017 ਨੂੰ ਇਥੇ ਇਸਰੋ ਹੈਡ ਕੁਆਰਟਰ ਵਿੱਚ ਤਰੱਕੀ ਲਈ ਇੰਟਰਵਿਊ ਦੌਰਾਨ ਘਾਤਕ ਆਰਸੇਨਿਕ 'ਟ੍ਰਾਈਆਕਸਾਈਡ' ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦੁਪਹਿਰ ਦੇ ਭੋਜਨ ਤੋਂ ਬਾਅਦ ਸਨੈਕਸ ਵਿੱਚ ਸੰਭਵ ਤੌਰ 'ਤੇ ਡੋਸੇ ਦੀ ਚੱਟਨੀ ਵਿੱਚ ਪਾ ਕੇ ਇਹ ਜ਼ਹਿਰ ਦਿੱਤਾ ਗਿਆ ਸੀ। ਮਿਸ਼ਰਾ ਇਸ ਵਕਤ ਇਸਰੋ ਵਿੱਚ ਸੀਨੀਅਰ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਇਸ ਮਹੀਨੇ ਦੇ ਅੰਤ ਵਿੱਚ ਸੇਵਾਮੁਕਤ ਹੋਣ ਵਾਲੇ ਹਨ। ਉਨ੍ਹਾਂ ਫੇਸਬੁੱਕ 'ਤੇ 'ਲਾਂਗ ਕੈਪਟ ਸੀਕ੍ਰੇਟ' ਨਾਂ ਦੀ ਪੋਸਟ ਵਿੱਚ ਦਾਅਵਾ ਕੀਤਾ ਕਿ ਜੁਲਾਈ 2017 ਵਿੱਚ ਗ੍ਰਹਿ ਵਿਭਾਗ ਦੇ ਸੁਰੱਖਿਆ ਕਰਮਚਾਰੀਆਂ ਨੇ ਉਨ੍ਹਾਂ ਨੂੰ ਮਿਲ ਕੇ ਆਰਸੇਨਿਕ ਜ਼ਹਿਰ ਦਿੱਤੇ ਜਾਣ ਬਾਰੇ ਸਾਵਧਾਨ ਕੀਤਾ ਸੀ। ਮਿਸ਼ਰਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ, ਚਮੜੀ ਫਟਣ ਅਤੇ ਸਾੜ ਪੈਣ ਵਰਗੀਆਂ ਕਈ ਸਿਹਤ ਸਬੰਧੀ ਪ੍ਰੇਸ਼ਾਨੀਆਂ ਹੋ ਗਈਆਂ ਸਨ। ਉਨ੍ਹਾਂ ਸੋਸ਼ਲ ਮੀਡੀਆ 'ਤੇ ਮੈਡੀਕਲ ਰਿਪੋਰਟ ਵੀ ਸਾਂਝੀ ਕੀਤੀ ਤੇ ਦਾਅਵਾ ਕੀਤਾ ਕਿ ਨਵੀਂ ਦਿੱਲੀ ਏਮਸ ਵਿੱਚ ਉਨ੍ਹਾਂ ਦਾ ਇਲਾਜ ਚੱਲਿਆ ਸੀ।






# ਰਾਮ ਰਹੀਮ ਦੀ ਵੀਡੀਓ ਅਚਾਨਕ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਜਾਣ ਨਾਲ ਸਨਸਨੀ

ਫਿਰੋਜ਼ਪੁਰ, 7 ਜਨਵਰੀ, (ਪੋਸਟ ਬਿਊਰੋ)- ਜਦੋਂਇਕ ਪਾਸੇ ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਕਾਰਨ ਕਿਸਾਨਾਂ ਦਾ ਕੇਂਦਰ ਸਰਕਾਰ ਨਾਲ ਰੇੜਕਾ ਪਿਆ ਹੋਇਆ ਹੈ, ਓਦੋਂ ਦੂਸਰੇ ਪਾਸੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਇਕ ਦਿਨਾ ਪੈਰੋਲ ਉੱਤੇ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਜਾਣ ਵੇਲੇ ਦੀ ਵੀਡੀਓ ਅਚਾਨਕ ਜਾਰੀ ਹੋ ਗਈ ਹੈ, ਜਿਸ ਨਾਲ ਕਈ ਤਰ੍ਹਾਂ ਦੇ ਸਵਾਲ ਖੜੇ ਹੋ ਗਏ ਹਨ।

ਦੱਸਿਆ ਜਾਂਦਾ ਹੈ ਕਿ 24 ਅਕਤੂਬਰ 2020 ਨੂੰ ਡੇਰਾ ਮੁਖੀ ਰਾਮ ਰਹੀਮ ਸਿੰਘ ਨੂੰ ਇੱਕ ਦਿਨ ਅਚਾਨਕ ਉਸ ਦੀ ਬਿਮਾਰ ਮਾਂ ਦਾ ਪਤਾ ਲੈਣ ਦੇ ਲਈ ਥੋੜ੍ਹੇ ਸਮੇਂ ਦੀ



ਪੈਰੋਲ ਉੱਤੇ ਹਰਿਆਣਾ ਦੇ ਸ਼ਹਿਰ ਗੁਰੂਗ੍ਰਾਮ (ਪੁਰਾਣਾ ਨਾਂਅ ਗੁੜਗਾਉਂ) ਵਿੱਚ ਲਿਜਾਇਆ ਗਿਆ ਸੀ। ਉਸ ਫੇਰੀ ਦੇ ਕਰੀਬ ਢਾਈ ਮਹੀਨੇ ਪਿੱਛੋਂ 2021 ਵਿਚ ਇਹ ਵੀਡੀਓ ਲੀਕ ਹੋਣ ਨਾਲ ਸਨਸਨੀ ਫੈਲ ਗਈ ਹੈ। ਬਲਾਤਕਾਰ ਤੇ ਕਤਲ ਕੇਸਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹਵਿੱਚ ਸਜ਼ਾ ਕੱਟ ਰਹੇ ਡੇਰਾ ਮੁਖੀ ਦਾ ਇਹ ਵੀਡੀਓ ਪਰਸੋਂ ਤੋਂ ਸੋਸ਼ਲ ਮੀਡੀਆ ਤੇ ਫੇਸਬੁੱਕ ਉੱਤੇ ਡੇਰੇ ਦੇ ਸ਼ਰਧਾਲੂਆਂ ਵਿਚਾਲੇ ਬਹੁਤ ਜ਼ੋਰ-ਸ਼ੋਰ ਨਾਲ ਸ਼ੇਅਰ ਕੀਤਾ ਜਾ ਰਿਹਾ ਹੈ। ਡੇਰਾ ਪ੍ਰੇਮੀਆਂ ਵੱਲੋਂਇਸ ਨੂੰ ਸ਼ੇਅਰ ਕਰਨ ਵੇਲੇ ਲਿਖੀਆਂ ਕੈਪਸ਼ਨਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਇਹ ਵੀਡਿਓ ਮੇਦਾਂਤਾ ਹਸਪਤਾਲ ਦੀ ਹੈ, ਜਿੱਥੇ ਕੁਝ ਦਿਨ ਪਹਿਲਾਂ ਡੇਰਾ ਮੁਖੀ ਆਪਣੀ ਮਾਤਾ ਦਾ ਹਾਲ ਪੁੱਛਣ ਲਈਪੈਰੋਲ ਉੱਤੇ ਗਿਆ ਸੀ, ਪਰ ਡੇਰਾ ਸੱਚਾ ਸੌਦਾ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।ਸਾਢੇ ਚਾਰ ਸਾਲ ਪਹਿਲਾਂ ਪੰਚਕੂਲਾ ਦੀ ਸੀਬੀਆਈ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਅਦ ਸਿੱਧਾ ਰੋਹਤਕ ਦੀ ਸੁਨਾਰੀਆ ਜੇਲ੍ਹ ਭੇਜੇ ਜਾਣ ਤੋਂ ਬਾਅਦ ਡੇਰਾ ਮੁਖੀ ਦਾ ਕੋਈ ਵੀਡੀਓ ਕਦੇ ਬਾਹਰ ਨਹੀਂ ਸੀ ਆਇਆ,ਪਰ ਇਸ ਵੀਡੀਓਵਿੱਚ ਡੇਰਾ ਮੁਖੀ ਦਾ ਚਿਹਰਾ ਸਾਫ਼ ਦਿੱਸਦਾ ਹੈ। ਮੀਡੀਆ ਦੇ ਇਕ ਹਿੱਸੇਵਿੱਚ ਉਸ ਦੀ ਦਾੜ੍ਹੀ ਚਿੱਟੀ ਤੇ ਸਰੀਰ ਕਮਜ਼ੋਰ ਹੋਣ ਦੀਆਂ ਗੱਲਾਂ ਕਹੀਆਂ ਗਈਆਂ ਸਨ, ਪਰ ਇਸ ਵੀਡੀਓਵਿੱਚਏਦਾਂ ਵਿਖਾਈ ਨਹੀਂ ਦੇਂਦਾ। ਇਸ ਵੀਡੀਓ ਦੀ ਸੱਚਾਈਦਾ ਯਕੀਨ ਕੀਤਾ ਜਾਵੇ ਤਾਂ ਉਸ ਦਾ ਚਿਹਰਾ ਪਹਿਲਾਂ ਤੋਂ ਵੱਧ ਠੀਕ ਨਜ਼ਰ ਆ ਰਿਹਾ ਹੈ।

# ਆਜ਼ਾਦੀ-ਘੁਲਾਟੀਆਂ ਦੇ ਵਾਰਸਾਂ ਨੇ ਕੀਤੀ ਭਾਰਤ ਦੇ ਕਿਸਾਨਾਂ ਦੀ ਭਰਵੀਂ-ਹਮਾਇਤ

ਬਰੈਂਪਟਨ, (ਡਾ. ਝੰਡ) -ਬੀਤੇ ਲੰਮੇਂ ਸਮੇਂ ਤੋਂ ਆਪੋ ਆਪਣੇ ਸੂਬਿਆਂ ਵਿਚ ਧਰਨੇ ਤੇ ਮੁਜ਼ਾਹਰੇ ਕਰਨ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਭਾਰਤ ਦੇ ਹੋਰ ਸੂਬਿਆਂ ਦੇ ਕਿਸਾਨ ਦਿੱਲੀ ਵਿਚ ਪਿਛਲੇ ਇਕ ਮਹੀਨੇ ਤੋਂ ਵਧੀਕ ਪੱਕੇ ਡੇਰੇ ਲਾ ਕੇ ਬੈਠੇ ਹਨ। ਪੋਹ ਮਹੀਨੇ ਦੀ ਅੱਤ ਦੀ ਸਰਦੀ ਵਿਚ ਤਿੰਨ ਦਰਜਨ ਤੋਂ ਵਧੀਕ ਕਿਸਾਨ ਹੁਣ ਤੱਕ ਆਪਣੀਆਂ ਜਾਨਾਂ ਕੁਰਬਾਨ ਕਰ ਚੁੱਕੇ ਹਨ। ਇਸ ਦੇ ਨਾਲ ਹੀ ਵਿਦੇਸ਼ਾਂ ਵਿਚ ਵੀ ਥਾਂ ਪਰ ਥਾਂ ਧਰਨੇ-ਮੁਜ਼ਾਹਰੇ ਹੋ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਕਿਸਾਨਾਂ ਦੇ ਹੱਕ ਵਿਚ ਖੁੱਲ੍ਹ ਕੇ ਨਿੱਤਰੇ ਹਨ। ਹੋਰਨਾਂ ਦੇਸ਼ਾਂ ਤੋਂ ਵੀ ਕਿਸਾਨ ਮੋਰਚੇ ਲਈ ਸਹਿਯੋਗ ਦੀਆਂ ਖ਼ਬਰਾਂ ਧੜਾਧੜ ਆ ਰਹੀਆਂ ਹਨ। ਬੂਹਤ ਸਾਰੇ ਕੈਨੇਡੀਅਨ ਭਾਰਤੀਆਂ ਨੇ ਆਪੋ ਆਪਣੇ ਇਲਾਕੇ ਦੀਆਂ ਕਿਸਾਨ ਜੱਥੇਬੰਦੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਕਰਨ ਦੀ ਵਚਨਬੱਧਤਾ ਪ੍ਰਗਟਾਈ ਹੈ।

ਇਤਿਹਾਸ ਗਵਾਹ ਹੈ ਕਿ 1947 ਵਿਚ ਭਾਰਤ ਦੀ ਆਜ਼ਾਦੀ ਲਈ ਸੱਭ ਤੋਂ ਵੱਧ ਯੋਗਦਾਨ ਪੰਜਾਬੀਆਂ ਨੇ ਦਿੱਤਾ ਸੀ। ਉਨ੍ਹਾਂ ਆਜ਼ਾਦੀ-ਘੁਲਾਟੀਆਂ ਦੀ ਵੰਸ਼ ਵਿੱਚੋਂ ਬਹੁਤ ਸਾਰੇ ਵਿਅੱਕਤੀ ਅੱਜ ਕੈਨੇਡਾ ਵਿਚ ਰਹਿ ਰਹੇ ਹਨ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼, ਬਰੈਂਪਟਨ ਦੇ ਸਰਗ਼ਰਮ ਆਗੂ ਪ੍ਰੋ. ਨਿਰਮਲ ਸਿੰਘ ਧਾਰਨੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਰੋਨਾ ਮਹਾਂਮਾਰੀ ਦੇ ਚੱਲ ਰਹੇ ਪ੍ਰਕੋਪ ਦੇ ਕਾਰਨ ਬੀਤੇ ਦਿਨੀਂ ਉਨ੍ਹਾਂ ਨੇ ਦਿਨੀਂ ਆਪੋ ਵਿਚ ਫ਼ੋਨ 'ਤੇ ਸੰਪਰਕ ਕੀਤਾ। ਇਨ੍ਹਾਂ ਵਿਚ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਭਤੀਜੀ ਬੀਬੀ ਇੰਦਰਜੀਤ ਕੌਰ , ਭਤੀਜ-ਜੁਆਈ ਅੰਮ੍ਰਿਤ ਢਿੱਲੋਂ, 'ਕਾਮਾਗਾਟਾ ਮਾਰੂ ਜਹਾਜ' ਦੇ ਮੋਢੀ ਬਾਬਾ ਗੁਰਦਿੱਤ ਸਿੰਘ ਦੇ ਪੜਪੋਤੇ ਤੇਜਪਾਲ ਸਿੰਘ ਸੰਧੂ, ਬਿੰਦੂ ਬਰਾੜ ਸਪੁਤਰ ਥੰਮਣ ਸਿੰਘ (ਸਾਥੀ ਮਹਾਤਮਾ ਗਾਂਧੀ), ਰਾਜੇਸ਼ ਜੋਸ਼ੀ ਪੜਪੋਤਾ ਸ਼ਹੀਦ ਕਾਂਸ਼ੀ ਰਾਮ ਮੜੌਲੀ, ਹਰਿੰਦਰਪਾਲ ਬਰਾੜ ਪੋਤਰਾ ਕਰਨਲ ਮਹਿੰਦਰ ਸਿੰਘ ਬਰਾੜ (ਆਈ ਐੱਨ.ਏ.), ਜੋਤੀ ਮਾਂਗਟ ਪੋਤਰੀ ਗੁਰਬਚਨ ਸਿੰਘ ਮਾਂਗਟ (ਆਈ.ਐੱਨ.ਏ.), ਚਰਨਜੀਤ ਸਿੰਘ ਗਿੱਲ ਪੁੱਤਰ ਗਿਆਨੀ ਮੋਹਕਮ ਸਿੰਘ ਗਿੱਲ (ਆਈ ਐੱਨ.ਏ.), ਹਰਿੰਦਰ ਸਿੰਘ ਮਾਂਗਟ ਪੁੱਤਰ ਜੋਧ ਸਿੰਘ (ਆਈ ਐੱਨ.ਏ.), ਆਤਮਚੈਨ ਸਿੰਘ ਕੰਗ ਪੁੱਤਰ ਗੁਰਦਿਆਲ ਸਿੰਘ ਕੰਗ (ਆਈ ਐੱਨ.ਏ.) ਅਤੇ ਪਿਆਰਾ ਸਿੰਘ ਤੂਰ ਪੁੱਤਰ ਸੁਰੈਣ ਸਿੰਘ ਤੂਰ (ਅਕਾਲੀ ਮੋਰਚਾ) ਸ਼ਾਮਲ ਸਨ। ਇਨ੍ਹਾਂ ਸਾਰਿਆਂ ਨੇ ਅੱਜਕੱਲ੍ਹ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨੀ ਘੋਲ ਦੀ ਪੁਰਜ਼ੋਰ ਹਮਾਇਤ ਕੀਤੀ ਅਤੇ ਇਸ ਕਿਸਾਨੀ ਮੋਰਚੇ ਵਿਚ ਸ਼ਹੀਦ ਹੋਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇਸ ਦੌਰਾਨ ਉਨ੍ਹਾਂ ਵੱਲੋਂ ਮੋਰਚੇ ਦੀ ਅਗਵਾਈ ਕਰਨ ਵਾਲੇ ਕਿਸਾਨ ਆਗੂਆਂ ਦੀ ਟੀਮ ਦੀ ਸੁਹਿਰਦਤਾ ਅਤੇ ਇਕਮੁੱਠਤਾ ਦੀ ਰੱਜ ਕੇ ਪ੍ਰਸ਼ੰਸਾ ਕੀਤੀ ਗਈ। ਇਨ੍ਹਾਂ ਸਾਰਿਆਂ ਨੇ ਇਕ-ਮੱਤ ਹੋ ਕੇ ਕਿਹਾ ਕਿ ਸਾਡੇ ਵਡੇਰਿਆਂ ਨੇ ਫਾਸੀਆਂ, ਕਾਲੇ-ਪਾਣੀ ਦੀਆਂ ਜੇਲ੍ਹਾਂ, ਜਾਇਦਾਦਾਂ ਦੀਆਂ ਕੁਰਕੀਆਂ ਅਤੇ ਅਣ-ਮਨੁੱਖੀ ਤਸ਼ੱਦਦ ਝੱਲ ਕੇ ਦੇਸ਼ ਆਜ਼ਾਦ ਕਰਵਾਇਆ ਸੀ ਤਾਂ ਜੋ ਸਾਡੀਆ ਆਉਣ ਵਾਲੀਆਂ ਨਸਲਾਂ ਆਜ਼ਾਦੀ ਦਾ ਨਿੱਘ ਮਾਣ ਸਕਣ, ਪਰ ਇਸ ਦੇ ਉਲਟ ਅੱਜ ਕੇਂਦਰੀ ਸਰਕਾਰ ਫਿਰ ਸਾਡੇ ਉੱਤੇ 'ਕਾਲੇ ਖੇਤੀ ਕਾਨੂੰਨ' ਥੋਪ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਸੁਨੇਹਾ ਦਿੰਦੇ ਹਾਂ ਕਿ ਉਹ ਇਨ੍ਹਾਂ ਕਾਨੂੰਨਾਂ ਨੂੰ ਬਿਨਾਂ ਸ਼ਰਤ ਤੁਰਤ ਵਾਪਸ ਲਵੇ। ਭਾਰਤ ਵਿਚ ਕੰਮ ਕਰਨ ਵਾਲੇ ਕਿਸਾਨ ਅੱਜ ਦਿਨੋਂ ਦਿਨ ਗ਼ਰੀਬ ਹੋ ਰਹੇ ਹਨ ਅਤੇ ਲੀਡਰ, ਕਾਰਪੋਰੇਟ ਅਦਾਰਿਆਂ ਦੇ ਮਾਲਕ ਤੇ ਹੋਰ ਵਿਹਲੜ ਅਮੀਰ ਹੁੰਦੇ ਜਾ ਰਹੇ ਹਨ। ਇਹ ਸੱਭ ਕਿਉਂ ਹੋ ਰਿਹਾ ਹੈ? ਰਾਜ ਕਰਨ ਵਾਲੀ ਜਮਾਤ ਦਾ ਆਜ਼ਾਦੀ ਦੇ ਘੋਲ ਵਿਚ ਨਿਗੂਣਾ ਹਿੱਸਾ ਹੈ ਅਤੇ ਇਸ ਨੂੰ ਆਜ਼ਾਦੀ ਦੀ ਕੀਮਤ ਦਾ ਬਿਲਕੁਲ ਗਿਆਨ ਨਹੀਂ ਹੈ।

ਆਜ਼ਾਦੀ-ਘੁਲਾਟੀਆਂ ਕਿਹਾ,''ਅਸੀਂ ਆਪਣੇ ਕਿਸਾਨ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਮਨੋਰਥ ਨੂੰ ਪੂਰਾ ਕਰਨ ਤੱਕ ਇਸ ਮੋਰਚੇ ਵਿਚ ਡਟੇ ਰਹਿਣ ਹੈ ਅਤੇ ਕਿਸੇ ਵੀ ਕੀਮਤ 'ਤੇ ਪਿੱਛੇ ਨਾ ਹਟਣ। ਇਤਿਹਾਸ ਗਵਾਹ ਹੈ ਕਿ ਜਿੱਤਾਂ ਘੋਲਾਂ ਨਾਲ ਹੀ ਪ੍ਰਾਪਤ ਹੁੰਦੀਆਂ ਹੈ। ਇਹ ਪੱਕੀ ਗੱਲ ਹੈ, ਤਸੀਂ ਜ਼ਰੂਰ ਜਿੱਤੋਗੇ। ਕੇਂਦਰ ਦੇ ਹਠੀ ਵਤੀਰੇ ਤੋਂ ਇੰਜ ਲੱਗਦਾ ਹੈ ਕਿ ਇਹ ਘੋਲ ਲੰਮਾ ਹੋ ਜਾਏਗਾ। ਪਰ ਇਸ ਦੀ ਕੋਈ ਪ੍ਰਵਾਹ ਨਹੀਂ ਹੈ। 'ਪੱਗੜੀ ਸੰਭਾਲ ਜੱਟਾ' ਮੋਰਚਾ ਵੀ ਤਾਂ ਪੂਰੇ ਨੌਂ ਮਹੀਨੇ ਚੱਲਿਆ ਸੀ ਅਤੇ ਤੁਸੀਂ ਵੀ ਛੇ-ਛੇ ਮਹੀਨਿਆਂ ਦਾ ਰਾਸ਼ਨ-ਪਾਣੀ ਆਪਣੇ ਨਾਲ ਹੀ ਲਿਆਏ ਹੋ। ਸਾਨੂੰ ਇਹ ਵੀ ਪਤਾ ਲੱਗਾ ਹੈ ਕਿ ਹਰਿਆਣੇ ਤੇ ਦਿੱਲੀ ਦੇ ਲੋਕਾਂ ਦਾ ਸਹਿਯੋਗ ਵੀ ਤੁਹਾਨੂੰ ਬਥੇਰਾ ਮਿਲ ਰਿਹਾ ਹੈ ਅਤੇ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੇ ਅਜੇ ਆਪਣੇ ਵਾਲੇ ਰਾਸ਼ਨ ਵਾਲੇ ਬੋਰਿਆਂ ਦੇ ਸੇਬੇ ਵੀ ਨਹੀਂ ਖੋਲ੍ਹੇ।''

ਇਸ ਕਿਸਾਨ ਅੰਦੋਲਨ ਵਿਚ ਇਕ ਕਵੀ ਠੀਕ ਹੀ ਕਹਿ ਰਿਹਾ ਹੈ:

''ਬੰਬ, ਬੰਦੂਕਾਂ, ਤੋਪਾਂ ਤੋਂ ਨਾ ਕਦੇ ਡਰਾਇਆਂ ਰੁਕਦੇ ਲੋਕ,
ਜ਼ਾਲਮ ਸਰਕਾਰਾਂ ਮੁੱਕ ਜਾਵਣ, ਨਾ ਕਦੇ ਮੁਕਾਇਆਂ ਮੁੱਕਦੇ ਲੋਕ।
ਵੱਢ ਤਾਰਾਂ, ਟੋਏ ਭਰ ਲੈਂਦੇ, ਚੜ੍ਹ ਟਿੱਬਿਆਂ ਉੱਤੇ ਬੁੱਕਦੇ ਲੋਕ,
ਫੜ੍ਹ ਤਾਜ ਉਤਾਰਨ ਸ਼ਾਹਾਂ ਦੇ, ਜਾ ਮੰਜ਼ਲ ਉੱਤੇ ਰੁਕਦੇ ਲੋਕ।''

ਅਸੀਂ ਵੀ ਆਵਾਂਗੇ ਤੁਹਾਡੇ ਨਾਲ ਸਾਥੀਓ! ਛੇਤੀ ਹੀ, .... ਉਡੀਕਿਓ!

ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਸਕੀ ਭਤੀਜੀ ਸ. ਕੁਲਤਾਰ ਸਿੰਘ ਦੀ ਸਪੁੱਤਰੀ ਬੀਬੀ ਇੰਦਰਜੀਤ ਕੌਰ ਦੀਆਂ ਅਸੀਸਾਂ ਤੁਹਾਡੇ ਨਾਲ ਹਨ। ਉਹ ਕਹਿ ਰਹੀ ਹੈ, ''ਦਿੱਲੀ ਝੁਕੇਗੀ, ਛੇਤੀ ਹੀ ਝੁਕੇਗੀ। ਮੇਰੇ ਤਾਇਆ ਜੀ ਦੇ ਸੁਪਨਿਆਂ ਦਾ ਭਾਰਤ ਤੁਸੀਂ ਹੀ ਉਸਾਰੋਗੇ।'' ਲੋਕੋ! ਮੇਰੇ ਤਾਇਆ ਜੀ ਦਾ ਨਾਅਰਾ ਬੁਲੰਦ ਰੱਖਣਾ, ''ਮੇਰੇ ਦੇਸ਼ ਦਿਓ ਕਿਸਾਨੋ ਤੇ ਮਜ਼ਦੂਰੋ, ਇਕ ਹੋ ਜਾਓ।''

...ਤੇ ਹੁਣ ਇਸ ਅੰਦੋਲਨ ਵਿਚ ਕਿਸਾਨ ਤੇ ਮਜ਼ਦੂਰ ਇਕ ਹੋ ਵੀ ਗਏ ਹਨ।

# ਕਿਸਾਨਾਂ ਦੇ ਸੰਘਰਸ਼ ਦਾ ਸਾਥ ਦੇਣ ਲਈ ਨਿੱਤਰੀਆਂ ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ



ਦਿੱਲੀ ਵਿਚ ਕਿਸਾਨ ਮੋਰਚੇ ਦੌਰਾਨ ਕਿਸਾਨ

ਬਰੈਂਪਟਨ, (ਡਾ. ਝੰਡ) -ਭਾਰਤ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀਬਾੜੀ ਕਾਲੇ ਕਾਲੇ ਕਾਲੇ ਕਾਨੂੰਨਾਂ ਦੇ ਵਿਰੁੱਧ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ, ਮਹਾਂਰਾਸ਼ਟਰਾ, ਕਰਨਾਟਕਾ ਅਤੇ ਹੋਰ ਕਈ ਰਾਜਾਂ ਦੇ ਕਿਸਾਨ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ। ਪਰ ਕੇਂਦਰ ਸਰਕਾਰ ਦੇ ਕੰਨਾਂ 'ਤੇ ਕੋਈ ਜੂੰ ਨਹੀਂ ਸਰਕ ਰਹੀ ਹੈ। ਉਹ ਕਿਸਾਨਾਂ ਨੂੰ ਹੁਣ ਤੀਕ ਹੋਈਆਂ ਛੇ-ਸੱਤ ਮੀਟਿੰਗਾਂ ਵਿਚ ਉਲਝਾਅ ਕੇ ਇਸ ਨੂੰ ਹੋਰ ਲੰਮਾਂ ਖਿੱਚਣਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਕਿਸਾਨ ਅੱਕ-ਥੱਕ ਕੇ ਆਪਣੇ ਘਰਾਂ ਨੂੰ ਵਾਪਸ ਮੁੜ ਜਾਣ। ਓਧਰ ਕਿਸਾਨ ਵੀ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਆਪਣੀ ਅੜੀ 'ਤੇ ਪੂਰੀ ਤਰ੍ਹਾਂ ਡਟੇ ਹੋਏ ਹਨ। ਉਨ੍ਹਾਂ ਅਨੁਸਾਰ ਇਹ ਤਿੰਨੇਂ ਹੀ ਕਾਨੂੰਨ ਭਾਰਤ ਦੀ ਕਿਸਾਨੀ ਲਈ ਘਾਤਕ ਹਨ। ਇਸ ਸੰਘਰਸ਼ ਵਿਚ ਕਿਸਾਨਾਂ ਦੇ ਨਾਲ ਲੱਗਭੱਗ ਸਾਰੇ ਹੀ ਵਰਗਾਂ ਦੇ ਲੋਕ ਉਨ੍ਹਾਂ ਨਾਲ ਸ਼ਾਮਲ ਹੋ ਗਏ ਹਨ, ਕਿਉਂਕਿ ਉਨ੍ਹਾਂ ਨੂੰ ਵੀ ਭਵਿੱਖ ਵਿਚ ਅਸਿੱਧੇ ਤੌਰ 'ਤੇ ਇਨ੍ਹਾਂ ਕਾਨੂੰਨਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਦਾ ਖ਼ਦਸ਼ਾ ਹੈ। ਇਹ ਸਾਰੇ ਲੋਕ ਪੋਹ ਮਹੀਨੇ ਦੀ ਹੱਡ-ਚੀਰਵੀਂ ਠੰਢ ਵਿਚ ਦਿੱਲੀ ਦੇ ਸਾਰੇ ਮੁੱਖ ਬਾਰਡਰਾਂ 'ਤੇ ਡੇਰੇ ਲਾ ਕੇ ਬੈਠੇ ਹੋਏ ਹਨ। ਇਸ ਕੜਕਦੀ ਸਰਦੀ ਦੇ ਕਾਰਨ ਕਈ ਕਿਸਾਨ ਸ਼ਹੀਦ ਵੀ ਹੋ ਚੁੱਕੇ ਹਨ ਪਰ ਇਸ ਦੇ ਨਾਲ਼ ਹੀ ਤਸੱਲੀ ਵਾਲੀ ਗੱਲ ਇਹ ਹੈ ਕਿ ਦੇਸ਼ ਅਤੇ ਵਿਦੇਸ਼ਾਂ ਵਿੱਚੋਂ ਸਾਰੇ ਕਿਸਾਨ ਹਤੈਸ਼ੀ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਅਤੇ ਉਹ ਉਨ੍ਹਾਂ ਦੀ ਸਰਦੀ ਬਣਦੀ ਮਦਦ ਵੀ ਕਰ ਰਹੇ ਹਨ।

ਬਰੈਂਪਟਨ ਵਿਚ ਪਿਛਲੇ ਕਈ ਸਾਲਾਂ ਤੋਂ ਵਿਚਰ ਰਹੀ ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਸਕੱਤਰ ਕੁਮਰੀਆ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਕਲੱਬ ਅਤੇ ਗੋਰ ਸੀਨੀਅਰਜ਼ ਕਲੱਬ ਦੇ ਸਰਗ਼ਰਮ ਮੈਂਬਰਾਂ ਵੱਲੋਂ ਚੱਲ ਰਹੇ ਅਜੋਕੇ ਪ੍ਰਭਾਵ ਨੂੰ ਮੁੱਖ ਰੱਖਦਿਆਂ ਬੀਤੇ ਦਿਨੀਂ ਕਰੋਨਾ ਵਰਚੂਅਲ-ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਹੋਏ ਵਿਚਾਰ-ਵਟਾਂਦਰੇ ਤੋਂ ਬਾਅਦ ਸਰਬਸੰਮਤੀ ਨਾਲ ਇਹ ਧਾਰਨਾ ਬਣੀ ਕਿ ਉਹ ਸਾਰੇ ਇਸ ਔਖੀ ਘੜੀ ਵਿਚ ਸੰਘਰਸ਼ ਕਰ ਰਹੇ ਭਾਰਤੀ ਕਿਸਾਨਾਂ ਦੇ ਨਾਲ ਖੜੇ ਹਨ। ਉਨ੍ਹਾਂ ਸਾਰਿਆਂ ਦਾ ਕਹਿਣਾ ਸੀ, "ਸਾਨੂੰ ਬੜਾ ਤਰਸ ਆਉਂਦਾ ਹੈ ਜਦੋਂ ਅਸੀਂ ਬੱਚਿਆਂ ਤੋਂ ਲੈ ਕੇ 80-80, 90-90 ਸਾਲ ਦੇ ਬਜ਼ੁਰਗਾਂ ਅਤੇ ਔਰਤਾਂ ਨੂੰ ਇਸ ਕੜਕਦੀ ਠੰਢ ਵਿਚ ਬੈਠੇ ਵੇਖਦੇ ਹਾਂ। ਉਨ੍ਹਾਂ ਵਿੱਚੋਂ ਕਈ ਤਾਂ ਇਸ ਮਾਰੂ ਠੰਡ ਦੇ ਕਾਰਨ ਸ਼ਹੀਦੀਆਂ ਵੀ ਪਾ ਗਏ ਹਨ। ਅਸੀਂ ਭਾਰਤ ਦੀ ਕੇਂਦਰ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਕੇ ਇਨ੍ਹਾਂ ਤਿੰਨਾਂ ਕਿਸਾਨ-ਮਾਰੂ ਕਾਨੂੰਨਾਂ ਨੂੰ ਵਾਪਸ ਲਵੇ ਤਾਂ ਜੋ ਕਿਸਾਨ ਸੁੱਖ-ਸ਼ਾਂਤੀ ਨਾਲ ਆਪਣੇ ਘਰਾਂ ਨੂੰ ਪਰਤ ਸਕਣ। ਇਸ ਸਬੰਧੀ ਸੰਪਰਕ ਲਈ ਅਮਰੀਕ ਸਿੰਘ ਕੁਮਰੀਆ ਨੂੰ 647-998-7253 ਜਾਂ ਸੁਖਦੇਵ ਸਿੰਘ ਗਿੱਲ ਨੂੰ 416-602-5499 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਿਊਜ਼ੀਲੈਂਡ ਵਿਚ ਇੰਗਲੈਂਡ ਤੋਂ ਪਹੁੰਚ ਰਹੇ ਨਵੇਂ ਕਰੋਨਾ ਪੀੜ੍ਹਤ ਕੇਸਾਂ ਨੂੰ ਸਰਕਾਰ ਨੇ ਲਿਆ 'ਸੀਰੀਅਸ'

## 15 ਜਨਵਰੀ ਤੋਂ ਯੂ.ਕੇ ਅਤੇ ਯੂ. ਐੱਸ. ਏ. ਤੋਂ ਆਉਣ ਵਾਲਿਆਂ ਲਈ ਕੋਰੋਨਾ ਨੈਗੇਟਿਵ ਟੈਸਟ ਜ਼ਰੂਰੀ ਹੋਵੇਗਾ

ਆਕਲੈਂਡ, 7 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੇ ਵਿਚ ਜਿੱਥੇ ਕੋਵਿਡ-19 ਤੋਂ ਕਮਿਊਨਿਟੀ ਬਚੀ ਹੋਈ ਹੈ ਉਥੇ ਨਵਾਂ ਕਰੋਨਾ ਜਿਸ ਦਾ ਆਗਾਜ਼ ਇੰਗਲੈਂਡ ਤੋਂ ਹੋਇਆ ਹੈ, ਵਧੇਰੇ ਖਤਰਨਾਕ ਦਸਚਤਕ ਦੇਣ ਲਈ ਕਾਹਲਾ ਪਿਆ ਹੈ। ਇਹ ਅਜਿਹਾ ਕਰੋਨਾ ਹੈ ਜੇਕਰ ਇਕ ਵਾਰ ਵਿਸ਼ਵ ਵਿਚ ਫੈਲ ਗਿਆ ਤਾਂ ਵੱਡੀ ਤਬਾਹੀ ਨੂੰ ਜਨਮ ਦੇਵੇਗਾ। ਨਿਊਜ਼ੀਲੈਂਡ ਸਰਕਾਰ ਇਸ ਨੂੰ ਬੜੀ ਗੰਭੀਰਤਾ ਨਾਲ ਲੈ ਰਹੀ ਹੈ। ਨਿਊਜ਼ੀਲੈਂਡ ਦੇ ਵਿਚ ਇਸਦੇ 6 ਕੇਸ ਪਹੁੰਚੇ ਹਨ ਜੋ ਮੈਨੇਜਡ ਆਈਸੋਲੇਸ਼ਨ ਦੇ ਵਿਚ ਹਨ। ਮਾਹਿਰਾਂ ਨੇ ਕਿਹਾ ਹੈ ਕਿ ਆਉਣ ਵਾਲੇ ਕੁਝ ਹਫਤਿਆਂ ਦੇ ਵਿਚ ਇਹ ਨਵਾਂ ਕਰੋਨਾ ਬਹੁਤ ਭਿਆਨਕ ਰੂਪ ਲੈ ਸਕਦਾ ਹੈ। ਇਹ ਨਵਾਂ ਕਰੋਨਾ ਸਟ੍ਰੇਨ ਪਹਿਲੇ ਕਰੋਨਾ ਨਾਲੋਂ 50 ਤੋਂ 70% ਤੱਕ ਜਿਆਦਾ ਛੂਤ ਵਾਲੇ ਕੀਟਾਣੂ ਫੈਲਾਉਂਦਾ ਹੈ। ਜੇਕਰ ਇਹ ਕਮਿਊਨਿਟੀ ਦੇ ਵਿਚ ਫੈਲਦਾ ਹੈ ਤਾਂ ਬਹੁਤ ਨੁਕਸਾਨ ਕਰੇਗਾ ਅਤੇ ਇਸਨੂੰ ਨਿਯੰਤਰਣ ਕਰਨਾ ਔਖਾ ਹੈ। ਜੇਕਰ ਇਹ ਫੈਲ ਗਿਆ ਤਾਂ ਲਾਕਡਾਊਨ ਦੁਬਾਰਾ ਲੱਗ ਸਕਦਾ ਹੈ ਅਤੇ ਸਰਕਾਰ ਨਹ ਚਾਹੁੰਦੀ ਕਿ ਅਜਿਹਾ ਸਮਾਂ ਦੁਬਾਰਾ ਆਵੇ। 15 ਜਨਵਰੀ ਤੋਂ ਇੰਗਲੈਂਡ ਅਤੇ ਅਮਰੀਕਾ ਤੋਂ ਨਿਊਜ਼ੀਲੈਂਡ ਆਉਣ ਵਾਲਿਆਂ ਲਈ ਕਰੋਨਾ ਟੈਸਟ ਪਹਿਲਾਂ ਕਰਵਾ ਕੇ ਆਉਣਾ ਜਰੂਰੀ ਹੋਵੇਗਾ ਉਹ ਵੀ 72 ਘੰਟੇ ਪਹਿਲਾਂ। ਇਸ ਤੋਂ ਇਲਾਵਾ ਕਈ ਏਅਰ ਲਾਈਨਾਂ ਅਤੇ ਦੇਸ਼ ਪਹਿਲਾਂ ਹੀ ਇਹ ਟੈਸਟ ਲਾਜ਼ਮੀ ਕਰ ਚੁੱਕੇ ਹਨ। ਇਸ ਵੇਲੇ ਜੋ ਇੰਗਲੈਂਡ ਤੋਂ ਨਿਊਜ਼ੀਲੈਂਡ ਆ ਰਹੇ ਹਨ ਉਹ ਦੋਹਾ ਅਤੇ ਕਤਰ ਰਾਹ ਦਾਖਲ ਹੋ ਰਹੇ ਜਿੱਥੇ ਉਹ ਟੈਸਟ ਕਰਵਾਉਣ ਤੋਂ ਬਚ ਜਾਂਦੇ ਹਨ। ਨਿਊਜ਼ੀਲੈਂਡਰ ਜੋ ਕਿ ਯੂ. ਕੇ ਤੋਂ ਇਥੇ ਆਉਣਾ ਚਾਹੁੰਦੇ ਹਨ ਉਹ ਵਾਇਆ ਜਪਾਨ, ਚਾਈਨਾ ਅਤੇ ਹਾਂਗਕਾਂਗ ਤੋਂ ਨਹ ਆ ਸਕਦੇ। ਵਾਇਆ ਸਿੰਗਾਪੁਰ ਆਉਂਦੇ ਹਨ ਪਰ ਕਰੋਨਾ ਟੈਸਟ ਨੈਗੇਟਿਵ ਹੋਣਾ ਚਾਹੀਦਾ ਹੈ। ਮਾਹਿਰ ਕਹਿੰਦੇ ਹਨ ਕਿ ਭਾਵੇਂ ਸਾਰੇ ਕਰੋਨਾ ਪੀੜਤ ਮੁੱਢਲੀ ਅਵਸਥਾ ਵਿਚ ਨਹ ਫੜੇ ਜਾ ਸਕਦੇ ਪਰ ਫਿਰ ਵੀ ਇਸ ਦੇ ਨਾਲ ਸੁਰੱਖਿਆਂ ਨੂੰ ਇਕ ਹੋਰ ਘੇਰਾ ਮਿਲਦਾ ਹੈ।



# ਸੜਕ ਹਾਦਸੇ ਵਿੱਚ ਨੌਜਵਾਨ ਦੀ ਮੌਤ

ਤਲਵਾੜਾ, 7 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਡੈਮ ਰੋਡ 'ਤੇ ਅਣਪਛਾਤੇ ਵਾਹਨ ਚਾਲਕ ਵੱਲੋਂ ਮਾਰੀ ਟੱਕਰ ਕਾਰਨ ਮੁਹੱਲਾ ਦੋਸੜਕਾ ਦੇ 27 ਸਾਲਾਂ ਦੇ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜੀਵਨ ਕੁਮਾਰ ਉਰਫ ਰੋਹਿਤ ਪੁੱਤਰ ਹਰਿੰਦਰ ਸਿੰਘ ਵਾਸੀ ਮੁਹੱਲਾ ਦੋਸੜਕਾ ਥਾਣਾ ਤਲਵਾੜਾ ਵਜੋਂ ਹੋਈ ਹੈ।

ਥਾਣਾ ਤਲਵਾੜਾ ਪੁਲਸ ਨੂੰ ਮ੍ਰਿਤਕ ਦੇ ਛੋਟੇ ਭਰਾ ਨਿਤਿਸ਼ ਕੁਮਾਰ ਨੇ ਦੱਸਿਆ ਕਿ ਉਸ ਦਾ ਭਰਾ ਜੀਵਨ ਕੁਮਾਰ ਡਡਵਾਲ ਜਿਮ ਤੋਂ ਆਪਣੀ ਮਾਰੂਤੀ ਕਾਰ ਰਾਹੀਂ ਵਾਪਸ ਆ ਰਿਹਾ ਸੀ। ਇਸ ਦੌਰਾਨ ਡੈਮ ਰੋਡ 'ਤੇ ਛਿੰਦੇ ਕਬਾੜੀਏ ਦੇ ਕੋਲ ਅਣਪਛਾਤੇ ਵਾਹਨ ਨੇ ਉਸ ਦੀ ਕਾਰ ਨੂੰ ਟੱਕਰ ਮਾਰ ਦਿੱਤੀ ਤੇ ਜੀਵਨ ਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ।ਇਸ ਮਗਰੋਂ ਗੁੱਸੇ ਵਿੱਚ ਆਏ ਪਰਵਾਰਕ ਮੈਂਬਰਾਂ ਤੇ ਸਮਰਥਕਾਂ ਨੇ ਘਟਨਾ ਦੇ ਵਿਰੋਧ ਵਿੱਚ ਹਾਦਸੇ ਵਾਲੀ ਥਾਂ 'ਤੇ ਤਲਵਾੜਾ-ਮੁਕੇਰੀਆਂ ਸੜਕ 'ਤੇ ਜਾਮ ਲਾ ਕੇ ਰੋਸ ਮੁਜ਼ਾਹਰਾ ਕੀਤਾ। ਮੌਕੇ 'ਤੇ ਪਹੁੰਚੇ ਡੀ ਐਸ ਪੀ (ਦਸੂਹਾ) ਮੁਨੀਸ਼ ਸ਼ਰਮਾ ਦੇ ਭਰੋਸੇ ਮਗਰੋਂ ਕਰੀਬ ਡੇਢ ਘੰਟੇ ਬਾਅਦ ਜਾਮ ਹਟਾਇਆ ਗਿਆ। ਸਥਾਨਕ ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਧਾਰਾ 279, 304 ਏ, 427 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਨਿਊਜ਼ੀਲੈਂਡ ਦੇ ਵਿਚ ਮਾਰਚ 2021 ਤੱਕ ਆਈਸੋਲੇਸ਼ਨ ਵਾਸਤੇ ਹੋਟਲ ਹਨ ਪਹਿਲਾਂ ਹੀ ਬੁੱਕ

ਆਕਲੈਂਡ, 7 ਜਨਵਰੀ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੇ ਵਿਚ 19 ਮਾਰਚ 2020 ਤੋਂ ਦੇਸ਼ ਦੇ ਬਾਰਡਰ ਵਿਦੇਸ਼ੀ ਲੋਕਾਂ ਲਈ ਬੰਦ ਹਨ। ਸਰਕਾਰ ਸਿਰਫ ਪੱਕੇ ਲੋਕਾਂ ਅਤੇ ਦੇਸ਼ ਦੇ ਨਾਗਰਿਕਾਂ ਨੂੰ ਹੀ ਆਪਣੇ ਘਰੇ ਪਰਤਣ ਦੀ ਇਜਾਜਤ ਦੇ ਰਹੀ ਹੈ। ਕਈਆਂ ਦੇ ਜੀਵਨ ਸਾਥੀ ਇਕ ਦੂਜੇ ਤੋਂ ਵਿਛੜੇ ਹੋਏ ਹਨ ਅਤੇ ਕਈ ਹਜ਼ਾਰਾਂ ਡਾਲਰ ਲਾ ਕੇ ਵੀਜਾ ਪ੍ਰਾਪਤ ਕਰਕੇ ਵੀ ਕਿਸੇ ਕਾਰਨ ਇਥੇ ਅਪੜਨ ਤੋਂ ਰਹਿ ਗਏ ਹਨ। ਕਰੋਨਾ ਅਜਿਹਾ ਜਬਰਦਸਤੀ ਬਿਨ ਬੁਲਾਏ ਮਹਿਮਾਨ ਵਾਂਗ ਬਣਕੇ ਆਇਆ ਕਿ ਇਸਨੇ ਦੇਸ਼ ਦੇ ਅਸਲ ਮਹਿਮਾਨਾਂ ਨੂੰ ਹੀ ਵਤਨੋਂ ਲਾਂਭੇ ਕਰ ਦਿੱਤਾ। ਹੁਣ ਸਰਕਾਰ ਹੌਲੀ-ਹੌਲੀ ਕਰਕੇ ਦੇਸ਼ ਦੇ ਵਸਨੀਕਾਂ ਜਾਂ ਫਿਰ ਜਿਨ੍ਹਾਂ ਦੀ ਇਥੇ ਉਨ੍ਹਾਂ ਨੂੰ ਲੋੜ ਹੈ ਜਾਂ ਫਿਰ ਕਿਸੀ ਦੀ ਗੰਭੀਰ ਸਥਿਤੀ ਨੂੰ ਵੇਖਦਿਆਂ ਇਥੇ ਆਉਣ ਦੀ ਇਜਾਜਤ ਦੇ ਰਹੀ ਹੈ। ਇਥੇ ਆਉਣ ਦੀ ਯੋਗਤਾ ਹਾਸਿਲ ਕਰਨ ਤੋਂ ਬਾਅਦ ਵੀ ਇਥੇ ਆਉਣਾ ਐਨਾ ਸੌਖਾ ਅਤੇ ਨਰਮ ਨਹ ਰਿਹਾ। ਸਤਿੰਦਰ ਸਰਤਾਜ ਦਾ ਇਕ ਗੀਤ ਹੈ ਕਿ 'ਦਿਲ ਪਹਿਲਾਂ ਤਿਹਾ ਨੀ ਰਿਹਾ ਇਹ ਕਠੋਰ ਹੋ ਗਿਆ'' ਲਗਦਾ ਹੈ ਕਿ ਇਸਨੂੰ ਨਿਊਜ਼ਲੈਂਡ ਪਰਤਣ ਵਾਲੇ ਪੰਜਾਬੀ ਇਸ ਤਰ੍ਹਾਂ ਗਾ ਰਹੇ ਹੋਣਗੇ ਕਿ 'ਨਿਊਜ਼ੀਲੈਂਡ ਪਹਿਲਾਂ ਜਿਹਾ ਨੀ ਰਿਹਾ ਇਹ ਕਠੋਰ ਹੋ ਗਿਆ।'' ਇਹ ਕਠੋਰਤਾ ਉਦੋਂ ਹੋਰ ਕਠੋਰ ਪ੍ਰਤੀਤ ਹੁੰਦੀ ਹੈ ਜਦੋਂ ਇਥੇ ਆਉਣ ਦੇ ਲਈ ਤੁਹਾਨੂੰ 14 ਦਿਨਾਂ ਦੇ ਏਕਾਂਤਵਾਸ ਲਈ ਆਪ ਹੀ ਹੋਟਲ ਵਾਊਚਰ ਹਾਸਿਲ ਕਰਨਾ ਹੁੰਦਾ ਹੈ। ਇਸਦੇ ਲਈ ਸਰਕਾਰ ਨੇ ਚਾਰ ਪੜਾਵਾਂ ਦੇ ਵਿਚ ਸਿਸਟਮ ਬਣਾਇਆ ਹੋਇਆ ਹੈ। ਪਹਿਲਾ ਇਹ ਹੈ ਕਿ ਆਪਣੀ ਜਾਂ ਇਥੇ ਆਉਣ ਵਾਲੇ ਪਰਿਵਾਰ ਦੀ ਰਜਿਸਟ੍ਰੇਸ਼ਨ ਕਰੋ। ਦੂਜਾ ਇਥੇ ਆ ਕੇ 14 ਦਿਨ ਰਹਿਣ ਦੇ ਲਈ ਹੋਟਲ ਅਤੇ ਤਰੀਕ ਪਤਾ ਕਰੋ, ਤੀਜਾ ਹਵਾਈ ਟਿਕਟਾਂ ਦਾ ਵੇਰਵਾ ਭਰੋ ਚੌਥਾ ਵਾਊਚਰ ਦਾ ਪ੍ਰਿੰਟ ਕੱਢ ਕੇ ਆਪਣੇ ਕੋਲ ਰੱਖੋ ਜਾਂ ਫੋਨ ਉਤੇ ਸੁਰੱਖਿਅਤ ਕਰ ਲਓ। ਹੋਟਲ ਦਾ ਬੁਕਿੰਗ ਪਹਿਲਾਂ 48 ਘੰਟੇ ਵਾਸਤੇ ਹੋਲਡ ਰਹਿੰਦੀ ਹੈ ਜੇਕਰ ਤੁਸ ਟਿਕਟ ਪੱਕੀ ਕਰ ਲਈ ਤਾਂ ਠੀਕ ਹੈ ਨਹ ਤਾਂ ਬੁਕਿੰਗ ਕੈਂਸਿਲ ਹੋ ਸਕਦੀ ਹੈ। ਇਸ ਵੇਲੇ ਮਾਰਚ 2021 ਤੱਕ ਕੋਈ ਵੀ ਜਗ੍ਹਾ ਖਾਲੀ ਨਜ਼ਰ ਨਹ ਆ ਰਹੀ ਜਿੱਥੇ 14 ਦਿਨਾਂ ਵਾਸਤੇ ਇਥੇ ਆ ਕੇ ਠਹਿਰਿਆ ਜਾ ਸਕੇ। ਸੋ ਹੁਣ ਨਿਊਜ਼ੀਲੈਂਡ ਆਉਣ ਲਈ ਬੜੇ ਪਟੌਂਟੇ ਕਰਨੇ ਪੈ ਰਹੇ ਹਨ। ਦੁਆ ਕਰਦੇ ਹਾਂ ਕਿ ਕਰੋਨਾ ਦਾ ਖਾਤਮਾ ਹੋ ਜਾਵੇ ਅਤੇ ਦੁਨੀਆ ਦੁਬਾਰਾ ਅਸਮਾਨੀ ਉਡਾਰੀਆਂ ਲਾਵੇ ਅਤੇ ਇਹ ਰੰਗਲੀ ਦੁਨੀਆ ਹੋਰ ਖੁਸ਼ੀਆਂ-ਖੇੜਿਆਂ ਨਾਲ ਚਮਕ ਉਠੇ।




# ਓ ਟੀ ਪੀ ਅਤੇ ਪਾਸਵਰਡ ਪੁੱਛੇ ਬਗੈਰ ਠੱਗੀ ਹੋ ਗਈ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਲੱਧੇਵਾਲੀ ਦੇ ਮਾਨ ਸਿੰਘ ਨਗਰ ਵਿੱਚ ਰਹਿੰਦੇ ਵੀਹ ਸਾਲ ਦੇ ਨਿਸ਼ਾਂਤ ਕੁਮਾਰ ਪੁੱਤਰ ਸਵਰਗੀ ਰਾਜਿੰਦਰ ਕੁਮਾਰ ਦੇ ਖਾਤੇ 'ਚੋਂ 7.22 ਲੱਖ ਰੁਪਏ ਨਿਕਲ ਗਏ ਹਨ। ਬੀਤੇ ਸ਼ਨੀਵਾਰ ਨੂੰ ਨਿਸ਼ਾਂਤ ਕੁਮਾਰ ਦਾ ਕਾਰਡ ਕਿਤੇ ਡਿੱਗ ਗਿਆ ਸੀ। ਉਸ ਨੇ ਰਾਤ ਨੂੰ ਆਨਲਾਈਨ ਕੰਪਲੇਂਟ ਕਰ ਦਿੱਤੀ। ਕੁਝ ਦੇਰ ਬਾਅਦ ਉਸ ਦੇ ਖਾਤੇ 'ਚੋਂ ਕਰੀਬ ਇੱਕ ਲੱਖ ਰੁਪਏ ਕੱਟੇ ਗਏ। ਉਸ ਨੇ ਬੈਂਕ ਦੇ ਕਈ ਨੰਬਰਾਂ 'ਤੇ ਕਾਲ ਕੀਤੀ, ਪਰ ਗੱਲ ਨਹੀਂ ਬਣੀ। ਐਤਵਾਰ ਦੁਪਹਿਰ 12 ਵਜੇ ਤੱਕ ਉਸ ਦੇ ਖਾਤੇ ਵਿੱਚੋਂ 19 ਵਾਰ ਵਿੱਚ 7.22 ਲੱਖ ਰੁਪਏ ਨਿਕਲ ਗਏ। ਉਹ ਬੈਂਕ ਗਿਆ ਤਾਂ ਉਸ ਦਾ ਅਕਾਊਂਟ ਫਰੀਜ ਕੀਤਾ ਗਿਆ।ਥਾਣਾ ਰਾਮਾਮੰਡੀ ਦੇ ਐਸ ਐਚ ਓ ਸੁਲੱਖਣ ਸਿੰਘ ਨੇ ਦੱਸਿਆ ਕਿ ਜਾਂਚ ਦੇ ਬਾਅਦ ਕੇਸ ਦਰਜ ਹੋਵੇਗਾ। ਨਿਸ਼ਾਂਤ ਨੇ ਦੱਸਿਆ ਕਿ ਉਸ ਨੇ ਬੈਂਕ ਦਾ ਨੰਬਰ ਸੋਸ਼ਲ ਮੀਡੀਆ ਤੋਂ ਲਿਆ ਸੀ ਅਤੇ ਉਸ ਦੇ ਬਾਅਦ ਠੱਗੀ ਹੋ ਗਈ। ਉਸ ਨੇ ਕਿਹਾ ਕਿ ਉਸ ਨੂੰ ਪਿਤਾ ਦੇ ਦਿਹਾਂਤ ਦੇ ਬਾਅਦ ਉਸੇ ਸਕੂਲ ਵਿੱਚ ਉਨ੍ਹਾਂ ਦੀ ਜਗ੍ਹਾ ਸਰਕਾਰੀ ਨੌਕਰੀ ਮਿਲੀ ਸੀ। ਉਕਤ ਪੈਸੇ ਪਿਤਾ ਦੀ ਮੌਤ ਦੇ ਬਾਅਦ ਹੀ ਉਸ ਨੂੰ ਮਿਲੇ ਸਨ।ਬੈਂਕ ਵਿੱਚ ਨਿਸ਼ਾਂਤ ਨੂੰ ਪਤਾ ਲੱਗਾ ਕਿ ਖਾਤੇ 'ਚੋਂ ਪੈਸੇ ਵੈਸਟ ਬੰਗਾਲ ਦੇ ਕਿਸੇ ਵਿਅਕਤੀ ਦੇ ਖਾਤੇ ਵਿੱਚ ਗਏ ਸਨ। ਉਸਨੇ ਦੱਸਿਆ ਕਿ ਹੈਲਪਲਾਈਨ 'ਤੇ ਕਾਰਡ ਬਲਾਕ ਕਰਨ ਦੀ ਗੱਲ ਕਹਿੰਦੇ ਹੀ ਫੋਨ ਕੱਟਿਆ ਗਿਆ। ਪੰਜ ਦਿਨ ਬਾਅਦ ਕਾਲ ਆਈ ਅਤੇ ਕਾਲਰ ਨੇ ਖੁਦ ਨੂੰ ਸਰਕਾਰੀ ਮੁਲਾਜ਼ਮ ਦੱਸਿਆ। ਉਸ ਨੇ ਜਨਰਲ ਡਿਟੇਲ ਮੰਗੀ ਅਤੇ ਕਾਰਡ ਦੇ ਆਖਰੀ ਚਾਰ ਅੱਖਰ ਦੱਸੇ। ਠੱਗ ਨੇ ਉਸ ਤੋਂ ਨਾ ਓ ਟੀ ਪੀ ਪੁੱਛਿਆ ਅਤੇ ਨਾ ਪਾਸਵਰਡ ਜਾਂ ਸੀ ਵੀ ਵੀ। ਫਿਰ ਵੀ ਉਸ ਦੇ ਖਾਤੇ 'ਚੋਂ 19 ਵਾਰੀਆਂ ਵਿਚ 7.22 ਲੱਖ ਰੁਪਏ ਨਿਕਲ ਗਏ।










# ਸੰਪਾਦਕੀ

## ਟਰੰਪ ਅਤੇ ਉਸਦੇ ਖੈਰਖ਼ਾਹਾਂ ਦਾ ਸੁੰਗੜਿਆ ਸੰਸਾਰ

1835 ਵਿੱਚ ਫਰਾਂਸ ਸਰਕਾਰ ਵੱਲੋਂ ਇੱਕ ਪੁਸਤਕ ਲਿਖਵਾਈ ਗਈ ਜਿਸਦਾ ਨਾਮ Democracy in America ਭਾਵ ਅਮਰੀਕਾ ਵਿੱਚ ਲੋਕਤੰਤਰ ਸੀ। ਇਸ ਪੁਸਤਕ ਨੂੰ ਕੈਂਬਰਿਜ਼, ਆਕਸਫੋਰਡ ਅਤੇ ਪ੍ਰਿੰਸਟਨ ਵਰਗੀਆਂ ਨਾਮੀ ਯੂਨੀਵਰਸਟੀਆਂ ਸਮੇਤ ਅਮਰੀਕਾ ਅਤੇ ਯੂਰਪ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾਂਦਾ ਹੈ। ਹਾਰਵਾਰਡ ਦੇ ਪ੍ਰੋਫੈਸਰ ਹਾਰਵੀ ਮੈਨਸਫੀਲਡ ਮੁਤਾਬਕ Democracy in America ਲੋਕਤੰਤਰ ਉੱਤੇ ਲਿਖੀ ਗਈ ਅੱਜ ਤੱਕ ਦੀ ਸੱਭ ਤੋਂ ਅਹਿਮ ਕਿਤਾਬ ਹੈ ਅਤੇ ਅਮਰੀਕਾ ਦੇ ਲੋਕਤੰਤਰ ਬਾਰੇ ਇੱਕ ਅਤੀ ਸੁੰਦਰ ਅਤੇ ਉੱਤਮ ਟਿੱਪਣੀ ਹੈ। ਦੋ ਭਾਗਾਂ ਵਿੱਚ ਲਿਖੀ ਇਸ ਪੁਸਤਕ ਵਿੱਚ ਲੇਖਕ ਅਲੈਕਸਿਸ ਡੀ ਟਕਜ਼ਵਿੱਲ (ਓਲਇਣਸਿ ਦਏ ਠੋਚਤੁਏਵਲਿਲਏ) ਨੇ ਕੁੱਝ ਭੱਵਿਖਬਾਣੀਆਂ ਵਿੱਚ ਕੀਤੀਆਂ ਗਈਆਂ ਸਨ। ਇੱਕ ਭੱਵਿਖਬਾਣੀ ਸੀ ਕਿ ਲੋਕਤੰਤਰ ਇੱਕ ਅਜਿਹਾ ਢਾਂਚਾ ਹੈ ਜਿਸ ਵਿੱਚ ਸਮਾਂ ਪਾ ਕੇ ਲੁਕਵੀਂ/ਅਸਿੱਧੀ ਤਾਨਾਸ਼ਾਹੀ ਅਤੇ ਬਹੁਗਿਣਤੀ ਹਾਸਲ ਕਰਨ ਦੇ ਨਾਮ ਉੱਤੇ ਅੱਤਿਆਚਾਰ ਕਰਨ ਵਾਲਿਆਂ ਦੇ ਹੱਥ ਭਾਰੀ ਹੁੰਦੇ ਜਾਂਦੇ ਹਨ। ਪਰਸੋਂ ਅਮਰੀਕਾ ਦੀ ਰਾਜਧਾਨੀ ਦੇ ਮੰਦਰ ਭਾਵ ਕੈਪੀਟੋਲ ਹਿੱਲ ਉੱਤੇ ਜਿਸ ਕਿਸਮ ਦਾ ਹਮਲਾ ਰਾਸ਼ਟਰਪਤੀ ਡੋਨਾਲਟ ਟਰੰਪ ਦੇ ਸਮਰੱਥਕਾਂ ਵੱਲੋਂ ਕੀਤਾ ਗਿਆ, ਉਹ ਅਮਰੀਕਾ ਵਿੱਚ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਵਿੱਚ ਲੋਕਤੰਤਰ ਨੂੰ ਖੜੇ ਹੋਣ ਵਾਲੇ ਖ਼ਤਰਿਆਂ ਦਾ ਸੂਚਕ ਹੈ।

ਇਹ ਗੱਲ ਕਿੰਨੀ ਹਾਸੋਹੀਣੀ ਜਾਪਦੀ ਹੈ ਕਿ ਡੋਨਾਲਡ ਟਰੰਪ ਉਸ ਪਾਰਟੀ ਦਾ ਸਰਬਰਾਹ ਹੈ ਜਿਸਦੀ ਡੋਰ ਕਿਸੇ ਵੇਲੇ ਇਬਰਾਹੀਮ ਲਿੰਕਨ ਦੇ ਹੱਥਾਂ ਵਿੱਚ ਹੁੰਦੀ ਸੀ। ਉਹ ਲਿੰਕਨ ਜੋ ਰੀਪਬਲੀਕਨ ਪਾਰਟੀ ਦੇ ਬਾਨੀਆਂ ਵਿੱਚ ਇੱਕ ਸੀ। ਮਾਰਚ 1854 ਵਿੱਚ ਉਹਨਾਂ ਇਸ ਪਾਰਟੀ ਦਾ ਨਾਮ ਰੀਪਬਲੀਕਨ ਨਾਮ ਇਸ ਲਈ ਚੁਣਿਆਂ ਸੀ ਤਾਂ ਜੋ ਪਬਲਿਕ ਦੁਆਰਾ ਚੁਣੇ ਹੋਏ ਲੋਕ ਗਣਤੰਤਰ ਦੀ ਭਾਵਨਾ ਨੂੰ ਸਦਾ ਲਈ ਚੇਤੇ ਰੱਖਣ ਅਤੇ ਉਸਦੀ ਰਖ਼ਵਾਲੀ ਕਰਨ। ਟਰੰਪ ਨੂੰ ਇਸ ਗੱਲ ਦਾ ਸਿਹਰਾ ਦਿੱਤਾ ਜਾ ਸਕਦਾ ਹੈ ਕਿ ਉਸਨੇ ਲਿੰਕਨ ਦੀ ਵਿਰਾਸਤ ਦੀਆਂ ਧੱਜੀਆਂ ਉਡਾ ਕੇ ਅਲੈਕਸਿਸ ਡੀ ਟਕਜ਼ਵਿੱਲ ਵੱਲੋਂ ਕੀਤੀ ਗਈ ਭੱਵਿਖਬਾਣੀ ਨੂੰ ਸੱਚ ਸਾਬਤ ਕਰ ਦਿੱਤਾ ਹੈ। ਅਸਲ ਵਿੱਚ ਟਰੰਪ ਕਿਸੇ ਕਿਸਮ ਦੀ ਸਿਆਸਤੀ ਲਹਿਰ ਦਾ ਇੱਕ ਚਿਹਰਾ ਮੁਹਰਾ ਨਹੀਂ ਸਗੋਂ ਇੱਕ ਤਿੜਕੀ ਹੋਈ ਮਾਨਸਿਕਤਾ ਦੀ ਨਿਸ਼ਾਨੀ ਹੈ। ਦੁੱਖ ਦੀ ਗੱਲ ਇਹ ਇਹ ਇਸ ਮਾਨਸਿਕਤਾ ਵਿੱਚ ਵਿਸ਼ਵ ਭਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਡੋਨਾਲਡ ਟਰੰਪ ਨੇ ਚੋਣਾਂ ਵਿੱਚ ਕੰਧ ਉੱਤੇ ਲਿਖੀ ਹਾਰ ਨੂੰ ਸਵੀਕਾਰ ਕਰਨ ਦੀ ਥਾਂ ਜੋ ਰਾਹ ਅਖਿਤਿਆਰ ਕੀਤਾ, ਉਸਨੂੰ ਸਿਰਫ਼ ਟਰੰਪ ਵਰਤਾਰਾ ਕਰਕੇ ਖਾਰਜ ਨਹੀਂ ਕੀਤਾ ਜਾ ਸਕਦਾ। ਇਹ ਤਾਂ ਸਗੋਂ ਇੱਕ ਗੰਭੀਰ ਸਮੱਸਿਆ ਹੈ ਜਿੱਥੇ ਲੋਕਤੰਤਰ ਪ੍ਰਕਿਰਿਆ ਦੀ ਪਰਵਾਹ ਨਾ ਕਰਨ ਵਾਲੇ ਲੋਕ ਰਾਏ ਨੂੰ ਮਿੱਟੀ ਕਰਨਾ ਆਪਣਾ ਹੱਕ ਸਮਝਦੇ ਹਨ। ਬੀਤੇ ਸਾਲਾਂ ਦੌਰਾਨ ਖਾਸ ਕਰਕੇ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਵਿਸ਼ਵ ਦੇ ਵੱਖ 2 ਹਿੱਸਿਆਂ ਵਿੱਚ ਕਿੰਨੇ ਹੀ ਅਜਿਹੇ ਸਾਸ਼ਕ ਚੋਣਾਂ ਜਿੱਤ ਕੇ ਸੱਤਾ ਉੱਤੇ ਕਾਬਜ਼ ਹੋਏ ਹਨ ਜਿਹਨਾਂ ਦਾ ਲੋਕ ਭਲਾਈ ਨਾਲ ਕੋਈ ਬਹੁਤਾ ਵਾਹ ਵਾਸਤਾ ਨਹੀਂ ਹੁੰਦਾ। ਰੂਸ, ਤੁਰਕੀ, ਇਜ਼ਰਾਈਲ, ਹੰਗਰੀ, ਪੋਲੈਂਡ, ਅਤੇ ਅਮਰੀਕਾ ਇਸਦੀਆਂ ਤਾਜ਼ਾ ਮਿਸਾਲਾਂ ਹਨ। ਇਵੇਂ ਹੀ ਜਾਪਾਨ, ਕੈਨੇਡਾ, ਆਸਟਰੀਆ, ਬ੍ਰਿਟੇਨ, ਭਾਰਤ ਅਤੇ ਆਸਟਰੇਲੀਆ ਆਦਿ ਵਿੱਚ ਇਹਨਾਂ ਰੁਝਾਨਾਂ ਨੂੰ ਸਪੱਸ਼ਟ ਵੇਖਿਆ ਜਾ ਸਕਦਾ ਹੈ। ਚੀਨ ਦੀ ਤਾਂ ਖੈਰ ਗੱਲ ਸਪਸ਼ੱਟ ਹੀ ਹੈ। ਜਰਮਨੀ ਵਿੱਚ ਦਹਾਕਿਆਂ ਬਾਅਦ ਸੱਜੇ ਪੱਖੀ ਗੁੱਟਾਂ ਦੇ ਮੈਂਬਰ ਪਾਰਲੀਮੈਂਟ ਵਿੱਚ ਜਾ ਸਜੇ ਹਨ। ਜਿਹਨਾਂ ਮੁਲਕਾਂ ਵਿੱਚ ਤਾਨਾਸ਼ਾਹੀ ਰਾਜ ਹਨ ਜਾਂ ਜਿੱਥੇ ਲੋਕਤੰਤਰ ਢਾਂਚਾ ਵੈਸੇ ਹੀ ਕਮਜ਼ੋਰ ਹੈ, ਉੱਥੇ ਦੇ ਹਾਲਾਤਾਂ ਬਾਰੇ ਕੀ ਆਖਣਾ ਹੋਇਆ।

ਟਰੰਪ ਦੀ ਮਾਨਸਿਕਤਾ ਦੇ ਉਲਟ ਤਾਂ ਸਾਡੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਭਾਰਤ ਦੇ ਹੋਰ ਸੂਬਿਆਂ ਦੇ ਕਿਸਾਨ ਧੀਰਜ, ਠੰਰਮੇ ਅਤੇ ਹੌਸਲੇ ਵਾਲੇ ਹਨ ਜੋ ਆਪਣੇ ਵਾਜਬ ਹੱਕਾਂ ਲਈ ਅਮਨ ਸ਼ਾਂਤੀ ਨਾਲ ਧਰਨੇ ਦੇ ਰਹੇ ਹਨ। ਵਕਤ ਹੈ ਕਿ ਵਿਸ਼ਵ ਆਗੂ ਸਾਡੇ ਕਿਸਾਨਾਂ ਕੋਲੋਂ ਸਬਕ ਸਿੱਖਣ ਜਿਹਨਾਂ ਨੂੰ ਗੰਵਾਰ, ਅਤਿਵਾਦੀ ਆਖ ਕੇ ਬਦਨਾਮ ਕੀਤਾ ਜਾਂਦਾ ਹੈ। ਆਮ ਕਰਕੇ ਅਸੀਂ ਅਖੌਤੀ ਵੱਡਿਆਂ ਨੂੰ ਵੇਖਦੇ ਆਪਣੇ ਨਿੱਜੀ ਗੁਣਾਂ ਨੂੰ ਵਿਸਾਰ ਬੈਠਦੇ ਹਾਂ ਜਦੋਂ ਕਿ ਲੋੜ ਹੱਕ ਸੱਚ ਲਈ ਲੜਨ ਵਾਲੇ ਬਹਾਦਰ ਆਮ ਲੋਕਾਂ ਤੋਂ ਸੇਧ ਲੈਣ ਦੀ ਹੁੰਦੀ ਹੈ। ਪਰ ਅਜਿਹਾ ਹੁੰਦਾ ਕਿੱਥੇ ਹੈ? ਜੇ ਅਜਿਹਾ ਹੋਵੇ ਤਾਂ ਟਰੰਪ ਨੂੰ ਆਪਣਾ ਖਾਸ ਦੋਸਤ ਕਰਾਰ ਦੇਣ ਵਾਲਾ ਨਰਿੰਦਰ ਮੋਦੀ ਨਿਮਰਤਾ ਨਾਲ ਕਿਸਾਨਾਂ ਕੋਲ ਆ ਕੇ ਮੁਆਫ਼ੀ ਮੰਗ ਲਵੇ। ਉੱਤਮ ਗੁਣਾਂ ਨਾਲ ਲਬਰੇਜ਼ ਕਿਸਾਨਾਂ ਤੋਂ ਇਹ ਆਸ ਰੱਖੀ ਜਾ ਸਕਦੀ ਹੈ ਕਿ ਮੁਆਫ਼ੀ ਮੰਗਣ ਆਏ ਮੋਦੀ ਨੂੰ ਪਰੇਮ ਨਾਲ ਗਲੇ ਲਾ ਲੈਣ। ਪਰ ਕੱਟੜ ਸੋਚ ਵਾਲੇ ਹਾਕਮਾਂ ਵਿੱਚ ਪਰੇਮ ਦੀ ਆਸ ਰੱਖਣਾ ਵੀ ਤਾਂ ਪਾਣੀ ਦੇ ਨਿਵਾਣ ਤੋਂ ਉਚਾਣ ਵੱਲ ਜਾਣ ਦੀ ਆਸ ਕਰਨ ਬਰਾਬਰ ਹੈ।

# ਕਿਸਾਨ ਅੰਦੋਲਨ: ਖੇਤੀਬਾੜੀ ਕਾਨੂੰਨ ਤੇ ਐੱਮਐੱਸਪੀ ਦੀ ਅਸਲੀਅਤ

-ਪ੍ਰਿੰ. ਸਰਵਣ ਸਿੰਘ-




ਐੱਮਐੱਸਪੀ ਯਾਣੀ ਘੱਟੋਘੱਟ ਸਮੱਰਥਨ ਮੁੱਲ, ਉਹ ਭਾਅ ਹੁੰਦੇ ਹਨ ਜੋ ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੱਲੋਂ ਸਰਕਾਰ ਅੱਗੇ ਪੇਸ਼ ਕੀਤੇ ਜਾਂਦੇ ਹਨ। ਇਹ ਫਿਰ ਹਾੜ੍ਹੀ ਸਾਉਣੀ ਦੀਆਂ ਫਸਲਾਂ ਬੀਜਣ ਤੋਂ ਪਹਿਲਾਂ ਸਰਕਾਰ ਵੱਲੋਂ ਐਲਾਨ ਦਿੱਤੇ ਜਾਂਦੇ ਹਨ। ਭਾਰਤ ਸਰਕਾਰ 23 ਫਸਲਾਂ ਦੇ ਸਮੱਰਥਨ ਭਾਅ ਐਲਾਨਦੀ ਆ ਰਹੀ ਹੈ। ਸਵਾਲ ਹੈ, ਕੀ 23 ਦੀਆਂ 23 ਫਸਲਾਂ ਐਲਾਨੇ ਹੋਏ ਭਾਅ ’ਤੇ ਖਰੀਦੀਆਂ ਜਾ ਰਹੀਆਂ ਹਨ?

ਅੰਕੜਿਆਂ ਮੁਤਾਬਿਕ ਸਿਰਫ਼ 6% ਸਦੀ ਫਸਲਾਂ ਹੀ ਖਰੀਦੀਆਂ ਜਾਂਦੀਆਂ ਹਨ ਤੇ ਉਹ ਵੀ ਮੁੱਖ ਤੌਰ ’ਤੇ ਕਣਕ ਝੋਨੇ ਦੀਆਂ। ਪੀਡੀਐੱਸ ਯਾਣੀ ਜਨਤਕ ਵੰਡ ਪ੍ਰਣਾਲੀ ਲਈ, ਸਭ ਤੋਂ ਵੱਧ ਅਨਾਜ ਪੰਜਾਬ ਤੇ ਹਰਿਆਣੇ ਵਿਚੋਂ ਖਰੀਦਿਆ ਜਾ ਰਿਹੈ। ਗਰੀਬੀ ਰੇਖਾ ਤੋਂ ਹੇਠਲੀ ਦੇਸ਼ ਦੀ ਅੱਧੋਂ ਵੱਧ ਜਨਤਾ ਅਤੇ ਮਿਡ ਡੇ ਮੀਲ ਲੈਂਦੇ ਸਕੂਲਾਂ ਦੇ ਕਰੋੜਾਂ ਬੱਚੇ ਪੰਜਾਬ ਤੇ ਹਰਿਆਣੇ ਦੇ ਅਨਾਜ ਉਤੇ ਪਲਦੇ ਹਨ। ਏਡਾ ਪਰਉਪਕਾਰ ਕਰਨ ਵਾਲੇ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਨੂੰ ਵੀ ਕੇਵਲ ਦੋ ਫਸਲਾਂ ਕਣਕ ਝੋਨੇ ਦੀ ਹੀ ਐੱਮਐੱਸਪੀ ਮਿਲਦੀ ਹੈ ਤੇ ਉਹ ਵੀ ਡਾ. ਸਵਾਮੀਨਾਥਨ ਕਮਿਸ਼ਨ ਫਾਰਮੂਲੇ ਤੋਂ ਕਿਤੇ ਘੱਟ। ਇਉਂ ਭਾਰਤੀ ਕਿਸਾਨਾਂ ਦੀਆਂ 94% ਫਸਲਾਂ ਦੀ ਅੰਨ੍ਹੀ ਲੁੱਟ ਹੁੰਦੀ ਹੈ ਜੋ ਅਰਬਾਂ ਖਰਬਾਂ ਰੁਪਈਆਂ ਵਿਚ ਅੰਕੀ ਜਾ ਸਕਦੀ ਹੈ। ਸਿੱਟੇ ਵਜੋਂ ਕਿਸਾਨਾਂ ਸਿਰ ਕਰਜ਼ੇ ਚੜ੍ਹੀ ਜਾ ਰਹੇ ਹਨ ਅਤੇ ਕਰਜ਼ਿਆਂ ਦੇ ਦੁੱਖੋਂ ਹੁਣ ਤਕ ਚਾਰ ਲੱਖ ਕਿਸਾਨ ਆਤਮ ਹੱਤਿਆਵਾਂ ਕਰ ਚੁੱਕੇ ਹਨ। ਇਹ ਹੈ ਭਾਰਤ ਦੇ ‘ਜੈ ਕਿਸਾਨ’ ਮਾਟੋ ਦੀ ਅਸਲੀਅਤ!

ਪਰ ਅਸਲੀਅਤ ਦੇ ਉਲਟ ਸਰਕਾਰ ਕੂੜ ਪ੍ਰਚਾਰ ਕਰੀ ਜਾ ਰਹੀ ਹੈ ਕਿ ਦੇਸ਼ ਮੇਂ ਐੱਮਐੱਸਸੀ ਜਾਰੀ ਹੈ ਔਰ ਜਾਰੀ ਰਹੇਗੀ। ਹਮ ਲਿਖ ਕਰ ਦੇਣੇ ਕੋ ਤਿਆਰ ਹੈਂ! ਹੋਰ ਤਾਂ ਹੋਰ ਸਰਕਾਰ ਵਾਰ ਵਾਰ ਇਹ ਝੂਠ ਵੀ ਬੋਲੀ ਜਾ ਰਹੀ ਹੈ ਕਿ ਐੱਮਐੱਸਸੀ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਜਾਰੀ ਹੈ ਜਿਸ ਉਤੇ ਬਾਕ-ਾਇਦਾ ਫਸਲਾਂ ਖਰੀਦੀਆਂ ਜਾਂਦੀਆਂ ਹਨ। ਦੇਖ ਲਓ ਪੰਜਾਬ ਤੇ ਹਰਿਆਣੇ ਵਿਚ ਰਿਕਾਰਡ ਖਰੀਦ ਕੀਤੀ ਗਈ। ਇਹ ਵੀ ਪ੍ਰਚਾਰੀ ਜਾਂਦੀ ਹੈ ਕਿ ਤਿੰਨ ਨਵੇਂ ਖੇਤੀਬਾੜੀ ਕਾਨੂੰਨ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ। ਚਤੁਰ ਹਾਕਮ ਸਮਝਦੇ ਹਨ ਕਿ ਕਿਸਾਨ ਢੋਰ ਗੰਵਾਰ ਹਨ। ਉਨ੍ਹਾਂ ਨੂੰ ਜਿੰਨੇ ਮਰਜ਼ੀ ਬੁਧੂ ਬਣਾਈ ਜਾਓ। ਜਿੰਨੀ ਮਰਜ਼ੀ

ਛਿੱਲ ਲਾਹੀ ਜਾਓ ਤੇ ਕਾਰਪੋਰੇਟ ਯਾਰਾਂ ਦੀਆਂ ਤਜੌਰੀਆਂ ਭਰਵਾਈ ਜਾਓ। ਫਿਰ ਉਨ੍ਹਾਂ ਤੋਂ ਥੈਲੀਆਂ ਲਈ ਜਾਓ ਤੇ ਚੋਣਾਂ ਜਿੱਤ ਕੇ ਉਨ੍ਹਾਂ ਨੂੰ ਹੋਰ ਮਾਲਾਮਾਲ ਕਰੀ ਜਾਓ। ਕਿਸਾਨ ਇਨ੍ਹਾਂ ਕਾਨੂੰਨਾਂ ਨੂੰ ਕਾਲੇ ਕਾਨੂੰਨ ਇਸ ਕਰਕੇ ਕਹਿੰਦੇ ਹਨ ਕਿ ਇਹ ਕਾਰ-ਪੋਰੇਟ ਪੱਖੀ ਹਨ ਤੇ ਕਿਸਾਨ ਦੋਖੀ ਹਨ। ਕਿਸਾਨ ਇਨ੍ਹਾਂ ਨੂੰ ਆਪਣੀ ਮੌਤ ਦੇ ਵਾਰੰਟ ਸਮਝ ਰਹੇ ਹਨ।

ਸੰਵਿਧਾਨ ਅਨੁਸਾਰ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ ਕੇਂਦਰ ਦਾ ਨਹੀਂ। ਕਿਸਾਨਾਂ ਦੀ ਉਪਜ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਸੂਬਿਆਂ ਕੋਲ ਹੈ ਕੇਂਦਰ ਸਰਕਾਰ ਕੋਲ ਨਹੀਂ। ਮੋਦੀ ਸਰਕਾਰ ਨੇ ਸੂਬਿਆਂ ਦੇ ਅਧਿਕਾਰ ਉਤੇ ਡਾਕਾ ਮਾਰ ਕੇ ਇਹ ਕਾਨੂੰਨ ਕਾਰਪੋਰੇਟਾਂ ਅਥਵਾ ਪੂੰਜੀਪਤੀਆਂ ਨੂੰ ਹੋਰ ਅਮੀਰ ਕਰਨ ਲਈ ਬਣਾਏ ਹਨ।

ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸਾਨਾਂ ਦੀ ਕੋਈ ਰਾਏ ਨਹੀਂ ਲਈ ਗਈ, ਉਨ੍ਹਾਂ ਨਾਲ ਕੋਈ ਮਸ਼ਵਰਾ ਨਹੀਂ ਕੀਤਾ ਗਿਆ। ਇਹ ਕਾਨੂੰਨ ਪਾਰਲੀਮੈਂਟ ਦੀ ਸਿਲੈਕਟ ਕਮੇਟੀ ਵਿਚ ਵੀ ਨਹੀਂ ਵਿਚਾਰੇ ਗਏ। ਰਾਜ ਸਭਾ ਵਿਚ ਵੀ

ਵੋਟਾਂ ਪੁਆਏ ਬਿਨਾਂ ਧੱਕੇ ਨਾਲ ਪਾਸ ਕਰ ਦਿੱਤੇ। ਫਿਰ ਕਾਹਲੀ ਵਿਚ ਰਾਸ਼ਟਰਪਤੀ ਦੇ ਦਸਤਖਤ ਕਰਵਾ ਕੇ ਲਾਗੂ ਵੀ ਕਰ ਲਏ। ਕੋਈ ਪੁੱਛੇ, ਐਡੀ ਕਿਹੜੀ ਘੁਲਾੜੀ ’ਚ ਬਾਂਹ ਆਈ ਸੀ ਕਿ ਕਰੋਨਾ ਦੀ ਮਹਾਂਮਾਰੀ ਵਿਚ ਆਰਡੀਨੈਂਸ ਲਿਆ ਕੇ, ਅਫੜਾ ਤਫੜੀ ਵਿਚ ਪਾਰਲੀਮੈਂਟ ’ਚ ਪੇਸ਼ ਕਰ ਕੇ, ਖੜ੍ਹੇ ਪੈਰ ਰਾਸ਼ਟਰਪਤੀ ਦੇ ਦਸਖ਼ਤ ਕਰਵਾ ਲਏ ਗਏ! ਮਨਮਰਜ਼ੀ ਦੇ ਕਾਨੂੰਨ ਬਣਾਉਣ ਗਿੱਝੀ ਮੋਦੀ ਸਰਕਾਰ ਸਮਝਦੀ ਸੀ ਕਿ ਸਾਡੀ ਹੈਂਕੜ ਅੱਗੇ ਕਿਸੇ ਨੇ ਸਿਰ ਨਹੀਂ ਚੁੱਕਣਾ।

ਪਰ ਪੰਜਾਬ ਦੇ ਕਿਸਾਨਾਂ ਨੇ ਸਿਰ ਚੁੱਕ ਲਿਆ ਤੇ ਸ਼ਾਂਤਮਈ ਅੰਦੋਲਨ ਸ਼ੁਰੂ ਕਰ ਕੇ ਸਾਰੇ ਦੇਸ਼ ਦੇ ਕਿਸਾਨਾਂ ਦਾ ਸਿਰ ਚੁਕਵਾ ਦਿੱਤਾ। ਪੰਜਾਬ ’ਚੋਂ ਉਠਿਆ ਕਿਸਾਨਾਂ ਮਜਦੂਰਾਂ ਦਾ ਅੰਦੋਲਨ ਸਾਰੇ ਦੇਸ਼ ਦੇ ਕਿਸਾਨਾਂ ਮਜਦੂਰਾਂ ਦਾ ਅੰਦੋਲਨ ਬਣ ਗਿਆ ਹੈ ਜਿਸ ਨੂੰ ਹੁਣ ਜਨ ਅੰਦੋਲਨ ਕਿਹਾ ਜਾ ਸਕਦੈ। ਹਾਲਾਤ ਹੁਣ ਇਹ ਹਨ ਕਿ ਮੋਦੀ ਸਰਕਾਰ ਜਿੰਨੀ ਛੇਤੀ ਤਿੰਨੇ ਖੇਤੀ ਕਾਨੂੰਨ ਵਾਪਸ ਲਵੇਗੀ ਤੇ ਐੱਮਅੱਸਪੀ ’ਤੇ ਗਰੰਟੀ ਖਰੀਦ ਵਾਲਾ ਕਾਨੂੰਨ ਬਣਾਵੇਗੀ ਉਨਾ ਹੀ ਉਸ ਦਾ ਬਚਾਅ ਹੋ ਸਕੇਗਾ। ਨਹੀਂ ਤਾਂ ਕੰਧ ’ਤੇ ਲਿਖਿਆ ਪੜ੍ਹ ਲਵੇ, ਉਹਦੀ ਹਾਰ ਨਿਸ਼ਚਿਤ ਹੈ। ਅੱਗੇ ਦੀ ਛੱਡੋ, ਆਹ ਪੰਜ ਸਾਲ ਵੀ ਪੂਰੇ ਨੀ ਹੋ ਸਕਣੇ। ਅੰਨਦਾਤੇ ਪੋਹ ਦੇ ਮਹੀਨੇ ਖੁੱਲ੍ਹੇ ਅਸਮਾਨ ਹੇਠ ਠੁਰ ਠੁਰ ਕਰ ਰਹੇ ਹਨ, ਘਰਾਂ ਤੋਂ ਦੂਰ ਔਰਤਾਂ, ਬੱਚੇ ਤੇ ਬਜ਼ੁਰਗ ਅਕਹਿ ਦੁੱਖੜੇ ਜਰ ਰਹੇ ਹਨ ਤੇ ਸਰਕਾਰ ਦੇ ਸਤਾਏ ਸ਼ਹਾਦਤਾਂ ਪਾ ਰਹੇ ਹਨ। ਉਹ ਕਿਹੜੇ ਕਸ਼ਟ ਹਨ ਜੋ ਉਹ ਭੋਗ ਨਹੀਂ ਰਹੇ? ਜਾਗ ਸਰਕਾਰੇ ਜਾਗ, ਅਜੇ ਵੀ ਜਾਗਣ ਦਾ ਵੇਲਾ ਹੈ। ਸੁਧਾਰ ਲੈ ਆਪਣੀ ਗ਼ਲਤੀ ਜੇ ਸੁਧਾਰ ਹੁੰਦੀ ਐ ਤਾਂ। ਕਿਤੇ ਰਾਜੋਂ ਨਰਕ ਨਾ ਮਿਲਜੇ?

ਗੋਦੀ ਮੀਡੀਆ ਵੀ ਸਰਕਾਰ ਵੱਲੋਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੇ ਕੂੜ ਪ੍ਰਚਾਰ ਦੀ ਥਾਂ ਸੱਚ ਦਾ ਢੰਡੋਰਚੀ ਬਣੇ। ਸਰਕਾਰ ਨੇ 2015 ਵਿਚ ਹੀ ਸੁਪਰੀਮ ਕੋਰਟ ਨੂੰ ਲਿਖ ਕੇ ਦੇ ਦਿੱਤਾ ਸੀ ਕਿ ਸਵਾਮੀਨਾਥਨ ਰਿਪੋਰਟ ’ਤੇ ਅਮਲ ਨਹੀਂ ਕਰ ਸਕਦੀ। ਅਮਲ ਕੀਤਾ ਜਾਂਦਾ ਤਾਂ 2019-20 ਦੀਆਂ ਘੱਟੋ ਘੱਟ ਸਮੱਰਥਨ ਕੀਮਤਾਂ ਇਸ ਪ੍ਰਕਾਰ ਹੁੰਦੀਆਂ। ਝੋਨਾ 1868 ਰੁਪਏ ਕੁਇੰਟਲ ਦੀ ਥਾਂ 2501 ਰੁਪਏ ਹੁੰਦਾ, ਕਣਕ 1840 ਦੀ ਥਾਂ 2009, ਮੱਕੀ 1820 ਦੀ ਥਾਂ 2409 (ਪਰ ਵਿਕੀ ਇਹ 600 ਤੋ 1100 ਵਿਚਕ-ਾਰ) ਛੋਲੇ 4620 ਦੀ ਥਾਂ 5757, ਮੂੰਗੀ 7195 ਦੀ ਥਾਂ 9423, ਮਾਂਹ 5491 ਦੀ ਥਾਂ 8355, ਮਸਰ 4475 ਦੀ ਥਾਂ 6323, ਮੂੰਗਫਲੀ 5273 ਦੀ ਥਾਂ 6768, ਸਰ੍ਹੋਂ ਤੋਰੀਆ 4200 ਦੀ ਥਾਂ 4916, ਸੋਇਆਬੀਨ 3881 ਦੀ ਥਾਂ 5270, ਸੂਰਜਮੁਖੀ 5882 ਦੀ ਥਾਂ 7819, ਤਿਲ 6856 ਦੀ ਥਾਂ 1923 ਅਤੇ ਨਰਮਾ ਕਪਾਹ 5615 ਦੀ ਥਾਂ 7403 ਰੁਪਏ।

ਪੰਜਾਬ ਹਰਿਆਣੇ ਵਿਚ ਕੇਵਲ ਕਣਕ ਤੇ ਝੋਨੇ ਦੀਆਂ ਦੋ ਫਸਲਾਂ ਹੀ ਐੱਮਐੱਸਪੀ ਅਨੁਸਾਰ ਖਰੀਦੀਆਂ ਗਈਆਂ। ਬਾਕੀ 21 ਫਸਲਾਂ ਸਮੱਥਰਨ ਭਾਅ ਤੋਂ ਕਿਤੇ ਸਸਤੀਆਂ ਵੇਚਣੀਆਂ ਪਈਆਂ। ਲਓ ਇਕੱਲੇ ਪੰਜਾਬ ਦੀ ਲੁੱਟ ਹੀ ਵੇਖੋ। ਜੇਕਰ ਮੋਦੀ ਸਰਕਾਰ ਦੇ ਕੂੜ ਪ੍ਰਚਾਰ ਅਨੁਸਾਰ ਪੰਜਾਬ ਦੇ ਕਿਸਾਨਾਂ ਦੀਆਂ ਦੋ ਫਸਲਾਂ ਕਣਕ ਤੇ ਝੋਨਾ ਹੀ ਸਵਾਮੀਨਾਥਨ ਰਿਪੋਰਟ ਦੇ ਫਾਰਮੂਲੇ ਮੁਤਾਬਿਕ ਵਿਕਦੀਆਂ ਤਾਂ ਕਿਸਾਨਾਂ ਨੂੰ 11376.28 ਕਰੋੜ ਰੁਪਏ ਹੋਰ ਮਿਲਦੇ। 23 ਫਸਲਾਂ ਦੇ ਤਾਂ ਲੱਖ ਕਰੋੜ ਰੁਪਏ ਕਿਸਾਨਾਂ ਨੂੰ ਵਧ ਮਿਲਦੇ। ਪੰਜਾਬ ਦੀਆਂ ਫਸਲਾਂ ਦੀ ਇਹ ਸਿਰਫ਼ ਇਕ ਸਾਲ ਦੀ ਲੁੱਟ ਹੈ। 1967 ਤੋਂ ਹਿਸਾਬ ਲਾ ਲਓ ਹੁਣ ਤਕ ਕਿੰਨੀ ਲੁੱਟ ਹੋਈ? ਪੰਜਾਬ ਦੇ ਕਿਸਾਨਾਂ ਦਾ ਸਾਰਾ ਕਰਜ਼ਾ ਸਿਰਫ਼ ਇਕ ਸਾਲ ਦੀ ਲੁੱਟ ਖ਼ਤਮ ਕਰਨ ਨਾਲ ਲਹਿ ਸਕਦੈ। ਸਵਾਮੀਨਾਥਨ ਰਿਪੋਰਟ ਲਾਗੂ ਹੋਣ ਨਾਲ ਤਾਂ ਪੰਜਾਬ ਸਰਕਾਰ ਦੇ ਸਿਰ ਚੜ੍ਹਿਆ ਤਿੰਨ ਲੱਖ ਕਰੋੜ ਦਾ ਕਰਜ਼ਾ ਵੀ ਲੱਥ ਸਕਦੈ। ਪਰ ਸ਼ਰਤ ਇਕੋ ਹੈ ਕਿ ਪੰਜਾਬ ਦੇ ਲੋਕ ਅਗਲੀ ਸਰਕਾਰ ਕੁਰੱਪਸ਼ਨ ਮੁਕਤ ਬਣਾ ਸਕਣ। ਵੇਖਦੇ ਹਾਂ ਕਹਾਵਤ ‘ਯਥਾ ਰਾਜਾ ਤਥਾ ਪਰਜਾ’ ਕਦੋਂ ‘ਯਥਾ ਪਰਜਾ ਤਥਾ ਰਾਜਾ’ ਬਣਦੀ ਹੈ?

# ਕਿਸਾਨ ਅੰਦੋਲਨ ਜੀ ਟੀ ਏ ’ਚ ਭਖਿਆ, ਪਤਾਂਜਲੀ ਸਟੋਰ ਦਾ ਕੀਤਾ ਘੇਰਾਓ !




ਟਰਾਂਟੋ (ਕੰਵਲਜੀਤ ਸਿੰਘ ਕੰਵਲ) ਭਾਰਤ ਵਿਚਲੇ ਦਿੱਲੀ ਘੇਰੀ ਬੈਠੇ ਕਿਸਾਨ ਅੰਦੋਲਨਕਾਰੀਆਂ ਦੇ ਹੱਕ ਵਿੱਚ ਜਿੱਥੇ ਦੁਨੀਆਂ ਭਰ ਵਿੱਚ ਕਿਸਾਨ ਪੱਖੀ ਵੱਖ ਵੱਖ ਭਾਈਚਾਰਿਆਂ

ਵੱਲੋਂ ਹਰ ਚੌਂਕ ਚੁਰਾਹੇ ਚ ਮੁਜਾਰਿਆਂ ਰੋਸ ਰੈਲੀਆਂ ਦਾ ਚਲਨ ਜਾਰੀ ਹੈ ਉੱਥੇ ਅੰਬਾਨੀ,ਅਡਾਨੀ ਅਤੇ ਪਤਾਂਜਲੀ ਦੇ ਪਰੋਡਕਟ ਵੇਚਣ ਵਾਲੇ ਅਦਾਰਿਆਂ ਦਾ ਘੇਰਾਓ ਵੀ ਵੱਡੀ ਪੱਧਰ ਤੇ ਕੀਤਾ ਜਾ ਰਿਹਾ ਹੈ ਅਤੇ ਇਸੇ ਤਹਿਤ ਬੀਤੇ ਐਤਵਾਰ ਪੰਜਾਬੀਆਂ ਦੀ ਘਣੀ ਵੱਸੋਂ ਵਾਲੇ ਸ਼ਹਿਰ ਬਰੈਂਮਪਟਨ ਵਿੱਚ ਵੱਖ ਵੱਖ ਥਾਂਵਾਂ ਅਤੇ ਵੱਖ ਵੱਖ ਜੱਥੇਬੰਦੀਆਂ ਵੱਲੋਂ ਜਿੱਥੇ ਰੋਸ ਮੁਜਾਹਰੇ ਕੀਤੇ ਗਏ ਉੱਥੇ ਪਤਾਂਜਲੀ ਦਾ ਸਮਾਨ ਵੇਚਣ ਸਟੋਰ ਜੋ ਕਿ ਟਾਰਬਰਮ ਅਤੇ ਨਾਰਥ ਪਾਰਕ ਰੋਡ ਤੇ ਸਥਿੱਤ ਪਲਾਜੇ ਚ ਹੈ ਉੱਥੇ ਕੁਝ ਸਮਾਜਕ ਜੱਥੇਬੰਦੀਆਂ ਜਿਹਨਾਂ ਚ ਸਾਰੋਕਾਰਾਂ ਦੀ ਆਵਾਜ ਦੀ ਅਗਵਾਈ ਦਵਿੰਦਰ ਸਿੰਘ ਤੂਰ, ਅਲਾਂਇੰਸ ਆਫ ਪਰੋਗਰੈਸਿਵ ਕੈਨੇਡੀਅਨਜ ਦੀ ਅਗਵਾਈ ਸ਼ਮਸ਼ਾਦ ਇਲਾਹੀ, ਸਿਰਜਨ ਹਾਰੀਆਂ ਇੰਟਰਨੈਸ਼ਨਲ ਵੁਮੈਨ ਐਸੋਸੀਏਸ਼ਨ ਦੀ ਅਗਵਾਈ ਹਰਜਸਪਰੀਤ ਕੌਰ ਗਿੱਲ ਅਤੇ ਪੁਸ਼ਪਿੰਦਰ ਜੋਸਨ ਆਦਿ ਕਰ ਰਹੇ ਸਨ ਨੇ ਸ਼ਾਮ 3 ਵਜੇ ਸ਼ੂਰੂ ਹੋਏ ਇਸ ਰੋਸ ਮੁਜਾਹਰੇ ਚ ਸ਼ਾਮਲ ਹੋਏ ਲੋਕਾਂ ਨੇ ਜੰਮ ਕੇ ਭਾਰਤ ਸਰਕਾਰ, ਅੰਬਾਨੀ ਅਡਾਨੀ ਅਤੇ ਪਤਾਂਜਲੀ ਆਦਿ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਅਤੇ ਕਿਸਾਨ ਜੱਥੇਬੰਦੀਆਂ ਦੇ ਹੱਕ ਵਿੱਚ ਰੋਸ ਨੂੰ ਸਾਂਝਿਆ ਕੀਤਾ।

# ਕੈਨੇਡਾ ਫੈਂਡਰਲ ਸਰਕਾਰ 2021 ਦੌਰਾਨ ਵੀ ਕੈਨੇਡੀਅਨਜ਼ ਦੀ ਸਿਹਤਯਾਬੀ ਅਤੇ ਬਿਹਤਰੀ ਲਈ ਕਦਮ ਚੁੱਕਣੇ ਜਾਰੀ ਰੱਖੇਗੀ : ਸੋਨੀਆ ਸਿੱਧੂ

"ਪਿਛਲੇ ਸਾਲ ਕੋਵਿਡ-19 ਸਬੰਧੀ ਹੋਏ ਕੁੱਲ ਖਰਚੇ 'ਚੋਂ 87 ਫ਼ੀਸਦੀ ਹਿੱਸਾ ਫੈਂਡਰਲ ਲਿਬਰਲ ਸਰਕਾਰ ਵੱਲੋਂ ਖਰਚ ਕੀਤਾ ਗਿਆ"

ਬਰੈਂਪਟਨ - 2020 ਸਾਰੀ ਦੁਨੀਆ ਲਈ ਹੀ ਇੱਕ ਚੁਣੌਤੀ ਭਰਿਆ ਸਮਾਂ ਰਿਹਾ ਹੈ। ਕੋਵਿਡ-19 ਨਾਮੀਂ ਮਹਾਂਮਾਰੀ ਨੇ ਜਿੱਥੇ ਇੱਕ ਪਾਸੇ ਸਾਰਿਆਂ ਦੀ ਸਿਹਤ ਸੁਰੱਖਿਆਂ ਨੂੰ ਲੈ ਕੇ ਕਈ ਮੁਸ਼ਕਿਲ ਚੁਣੌਤੀਆਂ ਸਾਡੇ ਸਾਹਮਣੇ ਰੱਖੀਆਂ, ਉਥੇ ਹੀ ਸਾਨੂੰ ਕੰਮ-ਕਾਜ ਅਤੇ ਸਮਾਜ 'ਚ ਵਿਚਰਨ ਦੇ ਕਈ ਤਰੀਕਿਆਂ 'ਚ ਵੀ ਬਦਲਾਅ ਕਰਨ ਪਏ ਹਨ ਅਤੇ ਸੋਸ਼ਲ ਡਿਸਟੈਂਸਿੰਗ ਨੂੰ ਤਰਜੀਹ ਦੇਣੀ ਪਈ ਹੈ।

ਇਸ ਦੌਰਾਨ ਕੈਨੇਡੀਅਨ ਦੀ ਸਿਹਤ ਅਤੇ ਸੁਰੱਖਿਆ ਦੇ ਮੱਦੇਨਜ਼ਰ ਕੈਨੇਡਾ ਸਰਕਾਰ ਵੱਲੋਂ ਪਿਛਲੇ ਸਾਲ ਦੌਰਾਨ ਹਰ ਲੋੜੀਂਦੀ ਮਦਦ ਕੀਤੀ ਗਈ ਤਾਂ ਜੋ ਕੋਈ ਵੀ ਵਰਗ ਨੂੰ, ਚਾਹੇ ਉਹ ਬੱਚੇ ਜਾਂ ਬਜ਼ੁਰਗ ਹੋਣ, ਨੌਕਰੀਪੇਸ਼ਾ ਜਾਂ ਕਾਰੋਬਾਰੀ ਹੋਣ, ਕਿਸੇ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਬਾਰੇ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਹੁਣ, ਸਾਲ 2021 'ਚ ਕੈਨੇਡਾ ਦੀ ਰਿਕਵਰੀ ਨੂੰ ਲੈਕੇ ਫੈਂਡਰਲ ਲਿਬਰਲ ਸਰਕਾਰ ਕੈਨੇਡੀਅਨਜ਼ ਦੀ ਮਦਦ ਕਰਨ ਲਈ ਵਚਨਬੱਧ ਹੈ। ਸਾਲ 2020 'ਚ ਮਿਲਦੀਆਂ ਵਿੱਤੀ ਸਹਾਇਤਾ ਨੂੰ ਵੀ 2021 ਤੱਕ ਵਧਾ ਦਿੱਤਾ ਗਿਆ ਹੈ, ਤਾਂ ਜੋ ਅਜੇ ਵੀ ਵਿੱਤੀ ਸੰਕਟ 'ਚੋਂ ਜੂਝ ਰਹੇ ਵਿਅਕਤੀਆਂ ਦੀ ਜੇਬ 'ਤੇ ਹੋਰ ਬੋਝ ਨਾ ਪਵੇ।

ਹੈਲਥ ਕੈਨੇਡਾ ਨੇ ਮੁਲਕ ਵਿੱਚ ਵਰਤਣ ਲਈ ਦੋ ਟੀਕਿਆਂ, ਫਾਈਜ਼ਰ-ਬਾਇਓਐਂਨਟੈਕ ਅਤੇ ਮੋਡਰਨਾ ਨੂੰ ਅਧਿਕਾਰਤ ਕੀਤਾ ਹੈ, ਅਤੇ ਫਰੰਟ ਲਾਈਨ ਵਰਕਰਾਂ ਲਈ ਟੀਕਾਕਰਨ ਪਹਿਲਾਂ ਹੀ ਸ਼ੁਰੂ ਹੋ ਚੁੱਕਿਆ ਹੈ। 31 ਦਸੰਬਰ, 2020 ਤੱਕ, ਫੈਂਡਰਲ ਸਰਕਾਰ ਨੇ ਕੈਨੇਡੀਅਨਾਂ ਲਈ ਪ੍ਰੋਵਿੰਸਾਂ ਅਤੇ ਪ੍ਰਦੇਸ਼ਾਂ ਵਿੱਚ 420,000 ਤੋਂ ਵੱਧ ਟੀਕੇ ਵੰਡੇ ਹਨ, ਅਤੇ ਅਸੀਂ ਫਾਈਜ਼ਰ ਅਤੇ ਮੋਡਰਨਾ ਦੋਵਾਂ ਤੋਂ 31 ਜਨਵਰੀ ਤੱਕ ਘੱਟੋ ਘੱਟ 1.2 ਮਿਲੀਅਨ ਖੁਰਾਕਾਂ ਖਰੀਦੀਆਂ ਜਾਣੀਆਂ ਹਨ।

ਇਸ ਸਬੰਧੀ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਜ਼ੋਰ ਦਿੰਦਿਆਂ ਕਿਹਾ ਕਿ ਜਦ ਤੱਕ ਸਾਰੇ ਕੈਨੇਡੀਅਨਾਂ ਦੀ ਇੱਕ ਵੈਕਸੀਨ ਦੀ ਪਹੁੰਚ ਨਹੀਂ ਹੁੰਦੀ, ਉਦੋਂ ਤੱਕ ਸਾਨੂੰ ਕੋਵਿਡ-19 ਤੋਂ ਬਚਾਅ ਲਈ ਇਕੱਠੇ ਕੰਮ ਕਰਦੇ ਰਹਿਣ ਦੀ ਜ਼ਰੂਰਤ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਕੋਵਿਡ ਅਲਰਟ ਐਪ ਨੂੰ ਡਾਊਨਲੋਡ ਅਤੇ ਇਸਤੇਮਾਲ ਕਰਨੀ ਚਾਹੀਦੀ ਹੈ ਅਤੇ ਸਥਾਨਕ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਇਕੱਠੇ ਮਿਲ ਕੇ ਅਸੀਂ ਇਸ ਸੰਕਟ ਵਿੱਚੋਂ ਜਲਦੀ ਤੋਂ ਜਲਦੀ ਬਾਹਰ ਆ ਸਕੀਏ। ਅੱਗੇ ਗੱਲ ਕਰਦਿਆਂ ਸੋਨੀਆ ਸਿੱਧੂ ਨੇ ਕਿ ਪਿਛਲੇ ਸਾਲ ਦੌਰਾਨ ਉਹਨਾਂ ਵੱਲੋਂ ਬਰੈਂਪਟਨ ਸਾਊਥ ਅਤੇ ਓਟਾਵਾ 'ਚ ਰਹਿ ਕੇ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਅਤੇ ਉਹ ਅਜਿਹਾ ਕਰਨਾ ਜਾਰੀ ਰੱਖਣਗੇ। ਇਸਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਆਪਣੀ ਮਰਜ਼ੀ ਨਾਲ ਦੇਸ਼ ਤੋਂ ਬਾਹਰ ਜਾ ਕੇ ਮੁੜਣ 'ਤੇ 14 ਦਿਨ ਦੇ ਇਕਾਂਤਵਾਸ ਦੌਰਾਨ ਕੈਨੇਡਾ ਰਿਕਵਰੀ ਬੈਨੀਫਿਟ ਲਈ ਅਪਲਾਈ ਕਰਨਾ ਸਹੀ ਨਹੀਂ ਹੈ, ਅਤੇ ਇਸਨੂੰ ਰੋਕਣ ਲਈ ਫੈਂਡਰਲ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਐੱਮ.ਪੀ ਸਿੱਧੂ ਨੇ ਕਿਹਾ ਕਿ ਇਹ ਬੈਨੀਫਿਟ ਲੋੜਵੰਦਾਂ ਲਈ ਹਨ ਅਤੇ ਕਿਸੇ ਵੱਲੋਂ ਇਸਦੀ ਆਪਣੇ ਨਿੱਜੀ ਫਾਇਦੇ ਲਈ ਵਰਤੋਂ ਕਰਨਾ ਇੱਕ ਗਲਤ ਵਰਤਾਰਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

PUNJABI RANG RADIO
CAIO 530AM
11pm-12am EST
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਪੰਜਾਬੀਆਂ ਦਾ ਫੌਜ ਵਿੱਚ ਘੱਟ ਰਿਹੈ ਅਨੁਪਾਤ

ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ



ਪੰਜਾਬੀਆਂ ਵਾਸਤੇ ਇਹ ਫਖਰ ਵਾਲੀ ਗੱਲ ਹੈ ਕਿ ਐਤਕੀਂ ਤੀਸਰੀ ਵਾਰ ਲਗਾਤਾਰ ਪੰਜਾਬ ਦੇ ਕੈਡਿਟ ਨੂੰ ਆਈ ਐਮ ਏ ਦੀ ਪਾਸਿੰਗ ਆਊਟ ਪਰੇਡ ਵੇਲੇ ਸਰਬੋਤਮ ਦਰਜਾ ਹਾਸਲ ਕਰਨ ਲਈ 'ਸਵੋਰਡ ਆਫ ਆਨਰ' ਨਾਲ ਸਨਮਾਨਤ ਕੀਤਾ ਗਿਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਕਮਿਸ਼ਨ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਨੌਜਵਾਨ ਦੂਸਰੇ ਰਾਜਾਂ ਦੇ ਮੁਕਾਬਲੇ ਕਿੱਥੇ ਖੜੇ ਹਨ? 12 ਦਸੰਬਰ 2020 ਨੂੰ ਆਈ ਐਮ ਏ ਦੀ ਪਾਸਿੰਗ ਆਊਟ ਪਰੇਡ ਦਾ ਮੁਆਇਨਾ ਕਰਨ ਪਿੱਛੋਂ ਲੈਫਟੀਨੈਂਟ ਜਨਰਲ ਐਸ ਕੇ ਸੈਣੀ ਵਾਈਸ ਚੀਫ ਆਫ ਆਰਮੀ ਸਟਾਫ ਨੇ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਕੈਡਿਟ (ਲੈਫਟੀਨੈਂਟ) ਵਤਨਦੀਪ ਸਿੰਘ ਸਿੱਧੂ ਨੂੰ 147ਵੇਂ ਰੈਗੂਲਰ ਕੋਰਸ ਅਤੇ 130ਵੇਂ ਟੈਕਨੀਕਲ ਗਰੈਜੂਏਟ ਕੋਰਸ ਦੋਵਾਂ 'ਚੋਂ ਸਾਂਝੇ ਤੌਰ 'ਤੇ ਸਰਬੋਤਮ ਕੈਡਿਟ ਐਲਾਨ ਕਰ ਕੇ 'ਸਵੋਰਡ ਆਫ ਆਨਰ' ਨਾਲ ਨਿਵਾਜਿਆ ਹੈ। ਪੰਜਾਬ ਦੇ ਨੌਜਵਾਨ ਨੂੰ ਇਹ ਸਨਮਾਨ ਇਹ ਤੀਜੀ ਵਾਰ ਮਿ-ਲਿਆ ਹੈ। ਵਧਾਈ ਦਾ ਪਾਤਰ ਹੈ ਲੈਫਟੀਨੈਂਟ ਵਤਨਦੀਪ ਸਿੰਘ ਤੇ ਉਸ ਦੇ ਮਾਂ-ਬਾਪ। ਓਦੋਂ ਪਹਿਲਾਂ ਤਰਨ ਤਾਰਨ ਜ਼ਿਲ੍ਹੇ ਦੇ ਆਕਾਸ਼ਦੀਪ ਸਿੰਘ ਢਿੱਲੋਂ ਨੂੰ ਬੀਤੀ ਜੂਨ ਵਿੱਚ ਅਤੇ ਰੂਪਨਗਰ ਦੇ ਹਰਪ੍ਰੀਤ ਨੂੰ ਮਾਰਚ 'ਚ ਆਫੀਸਰਜ਼ ਟਰੇਨਿੰਗ ਅਕੈਡਮੀ ਚੇਨਈ ਤੋਂ ਇਹੀ ਸਨਮਾਨ ਮਿਲਿਆ ਸੀ।

12 ਦਸੰਬਰ ਨੂੰ ਪਾਸ ਆਊਟ ਹੋਏ ਕੁੱਲ 395 ਕੈਡਿਟ ਵਿੱਚੋਂ 70 ਮਿੱਤਰ ਦੇਸ਼ਾਂ ਦੇ ਵੀ ਸਨ। ਜਿਨ੍ਹਾਂ ਭਾਰਤੀ ਖੁਸ਼ਨਸੀਬ ਨੌਜਵਾਨਾਂ ਦੇ ਮੋਢਿਆਂ ਉਤੇ ਅਧਿਕਾਰੀਆਂ ਨੇ ਦੋ ਸਟਾਰ ਸਜਾ ਕੇ ਲੈਫਟੀਨੈਂਟ ਦਾ ਰੈਂਕ ਦਿੱਤਾ, ਉਨ੍ਹਾਂ ਵਿੱਚ ਪਹਿਲਾਂ ਵਾਂਗ ਸਭ ਤੋਂ ਵੱਧ ਪੰਜਾਹ ਉਤਰ ਪ੍ਰਦੇਸ਼ ਦੇ, 45 ਹਰਿਆਣਾ ਦੇ, ਪੰਜਾਬ ਅਤੇ ਕੇਰਲਾ ਦੇ ਬਰਾਬਰ 15-15, ਹਿਮਾਚਲ ਪ੍ਰਦੇਸ਼ ਦੇ 10 ਅਤੇ ਬਾਕੀ ਹੋਰ ਰਾਜਾਂ ਦੇ ਸਨ। ਇਸੇ ਤਰ੍ਹਾਂ 13 ਜੂਨ 2020 ਨੂੰ ਭਾਰਤੀ ਮੂਲ ਦੇ 333 ਕੈਡਿਟਾਂ ਨੇ ਕਮਿਸ਼ਨ ਪ੍ਰਾਪਤ ਕੀਤਾ, ਜਿਨ੍ਹਾਂ ਵਿੱਚ ਸਭ ਤੋਂ ਵੱਧ 66 ਉਤਰ ਪ੍ਰਦੇਸ਼ ਦੇ, 39 ਹਰਿਆਣਾ, 25 ਪੰਜਾਬ ਦੇ ਅਤੇ 14 ਹਿਮਾਚਲ ਦੇ ਅਤੇ ਬਾਕੀ ਦੂਸਰੇ ਰਾਜਾਂ ਨਾਲ ਸਬੰਧਤ ਸਨ। ਸੱਤ ਦਸੰਬਰ 2019 ਨੂੰ ਆਈ ਐਮ ਏ ਵਿੱਚੋਂ 427 ਕੈਡਿਟਾਂ ਨੇ ਕਮਿਸ਼ਨ ਹਾਸਲ ਕੀਤਾ ਸੀ। ਮਿੱਤਰ ਦੇਸ਼ਾਂ ਦੇ ਅੱਸੀ ਕੈਡਿਟ ਛੱਡ ਕੇ ਬਾਕੀਆਂ 'ਚੋਂ ਸਭ ਤੋਂ ਵੱਧ ਕੈਡਿਟ 53 ਉਤਰ ਪ੍ਰਦੇਸ਼ ਦੇ, 51 ਹਰਿਆਣਾ, 36 ਬਿਹਾਰ, 25 ਦਿੱਲੀ, 20 ਮਹਾਰਾਸ਼ਟਰ, 15 ਹਿਮਾਚਲ ਅਤੇ ਪੰਜਾਬ ਦੇ ਕੇਵਲ 14 ਹੀ ਸਨ। ਜਨਵਰੀ 2016 ਵਿੱਚ ਜੋ 520 ਕੈਡਿਟ ਪਾਸ ਆਊਟ ਹੋਏ, ਉਨ੍ਹਾਂ ਵਿੱਚੋਂ ਯੂ ਪੀ ਦੇ 98 ਫਿਰ ਸਭ ਤੋਂ ਮੋਹਰੀ, ਹਰਿਆਣਾ ਨੇ ਆਪਣੀ ਲੀਡ ਕਾਇਮ ਰੱਖੀ ਤੇ ਉਸ ਦੇ 60 ਨੌਜਵਾਨਾਂ ਨੇ ਕਮਿਸ਼ਨ ਹਾਸਲ ਕੀਤਾ, ਉਤਰਾਖੰਡ ਦੇ 52 ਕੈਡਿਟ ਸਨ, ਜਦ ਕਿ ਪੰਜਾਬ ਫਿਰ ਫਾਡੀ ਰਿਹਾ, ਉਸ ਦੇ ਕੇਵਲ 29 ਕੈਡਿਟ ਸਨ। ਅੱਠ ਦਸੰਬਰ 2012 ਨੂੰ ਆਈ ਐਮ ਏ ਤੋਂ 615 ਕੈਡਿਟ ਪਾਸ ਆਊਟ ਹੋਏ। ਵਿਦੇਸ਼ੀਆਂ ਨੂੰ ਛੱਡ ਕੇ ਬਾਕੀਆਂ ਵਿੱਚੋਂ ਸਿਰਫ 20 ਪੰਜਾਬੀ ਸਨ, ਜਦੋਂ ਕਿ ਹਰਿਆਣਾ ਦੇ 50 ਅਤੇ ਹਿਮਾਚਲ ਦੇ 22 ਗੱਭਰੂਆਂ ਨੇ ਕਮਿਸ਼ਨ ਪ੍ਰਾਪਤ ਕੀਤਾ ਸੀ। ਬਾਕੀ ਦੂਸਰੇ ਰਾਜਾਂ ਤੋਂ ਸਨ। ਸਾਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਹਰਿਆਣਾ ਤੇ ਹਿਮਾਚਲ ਤੋਂ ਇਲਾਵਾ ਬਿਹਾਰ, ਉਤਰਾਖੰਡ ਅਤੇ ਬਾਕੀ ਰਾਜਾਂ ਤੋਂ ਵੀ ਨੌਜਵਾਨ ਫੌਜ ਵਿੱਚ ਅਫਸਰ ਬਣਨ ਲਈ ਅੱਗੇ ਆ ਰਹੇ ਹਨ, ਪਰ ਪੰਜਾਬ ਕਿਉਂ ਪਛੜ ਰਿਹਾ ਹੈ, ਇਹ ਵੱਡਾ ਸਵਾਲ ਹੈ। ਜੇ ਪੰਜਾਬ ਦੇ ਤਿੰਨ ਜੁਝਾਰੂ ਲਗਾਤਾਰ 'ਸਵੋਰਡ ਆਫ ਆਨਰ' ਨਾਲ ਸਨਮਾਨਤ ਕੀਤੇ ਗਏ ਹਨ ਤਾਂ ਫਿਰ ਪੰਜਾਬ ਦਾ ਅਨੁਪਾਤ ਕਿਉਂ ਘਟ ਰਿਹਾ ਹੈ? ਜੇ ਅਣਵੰਡੇ ਪੰਜਾਬ 'ਚੋਂ ਨਿੱਖੜੇ ਛੋਟੇ ਆਕਾਰ ਅਤੇ ਘੱਟ ਵਸੋਂ ਵਾਲੇ ਸੂਬੇ ਹਰਿਆਣਾ ਦਾ ਤੁਲਨਾਤਮਕ ਵਿਸ਼ਲੇਸ਼ਣ ਪੰਜਾਬ ਨਾਲ ਕੀਤਾ ਜਾਵੇ ਤਾਂ ਸਾਫ ਹੋ ਜਾਵੇਗਾ ਕਿ ਕੁੱਲ ਹਿੰਦ ਕਮਿਸ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵਿੱਚੋਂ ਹਰਿਆਣਾ ਦੇ ਨੌਜਵਾਨਾਂ ਦਾ ਅਫਸਰੀ ਸਿਲੈਕਸ਼ਨ ਰੇਟ 10 ਫੀਸਦੀ ਤੱਕ ਪਹੁੰਚ ਗਿਆ ਹੈ ਤੇ ਪੰਜਾਬ ਦਾ ਗ੍ਰਾਫ 3.50 ਫੀਸਦੀ ਤੱਕ ਸੀਮਿਤ ਕਿਉਂ? ਕੀ ਪੰਜਾਬ ਦੇ ਹਾਕਮਾਂ ਨੂੰ ਨੌਜਵਾਨਾਂ ਦੇ ਭਵਿੱਖ ਦੀ ਚਿੰਤਾ ਨਹੀਂ?

ਇਨ੍ਹਾਂ ਵੇਰਵਿਆਂ ਦਾ ਅਧਿਐਨ ਕਰਨ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜੇ 2012 ਵਿੱਚ ਕਮਿਸ਼ਨ ਹਾਸਲ ਕਰਨ ਵਾਲਿਆਂ ਦੀ ਗਿਣਤੀ 615 ਕੈਡਿਟਾਂ ਵਿੱਚੋਂ 20 ਪੰਜਾਬੀ ਸਨ ਅਤੇ ਅੱਠ ਸਾਲਾਂ ਬਾਅਦ 325 ਭਾਰਤੀਆਂ 'ਚੋਂ ਵੀ 15 ਪੰਜਾਬੀ ਸਨ ਤਾਂ ਫਿਰ ਵਾਧੇ ਵਾਲੀ ਸੂਈ ਕਿਉਂ ਅੜੀ ਹੋਈ ਹੈ? ਇਸ ਦਾ ਜਵਾਬ ਤਾਂ ਡੀਂਗਾਂ ਮਾਰਨ ਵਾਲੇ ਦੇਣ?

ਇਸ ਵਿੱਚ ਸ਼ੱਕ ਨਹੀਂ ਕਿ ਫੌਜ 'ਚ ਅਫਸਰ ਤੋਂ ਹੇਠਲੇ ਰੈਂਕ ਵਾਲਿਆਂ ਦੀ ਭਰਤੀ ਆਲ ਇੰਡੀਆ ਰਿਕਰੂਟੇਬਲ ਮੇਲ ਪਾਪੂਲੇਸ਼ਨ ਪਾਲਿਸੀ ਦੇ ਆਧਾਰ ਉੱਤੇ ਹੁੰਦੀ ਹੈ। ਫੌਜ ਵਿੱਚ ਭਰਤੀ ਹੋਣ ਦੇ ਚਾਹਵਾਨ ਹਜ਼ਾਰਾਂ ਦੀ ਗਿਣਤੀ ਵਿੱਚ ਭਰਤੀ ਰੈਲੀਆਂ ਵਿੱਚ ਪੁੱਜਦੇ ਹਨ, ਜਿਵੇਂ ਜਨਵਰੀ ਦੇ ਸ਼ੁਰੂ ਵਿੱਚ ਪੰਜਾਬ ਵਿੱਚ ਰੈਲੀਆਂ ਮੌਕੇ ਦੌਰਾਨ ਦੇਖਣ ਨੂੰ ਮਿਲੇਗਾ। ਬਹੁਤੇ ਤਾਂ ਸਰੀਰਕ ਟੈਸਟਾਂ ਵਿੱਚ ਝੜ ਜਾਂਦੇ ਹਨ ਅਤੇ ਮਿਥੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਜੇ ਸਰੀਰਕ ਤੌਰ ਉੱਤੇ ਫਿੱਟ ਵੀ ਹੋ ਜਾਣ ਤਾਂ ਉਨ੍ਹਾਂ 'ਚੋਂ ਬਹੁਤ ਸਾਰੇ ਲਿਖਤੀ ਟੈਸਟ ਪਾਸ ਨਹੀਂ ਕਰ ਸਕਦੇ। ਫਿਰ ਮੈਰਿਟ ਬਣਦੀ ਹੈ ਕਿਉਂਕਿ ਭਰਤੀ ਦਾ ਕੋਟਾ ਪਲਟਨਾਂ ਦੇ ਕੋਟੇ ਅਨੁਸਾਰ ਤੈਅ ਹੁੰਦਾ ਹੈ। ਅਫਸੋਸ ਦੀ ਗੱਲ ਇਹ ਹੈ ਕਿ ਕਈ ਭਰਤੀ ਯੋਗ ਨੌਜਵਾਨ ਨਸ਼ਿਆਂ ਦੀ ਵਰਤੋਂ ਕਰ ਕੇ ਜਾਂ ਗੈਂਗਸਟਰਾਂ ਦੇ ਢਹੇ ਚੜ੍ਹ ਕੇ ਆਪਣੀ ਅਨਮੋਲ ਜਵਾਨੀ ਨੂੰ ਤਬਾਹ ਕਰ ਰਹੇ ਹਨ। ਜ਼ਿਕਰ ਯੋਗ ਹੈ ਕਿ ਫੌਜ 'ਚ ਅਫਸਰਾਂ ਦੀ ਚੋਣ ਮੈਰਿਟ 'ਤੇ ਨਿਰਭਰ ਕਰਦੀ ਹੈ, ਸੂਬੇ ਦੀ ਵਸੋਂ ਅਨੁਸ-ਾਰ ਨਹੀਂ। ਇਸ ਦਾ ਕਿਸੇ ਵਿਸ਼ੇਸ ਸਮਾਜ ਨਾਲ ਕੋਈ ਸਬੰਧ ਨਹੀਂ। ਇਸ ਸਿਲਸਿਲੇ ਵਿੱਚ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ, ਹਿਮਾਚਲ ਤੇ ਹਰਿਆਣਾ ਦੀ ਆਬਾਦੀ ਦੇਸ਼ ਦੀ ਕੁੱਲ ਜਨ ਸੰਖਿਆ ਦਾ ਕਰੀਬ ਦੋ ਫੀਸਦੀ ਹੀ ਹਿਸਾ ਹੈ, ਪਰ ਅੰਕੜੇ ਇਹ ਸਿੱਧ ਕਰਦੇ ਹਨ ਕਿ ਇਥੋਂ 22 ਫੀਸਦੀ ਨੌਜਵਾਨਾਂ ਨੇ ਕਮਿਸ਼ਨ ਪਰਾਪਤ ਕੀਤਾ, ਜਿਸ ਵਿੱਚ ਪੰਜਾਬ ਪੱਛੜ ਗਿਆ।

ਪੰਜਾਬ 'ਚ ਯੂਨੀਵਰਸਿਟੀਆਂ ਦੀ ਕੋਈ ਘਾਟ ਨਹੀਂ, ਅਣਗਿਣਤ ਕਾਲਜ ਤੇ ਪਬਲਿਕ ਸਕੂਲ ਹਨ ਜਿਨ੍ਹਾਂ 'ਚੋਂ ਕੁਝ ਸੰਸਥਾਵਾਂ ਕੋਲ ਐਨ ਸੀ ਸੀ ਕੇਂਦਰ ਵੀ ਹੈ। ਇਸ ਤੋਂ ਇਲਾਵਾ ਸੈਨਿਕ ਸਕੂਲ ਕਪੂਰਥਲਾ, ਇਰਦ-ਗਿਰਦ ਮੋਹਾਲੀ, ਫਤਿਹਗੜ੍ਹ ਸਾਹਿਬ, ਖਡੂਰ ਸਾਹਿਬ ਤੇ ਹੋਰ ਅਨੇਕਾਂ ਅਰਧ ਸਰਕਾਰੀ ਪ੍ਰਾਈਵੇਟ ਕੋਚਿੰਗ ਸੈਂਟਰ, ਅਕਾਦਮੀਆਂ ਨੌਜਵਾਨਾਂ ਨੂੰ ਕਮਿਸ਼ਨ ਦੀ ਤਿਆਰੀ ਕਰਵਾਉਣ 'ਚ ਰੁੱਝੀਆਂ ਹੋਈਆਂ ਹਨ। ਐਨ ਸੀ ਸੀ ਡਾਇਰੈਕਟੋਰੇਟ ਸਮੇਤ ਸਾਰੀਆਂ ਸੰਸਥਾਵਾਂ ਇਸ਼ਤਿਹਾਰਬਾਜ਼ੀ ਰਾਹੀਂ ਜਾਂ ਖਬਰਾਂ ਜ਼ਰੀਏ ਆਪਣੀਆਂ ਉਪਲਬਧੀਆਂ ਗਿਣਾਉਂਦੀਆਂ ਥੱਕਦੀਆਂ ਨਹੀਂ, ਪਰ ਅੰਕੜੇ ਤਾਂ ਚਿੰਤਾਜਨਕ ਦ੍ਰਿਸ਼ ਪੇਸ਼ ਕਰਦੇ ਹਨ। ਜੇ ਲਗਾਤਾਰ ਪਾਸਿੰਗ ਆਊਟ ਪਰੇਡ ਸਮੇਂ ਤਿੰਨ ਪੰਜਾਬੀ ਨੌਜਵਾਨ ਬੈਸਟ ਕੈਡਿਟ ਚੁਣੇ ਗਏ ਹੋਣ ਤਾਂ ਬਾਕੀ ਵਿਦਿਆਰਥੀ ਮੇਰੇ ਵਾਂਗ ਦਿਹਾਤੀ ਸਕੂਲਾਂ 'ਚ ਪੜ੍ਹੇ ਹੋਏ ਕਿਉਂ ਨਹੀਂ ਚੁਣੇ ਜਾ ਰਹੇ?

ਹੋਣਹਾਰ ਨੌਜਵਾਨਾਂ ਦੀ ਪੰਜਾਬ ਵਿੱਚ ਘਾਟ ਬਿਲਕੁਲ ਨਹੀਂ। ਗੱਲ ਉਦੋਂ ਦੀ ਹੈ, ਜਦੋਂ ਮੈਂ ਸੰਨ 1997 ਤੋਂ 2003 ਦੌਰਾਨ ਸੈਨਿਕ ਭਲਾਈ ਵਿਭਾਗ ਪੰਜਾਬ ਦੀ ਅਗਵਾਈ ਕਰ ਰਿਹਾ ਸੀ। ਇੱਕ ਦਿਨ ਮਾਨਸਾ ਜ਼ਿਲ੍ਹੇ ਦੇ ਓਦੋਂ ਦੇ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਇੱਕ ਹੋਣਹ-ਾਰ ਵਿਦਿਆਰਥੀ ਨੂੰ ਮੇਰੇ ਦਫਤਰ ਲੈ ਕੇ ਆਏ ਤੇ ਕਹਿਣ ਲੱਗੇ ਕਿ ਇਸ ਬੱਚੇ ਨੇ ਕਮਿਸ਼ਨ ਦੀ ਇੰਟਰਵਿਊ ਵਾਸਤੇ ਜਾਣਾ ਹੈ, ਇਸ ਦੀ ਮਦਦ ਕਰੋ। ਮੈਂ ਉਸ ਸਮੇਂ ਸਿਲੈਕਸ਼ਨ ਸੈਂਟਰ ਇਲਾਹਾਬਾਦ ਦੇ ਕਮਾਂਡਰ ਰਹਿ ਚੁੱਕੇ ਮੇਜਰ ਜਨਰਲ ਗੁਰਦਿਆਲ ਸਿੰਘ ਹੁੰਦਲ ਨਾਲ ਗੱਲਬਾਤ ਕਰ ਕੇ ਉਸ ਨੌਜਵਾਨ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਹੁੰਦਲ ਸਾਹਿਬ ਅਜੇ ਪੈਨਸ਼ਨ ਆਏ ਹੀ ਸਨ ਤੇ ਕੋਈ ਪ੍ਰਾਈਵੇਟ ਅਕਾਦਮੀ ਨਹੀਂ ਸਨ ਚਲਾ ਰਹੇ ਸਨ। ਉਨ੍ਹਾਂ ਨੇ ਕੈਂਡੀਡੇਟ ਨੂੰ ਖੂਬ ਝੰਬਿਆ। ਕੁਝ ਸਮੇਂ ਬਾਅਦ ਮੋਫਰ ਸਾਹਿਬ, ਹੋਣਹਾਰ ਨੌਜਵਾਨ ਤੇ ਉਸ ਦਾ ਬਾਪ ਲੱਡੂਆਂ ਦਾ ਡੱਬਾ ਲੈ ਕੇ ਮੇਰੇ ਕੋਲ ਆਏ ਤੇ ਦੱਸਿਆ ਕਿ ਲੜਕਾ ਆਈ ਐਮ ਏ 'ਚ ਸਿਖਲਾਈ ਵਾਸਤੇ ਜਾ ਰਿਹਾ ਹੈ।

ਜੇ ਨੇਤਾ ਪਰਵਾਰਵਾਦ, ਦੌਲਤਵਾਦ ਤੋਂ ਉਪਰ ਉਠ ਕੇ ਨਸ਼ਾਖੋਰੀ ਵਰਗੀਆਂ ਬੁਰਾਈਆਂ ਨੂੰ ਦੂਰ ਕਰਨਗੇ ਤਾਂ ਫੌਜ ਵਿੱਚ ਅਫਸਰਾਂ ਦੀ ਗਿਣਤੀ ਜ਼ਰੂਰ ਵਧੇਗੀ। ਸਾਲ ਕੁ ਪਹਿਲਾਂ ਮੈਨੂੰ ਖਡੂਰ ਸਾਹਿਬ ਵਿਖੇ ਸੰਤ ਬਾਬਾ ਸੇਵਾ ਸਿੰਘ ਜੀ ਦੇ ਸੱਦੇ ਉੱਤੇ ਐਨ ਡੀ ਏ ਦੀ ਸਿਖਲਾਈ ਵਾਲੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਿਆ। ਇਸੇ ਤਰ੍ਹਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਵੀ ਬੱਚਿਆਂ ਦੇ ਸਨਮੁੱਖ ਹੁੰਦਿਆਂ ਇਹ ਮਹਿਸੂਸ ਕੀਤਾ ਕਿ ਨੌਜਵਾਨ ਵਰਗ ਵਿੱਚ ਫੌਜ ਪ੍ਰਤੀ ਰੁਚੀ ਪੈਦਾ ਕਰਨ ਦੀ ਲੋੜ ਹੈ। ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਰੁਖ਼ ਕਰ ਰਹੀ ਹੈ। ਨੇਤਾ ਡੰਗ ਟਪਾਊ ਨੀਤੀ ਅਪਣਾ ਕੇ ਨਸ਼ਿਆਂ ਨੂੰ ਠੱਲ੍ਹ ਨਹੀਂ ਪਾ ਸਕੇ। ਜੇ ਉਹ ਸਰਹੱਦੀ ਸੂਬਾ, ਜਿੱਥੋਂ ਦਾ ਮੁੱਖ ਮੰਤਰੀ ਵੀ ਸਾਬਕਾ ਫੌਜੀ ਅਤੇ ਰਾਜ ਭਾਗ ਦਾ ਆਨੰਦ ਮਾਣ ਰਹੇ ਉਚ ਕੋਟੀ ਦੇ ਫੌਜੀ ਅਡਵਾਈਜ਼ਰ ਹੋਣ ਅਤੇ ਇੱਕ ਦਰਜਨ ਤੋਂ ਵੱਧ ਲੈਫਟੀਨੈਂਟ ਜਨਰਲ ਰੈਂਕ ਤੱਕ ਦੇ ਪੰਜਾਬੀ ਅਫਸਰ ਸਰਵਿਸ ਸਿਲੈਕਸ਼ਨ ਬੋਰਡਾਂ ਤੇ ਇਸ ਦੀਆਂ ਕਈ ਕਾਰਪੋਰੇਸ਼ਨਾਂ ਦੇ ਚੇਅਰਮੈਨ ਤੇ ਐਮ ਡੀ ਹੋਣ, ਫਿਰ ਨੌਜਵਾਨਾਂ ਵੱਲ ਧਿਆਨ ਨਾ ਦੇਣਾ ਮੰਦਭਾਗਾ ਹੈ।

# ਦਿਲ ਵਿੱਚ ਪੰਜਾਬ ਬੋਲਦਾ

-ਅਰਵਿੰਦਰ ਜੌਹਲ

ਅਖਬਾਰ ਦਾ ਆਖਰੀ ਐਡੀਸ਼ਨ ਦੇਣ ਬਾਅਦ ਮੈਂ ਜਦੋਂ ਦਫਤਰ ਦੀ ਕੈਬ ਵਿੱਚ ਘਰ ਵੱਲ ਤੁਰੀ ਤਾਂ ਸਾਢੇ ਗਿਆਰਾਂ ਵਜੇ ਤੋਂ ਤੇ ਦਾ ਵੇਲਾ ਸੀ। ਅਖਬਾਰ ਦੀ ਮਾਨਸਿਕ ਤੌਰ 'ਤੇ ਥਕਾ ਦੇਣ ਵਾਲੀ ਡਿਊਟੀ ਦੇ ਬਾਵਜੂਦ ਘਰ ਪੁੱਜਦਿਆਂ ਹੀ ਮੈਂ ਯੂ ਟਿਊਬ ਉਤੇ ਕਿਸਾਨ ਅੰਦੋਲਨ ਨਾਲ ਸੰਬੰਧਤ ਵੀਡੀਓਜ਼ 'ਤੇ ਤਰਦੀ ਜਿਹੀ ਨਜ਼ਰ ਮਾਰ ਰਹੀ ਸੀ ਕਿ ਅਚਾਨਕ ਕਿਸੇ ਵੀਡੀਓ 'ਤੇ ਮੇਰੇ ਤੋਂ ਟੱਚ ਹੋ ਗਿਆ। ਕਿਸੇ ਯੂ ਟਿਊਬ ਚੈਨਲ 'ਤੇ ਮਰਦ-ਔਰਤ ਦੋ ਐਂਕਰ ਕਿਸਾਨਾਂ ਨਾਲ ਸੰਬੰਧਤ ਕਿਸੇ ਗੀਤ 'ਤੇ ਰੀਐਕਸ਼ਨ ਦੇ ਰਹੇ ਸਨ। ਪਹਿਲੀ ਐਂਕਰ ਕਾਫੀ ਭਾਵੁਕ ਨਜ਼ਰ ਆ ਰਹੀ ਸੀ। ਉਸ ਵੱਲੋਂ ਵਾਰ-ਵਾਰ ਕਿਹਾ ਜਾ ਰਿਹਾ ਸੀ, "...ਕਮਾਲ ਦਾ ਗੀਤ ਹੈ। ਇਹ ਗੀਤ ਸੁਣ ਕੇ ਮੈਂ ਬਹੁਤ ਇਮੋਸ਼ਨਲ ਹੋ ਗਈ ਹਾਂ। ਕਿੰਨਾ ਵਧੀਆ ਗੀਤ ਸੀ। ਮੇਰੇ ਕੋਲ ਤਾਰੀਫ ਕਰਨ ਲਈ ਅਲਫਾਜ਼ ਨਹੀਂ।" ਉਸ ਦੇ ਚਿਹਰੇ ਤੋਂ ਇਹ ਸਾਫ ਪੜ੍ਹਿਆ ਜਾ ਰਿਹਾ ਸੀ ਕਿ ਭਾਵਨਾਵਾਂ ਬਿਆਨ ਕਰਨ ਲਈ ਸ਼ਬਦ ਉਸ ਦਾ ਸਾਥ ਨਹੀਂ ਸਨ ਦੇ ਰਹੇ। ਉਹ ਵਾਰ-ਵਾਰ ਲਹਿੰਦੇ ਪੰਜਾਬ ਦੇ ਭਰਾਵਾਂ ਦਾ ਸ਼ੁਕਰੀਆ ਅਦਾ ਕਰ ਰਹੀ ਸੀ ਜਿਨ੍ਹਾਂ ਪੰਜਾਬ ਦੇ ਦਿੱਲੀ ਮੋਰਚੇ ਉਤੇ ਡਟੇ ਆਪਣੇ ਵੀਰਾਂ ਦੀ ਹਮਾਇਤ 'ਚ ਇਹ ਗੀਤ ਲਿਖਿਆ/ ਗਾਇਆ ਸੀ। ਐਂਕਰ ਦੀ ਭਾਵੁਕਤਾ ਨੇ ਉਸ ਗੀਤ ਬਾਰੇ ਮੇਰੀ ਉਤਸੁਕਤਾ ਬਹੁਤ ਵਧਾ ਦਿੱਤੀ ਸੀ। ਗੀਤ ਬਾਰੇ ਆਪਣੀ ਟਿੱਪਣੀ ਖਤਮ ਕਰਨ ਮਗਰੋਂ ਉਸ ਨੇ ਅਨਾਊਂਸ ਕੀਤਾ ਕਿ ਉਹ ਲਹਿੰਦੇ ਪੰਜਾਬ ਦੇ ਨੌਜਵਾਨ ਗਾਇਕਾਂ ਦਾ ਗਾਇਆ ਗੀਤ ਦਰਸ਼ਕਾਂ ਨਾਲ ਸਾਂਝਾ ਕਰ ਰਹੀ ਹੈ। ਸਕਰੀਨ ਉਤੇ ਗੀਤ ਸ਼ੁਰੂ ਹੁੰਦਿਆਂ ਪਹਿਲਾਂ 'ਪੰਜਾਬ' ਲਿਖਿਆ ਉਭਰਿਆ ਤੇ ਇੱਕ ਨੌਜਵਾਨ ਦੀ ਸੰਬੋਧਨੀ ਲਹਿਜ਼ੇ 'ਚ ਆਵਾਜ਼ ਗੂੰਜੀ :

ਚੜ੍ਹਦਾ ਸਿਆਲ ਲੈਂਦੇ ਮੌਤ ਨਾਲ ਫੇਰੇ,
ਪੰਜਾਬ ਦੇ ਕਿਸਾਨਾਂ ਲਾਏ ਦਿੱਲੀ ਵਿੱਚ ਡੇਰੇ।

ਇਸ ਦੇ ਨਾਲ ਦਿੱਲੀ ਵੱਲ ਕੂਚ ਕਰਦੇ ਸੰਘਰਸ਼ੀ ਕਿਸਾਨਾਂ ਅਤੇ ਪੁਲਸ ਵੱਲੋਂ ਉਨ੍ਹਾਂ 'ਤੇ ਮਾਰੀਆਂ ਗਈਆਂ ਪਾਣੀਆਂ ਦੀਆਂ ਬੁਛਾੜਾਂ ਦਾ ਦ੍ਰਿਸ਼ ਸਕਰੀਨ 'ਤੇ ਉਭਰਿਆ। ਕੁਝ ਪਲਾਂ ਮਗਰੋਂ ਸਕਰੀਨ 'ਤੇ ਇੱਕ ਅੱਧਖੜ੍ਹ ਉਮਰ ਦੇ ਕਿਸਾਨ ਦਾ ਚਿਹਰਾ ਨਜ਼ਰੀਂ ਪੈਂਦਾ ਹੈ, ਜਿਸ ਦੀਆਂ ਅੱਖਾਂ 'ਚ ਹੰਝੂ ਨੇ ਤੇ ਪਿੱਛੇ ਗੀਤ ਦੇ ਬੋਲ ਸੁਣਾਈ ਦਿੰਦੇ ਨੇ :

ਪੰਜਾਲੀਆਂ 'ਤੇ ਬਣ ਤਣ ਹੋਇਆ ਜੋ ਜਵਾਨ,
ਅੱਜ ਆਖਦੇ ਕਿਸਾਨ ਅੱਤਵਾਦੀ ਹੋ ਗਿਆ,
ਆਵਦੇ ਖੇਤਾਂ 'ਚ ਸੋਚ ਕੇ ਗੁਲਾਮੀ,
ਸਾਡਾ ਇਹ ਕਿਸਾਨ ਜਜ਼ਬਾਤੀ ਹੋ ਗਿਆ।

ਗੀਤ ਦਾ ਪ੍ਰਭਾਵਾ ਏਨਾ ਤਿੱਖਾ ਅਤੇ ਵੇਗਮਈ ਹੈ ਕਿ ਸੁਣਦਿਆਂ ਤੁਹਾਨੂੰ ਨਹੀਂ ਪਤਾ ਲੱਗਦਾ ਕਿ ਕਦੋਂ ਤੁਹਾਡੀਆਂ ਅੱਖਾਂ ਦੇ ਕੋਏ ਸਿੰਮਣ ਲੱਗਦੇ ਨੇ। ਗੀਤ ਸੁਣ ਕੇ ਮੇਰੇ ਲੂੰ-ਕੰਡੇ ਖੜ੍ਹੇ ਹੋ ਗਏ। ਗੀਤ ਮੈਨੂੰ ਚੰਗਾ ਲੱਗਿਆ। ਮੈਂ ਇੱਕ ਵਾਰੀ ਫਿਰ ਉਹੀ ਗੀਤ ਸੁਣਿਆ, ਇਸ ਤੋਂ ਬਾਅਦ ਫਿਰ ਪਤਾ ਨਹੀਂ ਕਿੰਨੀ ਵਾਰ ਮੈਂ ਵਾਰ-ਵਾਰ ਉਹੀ ਗੀਤ ਸੁਣਿਆ। ਇਸ ਦੇ ਨਾਲ ਹੀ ਇਨ੍ਹਾਂ ਲਹਿੰਦੇ ਪੰਜਾਬ ਦੇ ਗਾਇਕਾਂ ਤੇ ਗੀਤਕਾਰਾਂ ਦੀ ਇੰਟਰਵਿਊ ਵਾਲੀਆਂ ਵੀਡੀਓਜ਼ ਆਉਣ ਲੱਗੀਆਂ ਜਿਸ ਤੋਂ ਪਤਾ ਲੱਗਾ ਕਿ ਅਜੇ ਕੁਝ ਦਿਨ ਪਹਿਲਾਂ ਹੀ ਆਏ ਇਸ ਗੀਤ ਨੂੰ ਇੱਕ ਮਿਲੀਅਨ ਤੋਂ ਵੱਧ ਦਰਸ਼ਕ ਵੇਖ/ ਸੁਣ ਚੁੱਕੇ ਹਨ। ਇਹ ਗੀਤ ਵੱਕਾਰ ਭਿੰਡਰ, ਸ਼ਹਿਜ਼ਾਦ ਸਿੱਧੂ, ਮਨਸੂਰ ਚਿਸ਼ਤੀ, ਇਜਾਜ਼ ਘੱਗ, ਏ ਆਰ ਵੱਟੂ ਨੇ ਗਾਇਆ ਹੈ ਅਤੇ ਬੋਲ ਲਿਖੇ ਨੇ ਕੁਲਜਿੰਦਰ ਕਾਲਕਟ ਅਤੇ ਡੇਰੇਆਲਾ ਨੇ ਤੇ ਸੰਗੀਤ ਮਹਿਮੂਦ ਜੇ ਨੇ ਦਿੱਤਾ ਹੈ। ਇਸ ਗੀਤ ਨਾਲ ਜੁੜੇ ਸਾਰੇ ਨੌਜਵਾਨਾਂ ਦੇ ਪਰਵਾਰ ਕਿਤੇ ਨਾ ਕਿਤੇ ਕਿਸਾਨੀ ਨਾਲ ਜੁੜੇ ਹੋਏ ਨੇ। ਇੰਟਰਵਿਊ ਵਿੱਚ ਇਨ੍ਹਾਂ ਵਿੱਚੋਂ ਇੱਕ ਨੌਜਵਾਨ ਦਾ ਕਹਿਣਾ ਸੀ ਕਿ ਉਸ ਨੂੰ ਪਤਾ ਹੈ ਕਿਵੇਂ ਉਸ ਦਾ ਅੱਬਾ ਸਾਰਾ ਦਿਨ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੁੰਦਾ ਹੈ, ਜਿਸ ਕਰ ਕੇ ਉਹ ਕਿਸਾਨਾਂ ਦੇ ਦੁੱਖ-ਦਰਦ ਨੂੰ ਮਹਿਸੂਸ ਕਰ ਸਕਦਾ ਹੈ। ਉਸ ਨੇ ਕਿਹਾ, "ਜਦੋਂ ਇਹ ਵਡੇਰੇ ਬਾਬੇ ਆਪਣਾ ਹੱਕ ਲੈਣ ਲਈ ਦਿੱਲੀ ਰਵਾਨਾ ਹੋਏ ਤਾਂ ਉਸ ਨੇ ਦੇਖਿਆ ਕਿ ਇਸ ਮੋਰਚੇ 'ਚ ਸ਼ਾਮਲ ਕਿਸੇ ਬਜ਼ੁਰਗ ਦੇ ਹੱਥ ਕੱਟੇ ਹੋਏ ਸਨ ਅਤੇ ਕਿਸੇ ਦੀਆਂ ਲੱਤਾਂ ਨਹੀਂ ਸਨ, ਫਿਰ ਵੀ ਏਨੀ ਠੰਢ ਵਿੱਚ ਉਹ ਆਪਣੇ ਹੱਕਾਂ ਲਈ ਸੰਘਰਸ਼ 'ਤੇ ਡਟੇ ਹੋਏ ਸਨ। ਉਨ੍ਹਾਂ ਦੀ ਬੇਵੱਸੀ ਦੇਖ ਕੇ ਮੈਨੂੰ ਖੁਦ ਨੂੰ ਰੋਣ ਆਉਣ ਲੱਗਾ। ਮੈਨੂੰ ਲੱਗਿਆ ਕਿ ਇਨ੍ਹਾਂ ਬਾਬਿਆਂ ਦਾ ਹੌਸਲਾ ਬੰਨ੍ਹਾਉਣ ਅਤੇ ਇਨ੍ਹਾਂ ਦੀ ਹਮਾਇਤ ਲਈ ਕੁਝ ਕਰਨਾ ਚਾਹੀਦਾ ਹੈ। ਜੇ ਤੁਸੀਂ ਇਨਸਾਨ ਹੋ ਤਾਂ ਕਿਸੇ ਹੋਰ ਦਾ ਦੁੱਖ ਵੀ ਤੁਹਾਨੂੰ ਮਹਿਸੂਸ ਹੁੰਦਾ ਹੈ।"

ਉਨ੍ਹਾਂ ਦੱਸਿਆ ਕਿ ਜਦੋਂ ਚੜ੍ਹਦੇ ਪੰਜਾਬ ਦੇ ਸੰਘਰਸ਼ੀਆਂ ਨੂੰ ਹੌਸਲਾ ਦੇਣ ਲਈ ਉਨ੍ਹਾਂ ਇੱਕ ਗੀਤ ਦੀ ਵਿਉਂਤ ਸੋਚੀ ਤਾਂ ਉਨ੍ਹਾਂ ਨੂੰ ਇਹ ਵੀ ਡਰ ਸੀ ਕਿ ਕਿਤੇ ਭਰਾਤ ਦਾ 'ਗੋਦੀ ਮੀਡੀਆ' ਇਸ ਵਿੱਚ ਪਾਕਿਸਤਾਨੀ ਸਾਜ਼ਿਸ਼ ਵਾਲਾ ਐਂਗਲ ਨਾ ਕੱਢ ਲਵੇ, ਕਿਉਂਕਿ ਪਹਿਲਾਂ ਵੀ ਗੋਦੀ ਮੀਡੀਆ ਮੋਰਚੇ ਉਤੇ ਡਟੇ ਕਿਸਾਨਾਂ ਨੂੰ ਅੱਤਵਾਦੀ ਦੱਸਦਾ ਰਿਹਾ ਸੀ। ਇਸੇ ਲਈ ਉਨ੍ਹਾਂ ਗੀਤ ਲਿਖਣ ਵੇਲੇ ਖਾਸ ਇਸ ਗੱਲ ਦਾ ਧਿਆਨ ਰੱਖਿਆ ਕਿ ਇਸ ਵਿੱਚ ਭਾਰਤ-ਪਾਕਿਸਤਾਨ ਦੀ ਗੱਲ ਨਾ ਕਰ ਕੇ ਦੋਵਾਂ ਪਾਸਿਆਂ ਦੇ ਪੰਜਾਬ ਦੀ ਗੱਲ ਕੀਤੀ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਦੋਵੀਂ ਪਾਸੇ ਦੀ ਬੋਲੀ ਰਹਿਣ-ਸਹਿਣ ਤੇ ਵਿਰਸਾ ਇੱਕੋ ਜਿਹਾ ਹੈ, ਜੋ ਜਜ਼ਬਾਤੀ ਸਾਂਝ ਦਾ ਆਧਾਰ ਹੈ ਤੇ ਇਹੋ ਸਾਂਝ ਇਨ੍ਹਾਂ ਬੋਲਾਂ 'ਚ ਧੜਕਦੀ ਹੈ :

ਸਾਡੇ ਖੂਨ 'ਚ ਵੱਸਦਾ ਪੰਜਾਬ ਬੋਲਦਾ,
ਕੀ ਐ ਚੜ੍ਹਦਾ ਪੰਜਾਬ, ਕੀ ਐ ਲਹਿੰਦਾ ਵੀਰਿਆ

ਇਨ੍ਹਾਂ ਮੁੰਡਿਆਂ 'ਚੋਂ ਇੱਕ ਨੇ ਦੱਸਿਆ ਕਿ ਉਸ ਦੇ ਬਾਬੇ ਨੇ ਜਦੋਂ ਉਸ ਦਾ ਗੀਤ ਦੇਖਿਆ ਤੇ ਸੁਣਿਆ ਤਾਂ ਉਸ ਨੇ ਖੁਸ਼ ਹੁੰਦਿਆਂ ਭਾਵੁਕ ਹੋ ਕੇ ਕਿਹਾ, "ਤੁਸੀਂ ਤਾਂ ਵਿਛੜਿਆ ਪੰਜਾਬ ਮਿਲਾ ਦਿੱਤਾ।" ਇਨ੍ਹਾਂ ਮੁੰਡਿਆਂ ਦੀਆਂ ਗੱਲਾਂ ਸੁਣ ਕੇ ਇਹ ਨਹੀਂ ਲੱਗਦਾ ਕਿ ਵੰਡ ਹੋਇਆ 72 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਕਿ ਵੰਡ ਦਾ ਦਰਦ ਇਨ੍ਹਾਂ ਆਪਣੇ ਸੀਨੇ 'ਤੇ ਨਹੀਂ ਹੰਢਾਇਆ, ਕਿ ਏਧਰਲੇ ਤੇ ਓਧਰਲੇ ਦੁੱਖ ਦਰਦ ਕਿੰਨੇ ਸਾਂਝੇ ਨੇ। ਇਹ ਗੀਤ ਸੁਣਦਿਆਂ ਜੇ ਤੁਸੀਂ ਕੁਝ ਪਲ ਅੱਖਾਂ ਬੰਦ ਕਰ ਲਓ ਤਾਂ ਲੱਗਦੈ, ਇਹ ਤਾਂ ਤੁਹਾਡੇ ਆਪਣੇ ਪੁੱਤ ਨੇ, ਸਾਂਝੇ ਦਰਦਾਂ ਤੋਂ ਵਾਂਝੇ ਅਤੇ ਦੁੱਖਾਂ ਨੂੰ ਸਮਝਣ ਵਾਲੇ। ਜਿਸ ਮੋਰਚੇ ਨੂੰ ਦਿੱਲੀ ਨਾ ਵੜਨ ਦਿੱਤਾ ਗਿਆ, ਉਸ ਦੀ ਚੀਸ ਕਦੋਂ ਵਾਹਗੇ ਦਾ ਗੇਟ ਤੇ ਸੈਂਕੜੇ ਮੀਲ ਲੰਮੀ ਕੰਡਿਆਲੀ ਤਾਰ ਟੱਪ ਗਈ, ਪਤਾ ਵੀ ਨਾ ਲੱਗਾ। ਇਹ ਤਾਂ ਸ਼ਾਇਦ ਕਿਸੇ ਸੋਚਿਆ ਹੀ ਨਹੀਂ ਸੀ ਕਿ ਇਹ ਕਿਸਾਨੀ ਅੰਦੋਲਨ ਹੱਦਾਂ ਤੇ ਸਰਹੱਦਾਂ ਪਾਰ ਕਰ ਕੇ ਦਿਲਾਂ ਦੇ ਦਰਦ ਵੰਡਾਉਣ ਲੱਗੇਗਾ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.




3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.




ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station



## ਇਤਿਹਾਸ ਦੀ ਇਕ ਝਲਕ

# ਰਾਏ ਅਜੀਜ਼ਉੱਲਾ ਖਾਂ ਤੇ ਗੰਗਾ ਸਾਗਰ



-ਪ੍ਰਿੰਸੀਪਲ ਸਰਵਣ ਸਿੰਘ ਚਕਰ-

ਰਾਏ ਅਜੀਜ਼ਉਲਾ ਖਾਂ ਨੇ ਆਪਣੇ ਪੁਰਖੇ ਰਾਏਕਿਆਂ ਦਾ ਪਿਛੋਕੜ ਜਾਣਨ ਲਈ ਲਾਹੌਰ ਤੋਂ ਲੰਡਨ ਤਕ ਦੀਆਂ ਲਾਇਬ੍ਰੇਰੀਆਂ ਛਾਣ ਮਾਰੀਆਂ ਹਨ। ਪੰਜਾਬ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਭਾਗ ਪਹਿਲੇ ਵਿਚ ਦਰਜ ਹੈ ਕਿ ਬਾਰ੍ਹਵੀਂ ਸਦੀ ਵਿਚ ਮੋਕਲ ਚੰਦ ਨਾਂ ਦਾ ਚੰਦਰਵੰਸੀ ਰਾਜਪੂਤ ਜੈਸਲਮੇਰ ਦੇ ਇਲਾਕੇ ’ਚੋਂ ਉਠ ਕੇ ਪੰਜਾਬ ਵਿਚ ਆਇਆ। ਉਸ ਦੀ ਚੌਥੀ ਪੀੜ੍ਹੀ ਦੇ ਤੁਲਸੀ ਰਾਮ ਨੇ 1323ਵਿਚ ਚਕਰ (ਸਾਡਾਪਿੰਡ)ਵਸਾਇਆ। ਫਿਰ ਉਹ ਬਹਾਵਲਪੁਰ ਦੇ ‘ਉੱਚ ਦੇ ਪੀਰ’ ਦੇ ਪ੍ਰਭਾਵ ਹੇਠ ਇਸਲਾਮ ਧਾਰਨ ਕਰ ਗਿਆ। ਉਸ ਦਾ ਨਾਂ ਸਿਰਾਜਉਦੀਨ ਉਰਫ਼ ਸ਼ੇਖ਼ ਚੱਕੂ ਰੱਖਿਆ ਗਿਆ। ਸ਼ੇਖ਼ ਚੱਕੂ ਦੀ ਸੱਤਵੀਂ ਪੀੜ੍ਹੀ ’ਚ ਰਾਏ ਕੱਲ੍ਹਾ ਪਹਿਲਾ ਹੋਇਆ ਜਿਸ ਨੂੰ ਸੁਲਤਾਨ ਅਲਾਉਦੀਨ ਗੌਰੀ ਨੇ ਰਾਏਕੋਟ ਦੇ ਆਲੇ ਦੁਆਲੇ ਦਾ ਕਾਫੀ ਸਾਰਾ ਇਲਾਕਾ ਜਗੀਰ ਵਜੋਂ ਦੇ ਕੇ ‘ਰਾਏ’ ਦਾ ਖ਼ਿਤਾਬ ਬਖਸ਼ਿਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਰਾਏ ਕੱਲ੍ਹਾ ਪਹਿਲਾ ਨੇ 1478 ਈਸਵੀ ਵਿਚ ਪਿੰਡ ਤਲਵੰਡੀ ਰਾਏ ਬੰਨ੍ਹਿਆਂ ਜਿਥੇ ਜਥੇਦਾਰ ਛਾਂਗਾ ਸਿੰਘ ਦੇ ਪੁੱਤਰ ਜਗਦੇਵ ਸਿੰਘ ਤਲਵੰਡੀ ਨੂੰ ਜ਼ਮੀਨ ਅਲਾਟ ਹੋਈ।

ਰਾਏ ਕੱਲ੍ਹਾ ਪਹਿਲਾ ਦੀ ਪੀੜ੍ਹੀ ਅੱਗੇ ਤੁਰਦੀ ਰਾਏ ਕਮਾਲਉਦੀਨ ਪਹਿਲਾ, ਰਾਏ ਅਹਿਮਦ ਜਿਸ ਨੇ 1648 ਵਿਚ ਰਾਏਕੋਟ ਬੱਧਾ, ਫਿਰ ਰਾਏ ਕਮਾਲਉਦੀਨ ਦੂਜਾ ਜਿਸ ਨੇ 1680 ਵਿਚ ਜਗਰਾਓਂ ਵਸਾਇਆ। ਅੱਗੇ ਰਾਏ ਕੱਲ੍ਹਾ ਦੂਜਾ, ਰਾਏ ਕਮਾਲਉਦੀਨ ਤੀਜਾ ਤੇ ਰਾਏ ਕੱਲ੍ਹਾ ਤੀਜਾ। ਅਗਾਂਹ ਰਾਏ ਮੁਹੰਮਦ, ਰਾਏ ਇਲੀਆਸ, ਨੂਰ-ਉਲ-ਨਿਸਾ ਰਾਣੀ ਭਾਗ ਭਰੀ, ਰਾਏ ਇਮਾਮ ਬਖ਼ਸ਼, ਰਾਏ ਫੈਜ਼ ਤਲਬ ਖਾਂ, ਰਾਏ ਇਨਾਇਤ ਖਾਂ, ਰਾਏ ਫ਼ਕੀਰਉੱਲਾ ਖਾਂ ਅਤੇ ਰਾਏ ਅਜ਼ੀਜ਼ਉੱਲਾ ਖਾਂ। ਅਜ਼ੀਜ਼ਉੱਲਾ ਖਾਂ ਦਾ ਵਾਰਸ ਹੈ ਰਾਏ ਮੁਹੰਮਦ ਅਲੀ ਖਾਂ।

ਰਾਏ ਕੱਲ੍ਹਾ ਤੀਜਾ ਉਦੋਂ ਰਾਏਕੋਟ ਰਿਆਸਤ ਦਾ ਮਾਲਕ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ’ਚੋਂ ਪੋਹ ਦੀ ਠਰੀ ਰਾਤ ਨੂੰ ਬਾਹਰ ਨਿਕਲੇ। ਉਥੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਬਾਹਰ ਗੁਰੂ ਜੀ ਨੂੰ ਗ਼ਨੀ ਖਾਂ ਤੇ ਨਬੀ ਖਾਂ ਮਿਲੇ ਜੋ ਘੋੜਿਆਂ ਦੇ ਵਪਾਰੀ ਅਤੇ ‘ਉੱਚ ਦੇ ਪੀਰ’ ਦੇ ਮੁਰੀਦ ਸਨ। ਉਹ ਅਨੰਦਪੁਰ ਸਾਹਿਬ ਘੋੜੇ ਲੈ ਕੇ ਜਾਂਦੇ ਸਨ ਜਿਸ ਕਰਕੇ ਗੁਰੂ ਜੀ ਨੂੰ ਜਾਣਦੇ ਪਛਾਣਦੇ ਸਨ। ਅਤਿ ਸੰਕਟ ਦੇ ਸਮੇਂ ਉਨ੍ਹਾਂ ਨੇ ਗੁਰੂ ਜੀ ਨੂੰ ‘ਉੱਚ ਦੇ ਪੀਰ’ ਵਾਲਾ ਵੇਸ ਪਹਿਨਾ ਕੇ ਪਲੰਘ ਉਤੇ ਬਿਠਾਇਆ ਤੇ ਫੌਜਾਂ ਦੇ ਘੇਰੇ ਵਿਚੋਂ ਲੈ ਨਿਕਲੇ। ਸੰਭਵ ਹੈ ਉਥੇ ਉਨ੍ਹਾਂ ਨੇ ਉੱਚ ਦੇ ਪੀਰ ਵਾਲਾ ਵੇਸ ਪਹਿਨਾਉਂਦਿਆਂ ਰੇਹਲ ਸਮੇਤ ਕੁਰਾਨ ਸ਼ਰੀਫ਼ ਤੇ ਲੋਟੇਨੁਮਾ ਗੰਗਾ ਸਾਗਰ ਦਿੱਤਾ ਹੋਵੇ। ਮਾਛੀਵਾੜੇ ਦੇ ਜੰਗਲਾਂ ਵਿਚੋਂ ਨਿਕਲ ਕੇ ਉਹ ਆਲਮਗੀਰ ਹੁੰਦੇ ਹੋਏ ਪਿੰਡ ਹੇਰ੍ਹਾਂ ਵਿਚ ਮਹੰਤ ਕਿਰਪਾਲ ਦਾਸ ਦੇ ਡੇਰੇ ਪੁੱਜੇ। ਉਥੋਂ ਗ਼ਨੀ ਖਾਂ ਤੇ ਨਬੀ ਖਾਂ ਨੂੰ ਕੁਰਾਨ ਸ਼ਰੀਫ਼ ਸੰਭਾਲ ਕੇ ਵਾਪਸ ਭੇਜ ਦਿੱਤਾ ਗਿਆ ਪਰਮਹੰਤ ਮੁਗ਼ਲਾਂ ਦੇ ਡਰ ਦਾ ਮਾਰਿਆ ਗੁਰੂ ਜੀ ਨੂੰ ਠਾਹਰ ਨਾ ਦੇ ਸਕਿਆ।

1705 ਦੇ ਪਹਿਲੇ ਹਫ਼ਤੇ ਗੁਰੂ ਜੀ ਰਾਏਕੋਟ ਦੀ ਜੂਹ ਵਿਚ ਪਿੰਡ ਲੰਮੇ ਪਹੁੰਚੇ। ਉਸ ਸਮੇਂ ਗੁਰੂ ਜੀ ਨੂੰ ਠਾਹਰ ਦੇਣੀ ਔਰੰਗਜ਼ੇਬ ਦੇ ਕਹਿਰ ਨੂੰ ਸੱਦਾ ਦੇਣਾ ਸੀ। ਪਰ ਆਫ਼ਰੀਨ ਉਸ ਦਲੇਰ ਮਰਦ ਰਾਏ ਕੱਲ੍ਹੇ ਦੇ, ਜੀਹਨੇ ਜ਼ਾਲਮ ਬਾਦਸ਼ਾਹ ਔਰੰਗੇ ਤੇ ਸਰਹੰਦ ਦੇ ਸੂਬੇਦਾਰ ਵਜੀਰ ਖਾਂ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਗੁਰੂ ਜੀ ਨੂੰ ਸ਼ਰਧਾ ਤੇ ਪ੍ਰੇਮ ਨਾਲ ਨਿਵਾਸ ਦਿੱਤਾ ਅਤੇ ਆਪਣੇ ਵਿਸ਼ਵਾਸਪਾਤਰ ਨੂਰੇ ਮਾਹੀ ਨੂੰ ਗੁਰੂ ਜੀ ਦੀ ਟਹਿਲ ਸੇਵਾ ਵਿਚ ਲਾਇਆ। ਇਹ ਰਾਏ ਖਾਨਦਾਨ ਦਾ ਅਜਿਹਾ ਸੁਭ ਕਰਮ ਸੀ ਜਿਸ ਨੂੰ ਗੁਰੂ ਦੇ ਸਿੱਖ ਕਦੇ ਵੀ ਨਹੀਂ ਭੁਲਾ ਸਕਦੇ।

ਰਾਏ ਕੱਲ੍ਹੇ ਨੂੰ ਮਿਲਣ ਤਕ ਗੁਰੂ ਜੀ ਨੂੰ ਪਤਾ ਨਹੀਂ ਸੀ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨਾਲ ਕੀ ਭਾਣਾ ਵਰਤਿਆ ਹੋਵੇਗਾ? ਗੁਰੂ ਜੀ ਦੇ ਕਹਿਣ ਉਤੇ ਰਾਏ ਕੱਲ੍ਹੇ ਨੇ ਆਪਣੇ ਭਰੋਸੇਯੋਗ ਨੌਕਰ ਨੂਰੇ ਮਾਹੀ ਨੂੰ ਸਰਹੰਦ ਭੇਜਿਆ ਤਾਂ ਜੋ ਗੁਰੂ ਜੀ ਦੇ ਪਰਿਵਾਰ ਦੀ ਉੱਘ ਸੁੱਘ ਮਿਲ ਸਕੇ। ਨੂਰੇ ਦੀ ਭੈਣ ਨੂਰਾਂ ਸਰਹੰਦ ਵਿਆਹੀ ਹੋਈ ਸੀ। ਉਹ ਗਿਆ ਤੇ ਮੁੜ ਕੇ ਧਾਹਾਂ ਮਾਰਦਿਆਂ ਸੁਣਾਉਣੀ ਦਿੱਤੀ। ਗੁਰੂ ਜੀ ਨਾਲ ਕਰਾਮਾਤਾਂ ਜੋੜਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਕਿਸੇ ਕਰਾਮਾਤ ਨਾਲ ਨਹੀਂ, ਨੂਰੇ ਮਾਹੀ ਰਾਹੀਂ ਮਿਲੀ ਸੀ। ਉਸ ਵੇਲੇ ਗੁਰੂ ਜੀ ਦੇ ਦਿਲ ’ਤੇ ਜੋ ਬੀਤੀ ਹੋਵੇਗੀ ਉਹਦਾ ਅੰਦਾਜ਼ਾ ਸੰਵੇਦਨਸ਼ੀਲ ਵਿਅਕਤੀ ਸਹਿਜੇ ਹੀ ਲਾ ਸਕਦੇ ਹਨ। ਗੁਰੂ ਜੀ ਤੀਰ ਨਾਲ ਦੱਭ ਦੀ ਜੜ੍ਹ ਪੁੱਟਦਿਆਂ ਬੋਲੇ ਕਿ ਜੀਹਨੇ ਇਹ ਜ਼ੁਲਮ ਕੀਤਾ ਉਹਦੀ ਜੜ੍ਹ ਵੀ ਇਸੇ ਤਰ੍ਹਾਂ ਪੁੱਟੀ ਜਾਵੇਗੀ।

ਰਾਏਕੋਟ ਤੋਂ ਵਿਦਾ ਹੁੰਦਿਆਂ ਗੁਰੂ ਜੀ ਨੇ ਰਾਏ ਕੱਲ੍ਹਾ ਦੀ ਇਨਸਾਨੀ ਹਮਦਰਦੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦੇ ਜਜ਼ਬੇ ਦੀ ਕਦਰ ਕਰਦਿਆਂ ਸ਼ੁਕਰਾਨੇ ਵਜੋਂ ਉਸ ਨੂੰ ਗੰਗਾ ਸਾਗਰ, ਤਲਵਾਰ ਤੇ ਰੇਹਲ ਤਿੰਨ ਵਸਤਾਂ ਪ੍ਰੇਮ ਸਹਿਤ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਕਰਕਮਲਾਂ ਦੁਆਰਾ ਬਖਸ਼ੀਆਂ ਇਹ ਵਸਤਾਂ ਅਜ਼ੀਜ਼ਉੱਲਾ ਦੇ ਵਡੇਰਿਆਂ ਨੇ ਬੜੀ ਸ਼ਰਧਾ ਨਾਲ ਸੰਭਾਲ ਕੇ ਰੱਖੀਆਂ। ਫਿਰ ਵੀ ਲਕੜੀ ਦੀ ਰੇਹਲ ਸਮੇਂ ਨਾਲ ਨਸ਼ਟ ਹੋ ਗਈ ਤੇ ਤਲਵਾਰ ਅੰਗਰੇਜ਼ ਹਾਕਮਾਂ ਨੇ ਹਥਿਆ ਲਈ। ਰਾਏ ਖਾਨਦਾਨ ਪਾਸ ਗੰਗਾ ਸਾਗਰ ਹੀ ਸੁਰੱਖਿਅਤ ਰਹਿ ਸਕਿਆ ਜਿਸ ਦੀ ਉਹ ਤਿੰਨ ਸੌ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਸੇਵਾ ਸੰਭਾਲ ਕਰਦਾ ਆ ਰਿਹੈ। ਗੰਗਾ ਸਾਗਰ ਦੀ ਵਡਿਆਈ ਉਸ ਨੇ ਅਦਭੁੱਤ ਬਰਤਨ ਹੋਣ ਵਿਚ ਨਹੀਂ ਸਗੋਂ ਗੁਰੂ ਜੀ ਦੇ ਪਵਿਤਰ ਹੱਥਾਂ ਦੀ ਛੋਹ ਪ੍ਰਾਪਤ ਹੋਣ ਵਿਚ ਹੈ। ਕਈ ਪੀੜ੍ਹੀਆਂ ਤੋਂ ਰਾਏ ਪਰਿਵਾਰ ਇਕਲੌਤੇ ਪੁੱਤਰਾਂ ਦੇ ਰੂਪ ਵਿਚ ਹੀ ਵਿਗਸ ਰਿਹਾ ਹੈ। ਅਜ਼ੀਜ਼ਉੱਲਾ ਦੇ ਵੀ ਅੱਗੋਂ ਇਕੋ ਪੁੱਤਰ ਰਾਏ ਮੁਹੰਮਦ ਅਲੀ ਖ਼ਾਂ ਤੇ ਚਾਰ ਧੀਆਂ ਹਨ। ਚਾਰੇ ਧੀਆਂ ਵਿਆਹੁਣ ਪਿੱਛੋਂ ਜੁਲਾਈ 2019 ਵਿਚ ਅਲੀ ਖ਼ਾਂ ਦਾ ਵੀ ਵਿਆਹ ਕਰ ਦਿੱਤਾ ਹੈ। ਰਾਏ ਸਾਹਿਬ ਕਦੇ ਕੈਨੇਡਾ ਦੇ ਸ਼ਹਿਰ ਸਰੀ ਵਿਚ ਹੁੰਦੇ ਹਨ ਕਦੇ ਲਾਹੌਰ। ਅਕਸਰ ਕਹਿੰਦੇ ਹਨ, ਕਦੇ ਮੈਂ ਆਪਣੇ ਪੁਰਖਿਆਂ ਦਾ ਵਸਾਇਆਪਿੰਡ ਚਕਰ ਜ਼ਰੂਰ ਵੇਖਣ ਆਵਾਂਗਾ। ਅਸੀਂ ਵੀ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਸੁਭਾਗੇ ਸਮੇਂ ਦੀ ਉਡੀਕ ਵਿਚ ਹਾਂ।

ਰਾਏਕੋਟ ਤੋਂ ਵਿਦਾ ਹੋ ਕੇ ਗੁਰੂ ਜੀ ਲੰਮੇ ਜੱਟਪੁਰੇ ਵਿਚ ਦੀ ਮਹਿਦੇਆਣੇ ਆਏ ਤੇ ਰਾਤ ਰਾਏਕਿਆਂ ਦੇ ਪਿੰਡ ਚਕਰ ਆ ਕੱਟੀ। ਫਿਰ ਉਹ ਤਖ਼ਤੂਪੁਰੇ ਹੁੰਦੇ ਹੋਏ ਦੀਨੇ ਕਾਂਗੜ ਪੁੱਜੇ ਜਿਥੋਂ ਔਰੰਗਜੇਬ ਨੂੰ ਜ਼ਫਰਨਾਮਾ ਲਿਖਿਆ।

# ਕਿਸਾਨਾਂ ਵੱਲੋਂ ਮੋਦੀ ਨੂੰ ਔਰਗਜ਼ੇਬ ਪੁਰਸਕਾਰ ਨਾਲ ਸਨਮਾਨਿਤ ਕਰਨਾ ਚਾਹੀਦਾ ਹੈ

20 ਅਪ੍ਰੈਲ 1526 ਈਸਵੀ ਤੋਂ ਮੁਗ਼ਲਾਂ ਨੇ ਭਾਰਤ ਦੀ ਵਾਂਗ ਡੋਰ ਆਪਣੇ ਹੱਥ ਵਿੱਚ ਲੈ ਲਈ ਸੀ। ਸਭ ਤੋਂ ਪਹਿਲਾਂ ਬਾਬਰ ਬਾਦਸ਼ਾਹ ਬਣਿਆ। ਉਸ ਤੋਂ ਬਾਹਦ 1857 ਤੱਕ ਕਈਂ ਮੁਗਲ ਬਾਦਸ਼ਾਹਾਂ ਨੇ ਭਾਰਤ ਉਤੇ ਰਾਜ ਕੀਤਾ। ਜੇਕਰ ਗਿਣਤੀ ਮਿਣਤੀ ਕਰੀਏ ਤਾਂ ਲਗਭੱਗ 17 ਜਣਿਆਂ ਨੇ ਦੇਸ਼ ਉਤੇ ਰਾਜ ਕੀਤਾ। ਪਰ ਜਿਆਦਾਤਰ 5-6 ਮੁਗਲ ਰਾਜਿਆਂ ਦਾ ਨਾਂ ਹੀ ਬਹੁਤੇ ਪ੍ਰਚਲਤ ਹਨ। ਜਿਹਨਾਂ ਨੇ ਬਹੁਤੀ ਅੱਤ ਚੁੱਕੀ ਸੀ। ਬਾਬਰ, ਹਿਮਾਯੂ, ਸ਼ੇਰ ਸਾਹ ਸੂਰੀ, ਅਕਬਰ, ਜਹਾਂਗੀਰ ਤੇ ਔਰੰਗਜ਼ੇਬ ਦਾ ਨਾਂ ਆਉਂਦਾ ਹੈ। ਜਦੋ ਮੁਗਲ ਰਾਜ ਦਾ ਅੰਤ ਹੋਇਆ ਉਹ ਆਖਰੀ ਨਾਂ ਬਹਾਦਰ ਸਾਹ ਜ਼ਫ਼ਰ ਦਾ ਆਉਂਦਾ ਹੈ । ਜਿਸ ਨੂੰ ਅੰਗਰੇਜ਼ਾਂ ਨੇ ਰੰਗੂਨ ਜੇਲ ਵਿੱਚ ਸੁੱਟ ਦਿੱਤਾ ਸੀ। ਉਹ ਉਥੇ ਹੀ ਜੇਲ ਦੀਆਂ ਸੀਖਾਂ ਪਿੱਛੇ ਸੜ ਕੇ ਮਰ ਗਿਆ। ਬੇਸ਼ਕ ਮੁਗ਼ਲ ਰਾਜ ਵਿੱਚ ਹਿੰਦੁਸਤਾਨੀਆਂ ਨੇ ਬਹੁਤ ਦੁੱਖ ਝੱਲੇ। ਮੁਗਲ ਨੇ ਬਹੁਤ ਲੋਕਾਂ ਨੂੰ ਪਰੇਸ਼ਾਨ ਕੀਤਾ। ਧੀਆਂ ਭੈਣਾਂ ਤੇ ਰੱਜ ਕੇ ਮੁਗਲਾਂ ਵਲੋਂ ਅਤਿਆਚਾਰ ਕੀਤਾ ਜਾਂਦਾ ਰਿਹਾ। ਇਸ ਮਾਮਲੇ ਵਿੱਚ ਸਭ ਤੋਂ ਜਿਆਦਾ ਅੱਤ ਔਰੰਗਜ਼ੇਬ ਨੇ ਚੁੱਕੀ ਸੀ। ਹਿੰਦੂ ਧਰਮ ਨੂੰ ਖ਼ਤਮ ਕਰਨ ਦੀ ਕਸਮ ਖਾ ਚੁੱਕਾ ਸੀ। ਸਵਾ ਸਵਾ ਮਣ ਜਨੇਊ ਉਤਾਰ ਕੇ ਰੋਟੀ ਖਾਂਦਾ ਸੀ। ਹੱਦ ਉਸ ਸਮੇ ਟੱਪ ਗਈ ਜਦੋ ਨਿੱਕਿਆ - ਨਿੱਕਿਆ ਸਾਹਿਬਜ਼ਾਦਿਆਂ ਨੂੰ ਜਿੰਦਾ ਨੀਹਾਂ ਵਿੱਚ ਖਲਿਆਰ ਕੇ ਸ਼ਹੀਦ ਕਰ ਦਿੱਤਾ। ਉਸ ਸਮੇ ਪੋਹ ਦੇ ਮਹੀਨੇ ਠੰਡ ਵਿੱਚ ਜਿਹੜ੍ਹੇ ਤਸੀਹੇ ਗੁਰੂ ਦੇ ਸਿੱਖਾਂ ਤੇ ਗੁਰੂ ਜੀ ਦੇ ਪਰਿਵਾਰ ਨੇ ਝੱਲੇ। ਉਹ ਕਦੇ ਵੀ ਸਿੱਖ ਜਗਤ ਨਹੀਂ ਭੁੱਲ ਸਕਦਾ। ਹੁਣ ਉਹੀਓ ਪੋਹ ਦਾ ਮਹੀਨਾ ਦਿੱਲੀ ਦੀਆਂ ਠੰਡੀਆਂ ਸੜਕਾਂ .ਨਿੱਕੇ ਨਿੱਕੇ ਬੱਚੇ, ਬਜ਼ੁਰਗ ਮਾਤਾਵਾਂ, ਭੈਣਾਂ, ਨੌਜਵਾਨ , ਕਿਸਾਨ, ਕੀਰਤੀ, ਮਜ਼ਦੂਰ, ਮਿਹਨਤਕਸ਼ ਪੜ੍ਹਿਆ ਲਿਖਿਆ ਤਬਕਾ, ਕਲਾਕਾਰ, ਵਪਾਰੀ ,ਡਾਕਟਰ, ਵਕੀਲ ਗਲ ਕੀ ਕਿ ਕੋਈ ਵੀ ਇਹੋ ਜਿਹਾ ਮਹਿਕਮਾ ਜਾ ਇਨਸਾਨ ਨਹੀਂ ਹੋਵੇਗਾ ਜੋ ਸਿਧੇ ਜਾਂ ਅਸਿੱਧੇ ਤੌਰ ਤੇ ਕਿਸਾਨ ਅੰਦੋਲਨ ਵਿੱਚ ਹਿਸਾ ਨਾ ਲੈ ਰਿਹਾ ਹੋਵੇਗਾ। ਕੱਕਰ, ਪਾਲਾ ਖੁਲ੍ਹਾ ਅਸਮਾਨ ਠੰਡੀਆਂ ਹਵਾਵਾਂ ਸਭ ਨੂੰ ਆਪਣੇ ਪਿੰਡੇ ਤੇ ਹੰਢਾ ਰਹੇ ਹਨ। ਬੜੇ ਸਬਰ ਨਾਲ ਮੋਦੀ ਦੇ ਜ਼ਬਰ ਦਾ ਮੁਕਾਬਲਾ ਕਰ ਰਹੇ ਹਨ। ਕਿਸੇ ਨੂੰ ਕੋਈ ਪ੍ਰਵਾਹ ਨਹੀਂ, ਭਾਵੇਂ ਕੋਈ ਸਾਥੀ ਉਹਨਾਂ ਵਿੱਚੋ ਇਸ ਦੁਨੀਆਂ ਨੂੰ ਅਲਵਿਦਾ ਵੀ ਕਹਿ ਜਾ ਰਹੇ ਹਨ .ਪਰ ਹੌਸਲੇ ਜੀਉ ਦੀ ਤਿਉਂ ਬੁਲੰਦ ਹਨ। ਇੱਕੋ ਇੱਕ ਮਿਸ਼ਨ ਕਿ ਅਸੀਂ ਮੋਦੀ ਵਲੋਂ ਪਾਸ ਕੀਤੇ ਤਿੰਨੋ ਕਾਲੇ ਕਨੂੰਨ ਰੱਦ ਕਰਕੇ ਹੀ ਵਾਪਿਸ ਮੁੜਾਂਗੇ। ਪਰ ਮੋਦੀ ਆਪਣੀ ਔਰੰਗਜ਼ੇਬ ਵਾਲੀ ਜਿੱਦ ਤੇ ਅੜ੍ਹਿਆ ਹੋਇਆ ਹੈ .ਉਹ ਚਾਉਂਦਾ ਹੈ ਕਿ ਮੈਨੂੰ ਬਹੁਤ ਅਵਾਰਡ ਮਿਲ ਚੁੱਕੇ ਹਨ। ਹੁਣ ਮੈ ਕਿਸਾਨਾਂ ਦੇ ਫਾਇਦੇ ਦੇ ਕਨੂੰਨ ਲੈ ਕੇ ਆਇਆ ਹਾਂ। ਇਸ ਦਾ ਅਵਾਰਡ ਤਾਂ ਮੈਨੂੰ ਮਿਲਣਾ ਚਾਹੀਦਾ ਹੈ। ਕਿਉਂਕਿ ਔਰੰਗਜ਼ੇਬ ਨੇ ਤਾਂ ਇੱਕ ਦੋ ਵਰਨਾਂ ਦੇ ਲੋਕਾਂ ਤੇ ਅਤਿਆਚਾਰ ਕੀਤਾ ਸੀ। ਮੈਂ ਤਾਂ ਕਿਸੇ ਨੂੰ ਵੀ ਨਹੀਂ ਬਖਸ਼ਿਆ। ਅੱਜ ਕਿਸਾਨ ਕੋਈ ਇਕਲੇ ਕਿਸੇ ਇਕ ਸੂਬੇ ਜਾਂ ਇਕ ਧਰਮ ਦੇ ਤਾਂ ਨਹੀਂ ਹਨ। ਵੱਖ ਵੱਖ ਸੂਬਿਆਂ ਤੋਂ ਵੱਖ ਵੱਖ ਧਰਮਾਂ ਦੇ ਧਰਨਿਆਂ ’ਤੇ ਬੈਠੇ ਹਨ। ਮਜ਼ਦੂਰ ਕੀਰਤੀ ਹਰ ਤਬਕੇ ਦੇ ਲੋਕ ਮੇਰੇ ਤੋਂ ਦੁਖੀ ਹਨ ਪਰ ਮੈਨੂੰ ਕਿਸੇ ਦੀ ਕੋਈ ਪ੍ਰਵਾਹ ਨਹੀਂ। ਕੋਈ ਮਰੇ ਕੋਈ ਜੀਵੇ ਸੁਥਰਾ ਖੋਲ ਪਤਾਸੇ ਪੀਵ। ਮੈਨੂੰ ਤਾਂ ਅਵਾਰਡ ਮਿਲਨੇ ਚਾਹੀਦੇ ਨੇ ਉਹ ਵੀ ਵਿਸ਼ਵ ਪੱਧਰ ਦੇ। ਕਿਸਾਨਾਂ ਨੂੰ ਚਾਹੀਦਾ ਹੈ ਕਿ ਹੁਣ ਇਕੱਠੇ ਹੋ ਕਿ ਪ੍ਰਧਾਨ ਮੰਤਰੀ ਜੀ ਨੂੰ ਔਰੰਗਜ਼ੇਬ ਪੁਰਸਕਾਰ ਨਾਲ ਨਿਵਾਜ਼ ਦੇਣ। ਅਗਰ ਇਸ ਵਿੱਚ ਹੀ ਖੁਸ਼ ਹੋ ਕੇ ਅਵਾਮ ਦਾ ਭਲਾ ਕਰ ਦੇਵੇ।



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ (ਫਿਰੋਜ਼ਪੁਰ)

# ਅਨੇਕਾਂ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਵਾ ਗਿਆ 2020



ਹਰਕੀਰਤ ਕੌਰ ਸਭਰਾ

ਅਕਸਰ ਕਿਹਾ ਜਾਂਦਾ ਹੈ ਕਿ ਅਤੀਤ ਵਿਚੋਂ ਵਰਤਮਾਨ ਅਤੇ ਵਰਤਮਾਨ ਵਿਚੋਂ ਭਵਿੱਖ ਦਾ ਜਨਮ ਹੁੰਦਾ ਹੈ। ਇਸ ਦਾ ਅਰਥ ਇਹ ਹੈ ਕਿ ਬੀਤੇ ਹੋਏ ਸਮੇਂ ਵਿੱਚ ਰਾਜਨੀਤਕ ਅਤੇ ਹੋਰ ਖੇਤਰਾਂ ਵਿੱਚ ਜੋ ਘਟਨਾਕ੍ਰਮ ਵਾਪਰਿਆ ਹੈ, ਉਸ ਨੇ ਹੀ ਅਜੋਕੀਆਂ ਸਥਿਤੀਆਂ ਨੂੰ ਜਨਮ ਦਿੱਤਾ ਹੈ ਅਤੇ ਜੋ ਕੁਝ ਵਰਤਮਾਨ ਵਿੱਚ ਵਾਪਰੇਗਾ, ਉਹ ਭਵਿੱਖ ਦੇ ਘਟਨਾਕ੍ਰਮਾਂ ਨੂੰ ਪ੍ਰਭਾਵਿਤ ਕਰੇਗਾ।

ਇਸ ਸੰਦਰਭ ਵਿੱਚ ਹੀ ਸਾਨੂੰ ਇਹ ਦੇਖਣਾ ਪਵੇਗਾ ਕਿ 2020 ਦੌਰਾਨ ਦੇਸ਼ ਵਿੱਚ ਕੀ ਕੁਝ ਵਾਪਰਿਆ ਹੈ ਅਤੇ ਇਹ 2021 ਨੂੰ ਕਿਵੇਂ ਪ੍ਰਭਾਵਿਤ ਕਰੇਗਾ। 2020 ਦੀ ਸ਼ੁਰੂਆਤ ਤੋਂ ਹੀ ਕਰੌਨਾ ਦਾ ਅਜਿਹਾ ਖੌਫ਼ ਪਿਆ ਕਿ ਕੁਦਰਤ ਨੇ ਹਰ ਇੱਕ ਮਨੁੱਖ ਪ੍ਰਾਣੀ ਨੂੰ ਘਰਾਂ ਵਿੱਚ ਕੈਦ ਕਰ ਦਿੱਤਾ। ਇਸ ਸਾਰੇ ਮਹਾਮਾਰੀ ਕਾਲ ਦੇ ਦੌਰਾਨ ਹਰ ਵਰਗ ਨੂੰ ਆਰਥਿਕ ਪੱਖੋਂ ਬਹੁਤ ਵੱਡਾ ਘਾਟਾ ਪਿਆ। ਕਾਰਖਾਨੇ, ਫੈਕਟਰੀਆਂ ਆਦਿ ਬੰਦ ਹੋਣ ਕਾਰਨ ਉਤਪਾਦਨ ਦਾ ਸਾਰਾ ਕੰਮ ਰੁਕ ਗਿਆ ਜਿਸ ਦਾ ਸਿੱਧਾ ਅਸਰ ਵਪਾਰ ਉੱਪਰ ਪਿਆ ਅਤੇ ਵਪਾਰ ਦੇ ਪ੍ਰਭਾਵਿਤ ਹੋਣ ਦੇ ਨਾਲ ਹੀ ਦੇਸ਼ ਦੀ ਅਰਥ ਵਿਵਸਥਾ ਪ੍ਰਭਾਵਿਤ ਹੋਈ। ਇਸ ਤੋਂ ਇਲਾਵਾ ਇਹ ਸਾਲ ਕਿਸਾਨਾਂ ਲਈ ਸਭ ਤੋਂ ਵੱਧ ਮੰਦਭਾਗਾ ਰਿਹਾ। ਜਿੱਥੇ ਕਰੌਨਾ ਦੇ ਚੱਲਦਿਆਂ ਸਬਜ਼ੀਆਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀਆਂ ਫਸਲਾਂ ਖੇਤਾਂ ਵਿੱਚ ਰੁਲੀਆ ਉੱਥੇ ਭਾਰਤ ਸਰਕਾਰ ਦੁਆਰਾ ਪਾਸ ਕੀਤੇ ਖੇਤੀਬਾੜੀ ਬਿੱਲ ਜਖਮਾਂ ਤੇ ਲੂਣ ਪਾਉਣ ਦੇ ਬਰਾਬਰ ਸਨ। ਨਵੇਂ ਖੇਤੀ ਬਿੱਲਾਂ ਦਾ ਪੂਰੇ ਦੇਸ਼ ਵਿੱਚ ਵਿਰੋਧ ਕੀਤਾ ਗਿਆ ਪਰ 2020 ਦੌਰਾਨ ਕੰਨਾਂ ਤੋਂ ਬਹਿਰੀ ਹੋਈ ਸਰਕਾਰ ਨੂੰ ਧਰਨਿਆਂ ਵਿੱਚ ਲੱਗ ਰਹੇ ਕਿਸਾਨ ਏਕਤਾ ਦੇ ਨਾਅਰੇ ਨਹੀਂ ਸੁਣੇ। ਵੱਡੇ ਉਦਯੋਗਪਤੀਆਂ ਦੇ ਹੱਥੋਂ ਵਿਕ ਚੁੱਕੀਆਂ ਸਰਕਾਰਾਂ ਨੇ ਆਮ ਨਾਗਰਿਕਾਂ ਲਈ ਬਹੁਤ ਸਾਰੀਆਂ ਚਣੌਤੀਆਂ ਖੜੀਆਂ ਕੀਤੀਆਂ ਹਨ। ਇਸ ਸਰਕਾਰ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ ਹੈ 2014 ਵਿੱਚ ਬਿਨਾ ਕਿਸੇ ਜਾਣਕਾਰੀ ਅਤੇ ਤਿਆਰੀ ਤੋਂ ਨੋਟਬੰਦੀ ਕਰਨਾ, 2019 ਵਿੱਚ ਲੋਕ ਸਭਾ ਚੋਣਾਂ ਸਮੇਂ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦੇ ਅਧਾਰ ਤੇ ਪਾਕਿਸਤਾਨ ਵਿਰੁੱਧ ਧੂੰਆਂ ਧਾਰ ਪ੍ਰਚਾਰ ਕਰਕੇ ਅਤੇ ਦੇਸ਼ ਵਿੱਚ ਅੰਧ ਰਾਸ਼ਟਰਵਾਦ ਦੀਆਂ ਭਾਵਨਾਵਾਂ ਭੜਕਾ ਕੇ ਅਤੇ ਲੋਕਾਂ ਦੇ ਸਿਹਤ, ਸਿੱਖਿਆ ਅਤੇ ਰੁਜਗਾਰ ਵਰਗੇ ਮੁੱਦਿਆਂ ਨੂੰ ਪ੍ਰਚਾਰ ਦੀ ਧੂੜ ਹੇਠ ਛੁਪਾ ਕੇ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਜਿੱਤਣ ਵਿੱਚ ਕਾਮਯਾਬ ਰਹੀ। ਇਸ ਨਾਲ ਨਰਿੰਦਰ ਮੋਦੀ ਦੇ ਹੌਸਲੇ ਹੋਰ ਵੱਧ ਗਏ ਨਾਗਰਿਕਤਾ ਸੋਧ ਬਿੱਲ ਪਾਸ ਕਰਵਾਉਣ ਲਈ ਸਰਗਰਮ ਹੋ ਗਏ। ਇਸੇ ਰੀਤ ਦੇ ਚੱਲਦਿਆਂ 2020 ਵਿੱਚ ਪਾਸ ਕੀਤੇ ਖੇਤੀ ਬਿੱਲਾਂ ਨੇ ਲੋਕਾਂ ਦੇ ਮਨਾਂ ਵਿੱਚ ਵੱਡੇ ਪੱਧਰ ਤੇ ਬੇਚੈਨੀ ਫੈਲਾ ਦਿੱਤੀ। ਇਸ ਫੈਸਲੇ ਬਾਅਦ ਪੂਰੇ ਦੇਸ਼ ਵਿਚ ਜੋ ਵਿਦਰੋਹ ਸਰਗਰਮ ਹੋਇਆ, ਉਹ ਕੇਵਲ ਖੇਤੀ ਕਾਨੂੰਨਾ ਕਾਰਨ ਹੀ ਨਹੀਂ ਹੋਇਆ ਬਲਕਿ ਨਰਿੰਦਰ ਮੋਦੀ ਦੀ ਕਾਰਗੁਜ਼ਾਰੀ ਵਿਰੁੱਧ ਸਮੁੱਚਾ ਪ੍ਰੀਵਰਤਨ ਹੈ। ਭਾਵੇਂ ਆਮ ਲੋਕਾਂ ਨੂੰ ਪਰਚਾਉਣ ਲਈ ਨਰਿੰਦਰ ਮੋਦੀ ਮਨ ਕੀ ਬਾਤ ਵਿੱਚ ਨਿੱਤ ਵਿਰੋਧੀ ਧਿਰਾਂ ਦੇ ਮੱਥੇ ਇਲਜਾਮ ਮੜਦੇ ਹਨ , ਪਰ ਜਨਤਾ ਸਰਕਾਰ ਦੀਆਂ ਨੀਤੀਆਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋ ਚੁੱਕੀ ਹੈ। ਬਿਨਾ ਕਿਸੇ ਵਿਤਕਰੇ ਦੇ ਇੱਕ ਹੋਏ ਭਾਰਤ ਦੀ ਅਵਾਜ਼ ਹੇਠਾਂ ਨਰਿੰਦਰ ਮੋਦੀ ਹਿੱਕ ਠੋਕਵੀ ਅਵਾਜ਼ ਫਿੱਕੀ ਪੈ ਰਹੀ ਹੈ। 2020 ਵਿੱਚ ਹੋਏ ਇਹਨਾਂ ਘਟਨਾਕ੍ਰਮਾਂ ਨੇ ਸਰਕਾਰਾਂ ਦਾ ਅਸਲੀ ਚਿਹਰਾ ਬੇਨਕਾਬ ਕੀਤਾ ਹੈ। ਸਾਡੇ ਲੋਕ ਜਾਗੇ, ਇਹ ਇੱਕ ਵੱਖਰੀ ਗੱਲ ਹੈ ਪਰ ਸਰਕਾਰ ਦੀਆਂ ਜਿੱਦਾਂ ਨੇ ਕਿਸਾਨ ਭਾਈਚਾਰੇ ਲਈ ਬਹੁਤ ਸਾਰੀਆਂ ਚਣੌਤੀਆਂ ਵੀ ਖੜੀਆਂ ਕੀਤੀਆਂ ਹਨ। ਪੋਹ ਦੀਆਂ ਠੰਡੀਆਂ ਸਰਦ ਰਾਤਾਂ ਕਿਸਾਨ ਰਾਜਧਾਨੀ ਦੀਆਂ ਸੜਕਾਂ ਉੱਤੇ ਬਿਤਾ ਰਹੇ ਹਨ। ਪਿੱਛੇ ਫਸਲਾਂ ਦੀ ਸੰਭਾਲ ਦੀ ਜਿੰਮੇਵਾਰੀ ਵੀ ਸੁਆਣੀਆਂ ਦੇ ਹੱਥ ਦੇ ਧਰਨੇ ਵਿੱਚ ਬੈਠੇ ਕਿਸਾਨ ਮੋਦੀ ਦੇ ਫੈਸਲੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

ਇਹਨਾਂ ਘਟਨਾਕ੍ਰਮਾਂ ਨੇ ਰਾਜਨੀਤੀ ਉੱਪਰ ਗਹਿਰਾ ਅਸਰ ਪਾਇਆ ਹੈ। ਜਿਹੜੇ ਰਾਜਨੇਤਾਵਾਂ ਨੂੰ ਆਪਣੇ ਪਿੰਡਾਂ ਵਿੱਚ ਜਾਂ ਘਰਾਂ ਵਿੱਚ ਸੱਦ ਕੇ, ਉਹਨਾਂ ਨਾਲ ਫੋਟੋਆਂ ਕਰਵਾ ਅਸੀਂ ਮਾਣ ਮਹਿਸੂਸ ਕਰਦੇ ਸਾਂ ਅੱਜ ਉਹੀ ਪਾਰਟੀ ਨੇਤਾਵਾਂ ਨੂੰ ਕਿਸਾਨਾਂ ਦੇ ਮੰਚ ਉੱਤੇ ਬੋਲਣ ਦਾ ਮੌਕਾ ਤੱਕ ਨਹੀਂ ਮਿਲਿਆ। ਇਸ ਸਭ ਨੇ ਆਉਣ ਵਾਲੀਆਂ ਵੋਟਾਂ ਵਿੱਚ ਰਾਜਨੀਤਕ ਪਾਰਟੀਆਂ ਲਈ ਬਹੁਤ ਸਾਰੀਆਂ ਚਣੌਤੀਆਂ ਖੜੀਆਂ ਕੀਤੀਆਂ ਹਨ। ਕਿਸੇ ਵੀ ਰਾਜਨੀਤਕ ਪਾਰਟੀ ਦੁਆਰਾ ਮੋਹਰੀ ਹੋਕੇ ਕਿਸਾਨਾਂ ਦਾ ਸਾਥ ਨਹੀਂ ਦਿੱਤਾ ਗਿਆ। ਅੰਦੋਲਨ ਦੇ ਭਖਣ ਤੋਂ ਬਾਅਦ ਹਰ ਪਾਰਟੀ ਵੱਲੋਂ ਕਿਸਾਨ ਹਿਤੈਸ਼ੀ ਹੋਣ ਦਾ ਨਾਟਕ ਕਰਨ ਦਾ ਯਤਨ ਕੀਤਾ ਗਿਆ ਜੋ ਕਿਸਾਨਾਂ ਦੁਆਰਾ ਭੰਡਿਆ ਗਿਆ। ਸੋ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ 2020 ਨੇ ਜਿੱਥੇ ਕਿਸਾਨਾਂ ਲਈ ਬਹੁਤ ਸਾਰੇ ਇਮਤਿਹਾਨ ਝੋਲੀ ਪਾਏ, ਉੱਥੇ ਰਾਜਨੇਤਾਵਾਂ ਨੂੰ ਇਸ ਗੱਲ ਦਾ ਅਹਿਸਾਸ ਦਵਾਇਆ ਕਿ ਜਨਤਾ ਤੋਂ ਬਿਨਾਂ ਕਿਸੇ ਰਾਜੇ ਜਾਂ ਮੰਤਰੀ ਦਾ ਕੋਈ ਵਜੂਦ ਨਹੀਂ ਹੈ......

# ਕੁਰਬਾਨੀ ਬਿਰਥੀ ਕਦੀ ਨਾ ਜਾਵੇ

-ਪੂਰਨ ਸਿੰਘ ਪਾਂਧੀ



ਸਿੱਖ ਇਤਹਾਸ ਵਿੱਚ ਦਸੰਬਰ 20 ਤੋਂ 27 ਤੱਕ ਦਾ ਇੱਕ ਹਫਤਾ ਲਹੂ ਭਿੱਜੀਆਂ ਲਾਸਾਨੀ ਕੁਰਬਾਨੀਆਂ ਤੇ ਅਦੁੱਤੀ ਸ਼ਹਾਦਤਾਂ ਦਾ ਹਫਤਾ ਮੰਨਿਆਂ ਜਾਂਦਾ ਹੈ। ਇਸ ਨੂੰ ਸ਼ਹੀਦੀ ਸਾਤਾ ਆਖਿਆ ਜਾਂਦਾ ਹੈ। 20 ਦਸੰਬਰ ਨੂੰ ਅਨੰਦਪੁਰ ਛੱਡਣਾ, 21 ਦਸੰਬਰ ਨੂੰ ਸਰਸਾ ਨਦੀ ਉੱਤੇ ਭਿਆਨਕ ਜੰਗ, ਗੁਰੂ ਜੀ ਦੇ ਪਰਵਾਰ ਦਾ ਖੇਰੂੰ ਖੇਰੂੰ ਹੋਣਾ, 22 ਦਸੰਬਰ ਨੂੰ ਚਮਕੌਰ ਦੀ ਗੜ੍ਹੀ ਵਿੱਚ ਵੱਡੇ ਸਾਹਿਬਜ਼ਾਦੇ, ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ, 23 ਤੋਂ 26 ਤੱਕ ਚਾਰ ਦਿਨ ਛੋਟੇ ਸਹਿਬਜ਼ਾਦੇ ਜੋਰਾਵਰ ਸਿੰਘ ਤੇ ਫਤੇਹ ਸਿੰਘ ਨੂੰ ਸਰਹੰਦ ਦੇ ਹਾਕਮਾ ਵੱਲੋਂ ਤਰ੍ਹਾਂ ਤਰ੍ਹਾਂ ਦੇ ਤਸੀਹੇ, ਡਰਾਵੇ ਤੇ ਲਾਲਚ, ਅੰਤ 27 ਦਸੰਬਰ 1704 ਨੂੰ ਨੀਹਾਂ ਵਿੱਚ ਚਿਣ ਦਿੱਤੇ ਤੇ ਸ਼ਹੀਦ ਕੀਤੇ ਗਏ।

11 ਨਵੰਬਰ 1675 ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਕੇਵਲ 9 ਸਾਲ ਦੀ ਕਿਸ਼ੋਰ ਉਮਰ ਸੀ; ਜਦੋਂ ਵਕਤ ਦੇ ਜਰਵਾਣਿਆਂ ਨੇ ਗੁਰੂ ਜੀ ਦੇ ਪਿਤਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ। ਸੰਸਾਰ ਦੀ ਹਿਸਟਰੀ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਕਿਸੇ ਹੋਰ ਥਾਂ ਦਿੱਲੀ ਵਿੱਚ ਅਤੇ ਸੀਸ ਦਾ ਕਿਸੇ ਹੋਰ ਥਾਂ ਅਨੰਦਪੁਰ ਹੋਇਆ ਹੋਵੇ।

ਉਦੋਂ ਤੋਂ ਹੀ ਬਾਲ ਗੋਬਿੰਦ ਰਾਇ ਜੀ ਦੇ ਅੰਦਰ ਇੱਕ ਵੱਖਰੀ ਤੇ ਨਿਆਰੀ ਕੌਮ ਦੀ ਸਿਰਜਣਾ ਦਾ ਸੰਕਲਪ ਸੀ। ਨੌਂ ਸਾਲ ਤੋਂ ਆਪਣੀ ਸਾਰੀ ਆਯੂ 42 ਵਿੱਚੋਂ ਕੇਵਲ 33 ਸਾਲਾਂ ਵਿੱਚ ਆਪ ਜੀ ਨੇ ਸਿੱਖ ਜੱਥੇਬੰਦੀ ਮਜ਼ਬੂਤ ਕਰਨ, ਸਿੱਖਾਂ ਵਿੱਚ ਸੂਰਬੀਰਤਾ ਭਰਨ, ਸ਼ਿਕਾਰ ਖੇਡਣ, ਨਗਾਰੇ ਵਜਾਉਣ ਅਤੇ ਕਿਲੇ ਬਨਾਉਣ ਉੱਤੇ ਜ਼ੋਰ ਦਿੱਤਾ।

ਆਪ ਜੀ ਨੇ ਸਮੇਂ ਦੀ ਲੋੜ ਮੁਤਾਬਕ, ਜੰਗੀ ਦ੍ਰਿਸ਼ਟੀਕੋਨ ਤੋਂ ਪੰਜ ਕਿਲਿਆਂ ਦੀ ਉਸਾਰੀ ਕੀਤੀ: ਲੋਹਗੜ੍ਹ, ਹੋਲਗੜ੍ਹ, ਫਤੇਹਗੜ੍ਹ, ਅਨੰਦਗੜ੍ਹ ਤੇ ਕੇਸਗੜ੍ਹ। ਗੁਰੂ ਸਾਹਿਬਾਂ ਦੇ ਸਮੇਂ ਅਨੰਦਪੁਰ ਠੀਕ ਅਰਥਾਂ ਵਿੱਚ ਅਨੰਦ ਤੇ ਆਤਮਕ ਖੁਸ਼ੀ ਦਾ ਸੋਮਾ ਸੀ। ਸੂਰਮਿਆਂ, ਸਾਹਿਤਕਾਰਾਂ ਤੇ ਸੰਗੀਤਕਾਰਾਂ ਦਾ ਅਨੰਦਪੁਰ ਗੜ੍ਹ ਬਣ ਗਿਆ। ਗੁਰੂ ਜੀ ਦੇ ਦਰਬਾਰ ਵਿੱਚ ਕਵੀਆਂ ਦੀ ਗਿਣਤੀ 52 ਤੱਕ ਮੰਨੀ ਜਾਂਦੀ ਹੈ। ਹੋਲੀ ਤੋਂ ਹੋਲਾ ਮਹੱਲਾ ਦੀ ਰੀਤ ਤੋਰੀ। ਇੱਕ ਪਾਸੇ ਜੰਗਾਂ ਯੁੱਧਾਂ ਲਈ ਸਿੱਖਾਂ ਵਿੱਚ ਜੁਝਾਰੂ ਸਪਿਰਟ ਭਰੀ ਜਾ ਰਹੀ ਸੀ, ਰਣਜੀਤ ਨਗਾਰੇ ਵੱਜ ਰਹੇ ਸਨ। ਦੂਜੇ ਪਾਸੇ ਗੁਰਬਾਣੀ ਤੇ ਸੰਗੀਤ ਦੀਆਂ ਧੁਨਾਂ ਦੀ ਗੁੰਜਾਰ ਸੀ, ਸਾਹਿਤ ਰਚਿਆ ਜਾ ਰਿਹਾ ਸੀ। ਹਰ ਪੱਖ ਤੋਂ ਨਵੇਂ, ਨਰੋਏ ਤੇ ਸਮਰੱਥ ਮਨੁੱਖ ਦਾ ਮਾਡਲ ਤਿਆਰ ਹੋ ਰਿਹਾ ਸੀ।

ਇਸ ਸੰਕਲਪ ਨੂੰ ਸਾਕਾਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਕੇਸ ਗੜ੍ਹ (ਅਨੰਦਪੁਰ) ਦੇ ਸਥਾਨ ’ਤੇ ਖਾਲਸੇ ਦੀ ਸਿਰਜਣਾ ਕੀਤੀ। ਇਹ ਇੱਕ ਇਨਕਲਾਬੀ ਜੱਥੇਬੰਦੀ ਸੀ; ਜਿਸ ਦਾ ਰੂਪ ਸਰੂਪ, ਰਹਿਤ ਬਹਿਤ, ਪੁਸ਼ਾਕ ਤੇ ਬਾਹਰੀ ਦਿੱਖ ਸੰਸਾਰ ਦੀਆਂ ਹੋਰ ਕੌਮਾਂ ਤੋਂ ਅਨੋਖੀ ਤੇ ਨਿਆਰੀ ਸੀ। ਗੁਰੂ ਜੀ ਨੇ ਅੰਮ੍ਰਿਤ ਛਕਾਉਣ ਦੀ ਰਸਮ ਅਰੰਭ ਕੀਤੀ। ਹਰ ਸਿੱਖ ਦੇ ਨਾਂ ਨਾਲ਼ ‘ਸਿੰਘ’ ਅਤੇ ਹਰ ਸਿੱਖਣੀ ਦੇ ਨਾਂ ਨਾਲ਼ ‘ਕੌਰ’ ਲਾਉਣ ਦੀ ਰੀਤ ਤੋਰੀ। ਹਿੰਦੂਆਂ ਵਾਲੀਆਂ ਰੀਤਾਂ ਰਸਮਾਂ ਤੇ ਜਾਤਾ ਪਾਤਾਂ ਖਤਮ ਕੀਤੀਆਂ। ਸਭ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਣ, ਇੱਕੋ ਥਾਂ ਉੱਤੇ ਇੱਕੋ ਜਿਹਾ ਲੰਗਰ ਛਕਣ ਅਤੇ ਸਭ ਨੂੰ ਭਾਈ ਭਾਈ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ, ਉਸ ਦੇ ਪਰਵਾਰ ਤੇ ਮਿਸ਼ਨ ਨੂੰ ਤਹਿਸ਼ ਨਹਿਸ਼ ਕਰਨ ਲਈ ਮੁਗਲ ਫੌਜਾਂ ਨੇ ਹਮਲਾ ਕਰ ਦਿੱਤਾ ਅਤੇ ਅਨੰਦਪੁਰ ਦੇ ਕਿਲੇ ਨੂੰ ਘੇਰਾ ਪਾ ਲਿਆ। ਆਖਿਆ ਜਾਂਦਾ ਹੈ ਕਿ ਇਹ ਘੇਰਾ 7 ਮਹੀਨੇ ਤੱਕ ਲਗਾਤਾਰ ਰਿਹਾ। ਅੰਦਰ ਖੁਰਾਕ ਦੀ ਤੋਟ ਆਉਣ ਲੱਗੀ। ਭੁੱਖੇ ਭਾਣੇ ਕਿੰਨਾਂ ਕੁ ਚਿਰ ਮੁਕਾਬਲਾ ਕਰਦੇ? ਆਖਰ ਮੁਗਲਾਂ ਤੇ ਹਿੰਦੂ ਰਾਜਿਆਂ ਦੀਆਂ ਕਸਮਾਂ ਉੱਤੇ ਇਤਬਾਰ ਕਰ ਕੇ 20 ਦਸੰਬਰ 1704 ਨੂੰ ਗੁਰੂ ਜੀ ਨੇ ਆਪਣਾ ਪਿਆਰਾ ਅਨੰਦਪੁਰ ਛਡ ਦਿੱਤਾ। ਛੱਡ ਤਾਂ ਦਿੱਤਾ ਪਰ ਹਿੰਦੂ ਰਾਜਿਆਂ ਤੇ ਮੁਗਲਾਂ ਦੀਆਂ ਕਸਮਾਂ, ਭਰੋਸੇ ਤੇ ਇਤਬਾਰ ਝੂਠੇ ਨਿਕਲੇ। ਬਾਹਰ ਨਿਕਲਦਿਆਂ ਹੀ ਸ਼ਾਹੀ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕਿਨਾਰੇ ਭਿਆਨਕ ਜੰਗ ਹੋਈ। ਬੇਅੰਤ ਸਿੰਘ ਸ਼ਹੀਦ ਹੋਏ। ਪਰਵਾਰ ਖੇਰੂੰ ਖੇਰੂੰ ਹੋ ਗਿਆ।

ਗੁਰੂ ਜੀ ਲੜਦੇ ਹੋਏ 40 ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਪਹੁੰਚੇ। ਉੱਥੇ ਵੀ ਇੱਕ ਕੱਚੀ ਗੜ੍ਹੀ ਵਿੱਚ ਫਿਰ ਘਿਰ ਗਏ। ਗੜ੍ਹੀ ਵਿੱਚ ਘਿਰੇ ਭੁੱਖੇ ਭਾਣੇ 40 ਸਿੰਘਾਂ ਨੇ ਮੁਗਲ ਫੌਜਾਂ ਦਾ ਟਾਕਰਾ ਕੀਤਾ। ਸੰਸਾਰ ਦੀ ਸਭ ਤੋਂ ਭਿਆਨਕ ਤੇ ਅਸਾਵੀਂ ਚਮਕੌਰ ਦੀ ਇਸ ਜੰਗ ਵਿੱਚ 40 ਸਿੰਘ ਤੇ ਦੋਨੋ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ। ਪਰ ਗੁਰੂ ਜੀ ਇੱਥੋਂ ਸਹੀ ਸਲਾਮਤ ਨਿਲਕਣ ਵਿੱਚ ਕਾਮਯਾਬ ਹੋ ਗਏ ਅਤੇ ਮਾਛੀਵਾੜੇ ਪਹੁੰਚ ਗਏ। ਇੱਥੋਂ ਉੱਚ ਦਾ ਪੀਰ ਬਣ ਕੇ ਦੀਨੇ ਕਾਂਗੜ ਗਏ। ਇੱਥੇ ਫਾਰਸੀ ਵਿੱਚ ਜ਼ਫਰਨਾਮਾ (ਫਤੇਹ ਦੀ ਚਿੱਠੀ) ਲਿਖ ਕੇ ਔਰੰਗਜ਼ੇਬ ਨੂੰ ਭੇਜਿਆ। ਇੱਥੋਂ ਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਗਏ। ਇੱਥੇ ਗੁਰੂ ਜੀ 9 ਮਹੀਨੇ ਤੋਂ ਵੱਧ ਸਮਾਂ ਰਹੇ। ਦਮਦਮਾ ਸਾਹਿਬ ਨੂੰ ਸਾਹਿਤ, ਸੰਗੀਤ ਤੇ ਕਲਾ ਦਾ ਘਰ ਬਣਾਇਆ। ਇੱਥੇ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਚੜ੍ਹਾਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਵਰਤਮਾਨ ਸਰੂਪ ਦਿੱਤਾ।

ਉੱਧਰ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ, ਫਤੇਹ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਗੁਰੂ ਜੀ ਦਾ ਰਸੋਈਆ ਗੰਗੂ ਰਾਮ ਆਪਣੇ ਪਿੰਡ ਸਹੇੜੀ ਲੈ ਗਿਆ ਸੀ। ਉਸ ਨੇ ਮਾਤਾ ਜੀ ਦਾ ਧਨ ਤੇ ਗਹਿਣੇ ਹੜੱਪ ਲਏ ਅਤੇ ਮਾਤਾ ਜੀ ਤੇ ਸਾਹਿਬਜ਼ਾਦੇ ਮੁਗਲਾਂ ਦੇ ਹਵਾਲੇ ਕਰ ਦਿੱਤੇ। ਸਰਹਿੰਦ ਦੇ ਸੂਬੇਦਾਰ ਵਜੀਰ ਖਾਨ ਨੇ ਸਖਤ ਠੰਢ ਵਿੱਚ ਠੰਡੇ ਬੁਰਜ ਵਿੱਚ ਰੱਖ ਕੇ ਤਸੀਹੇ ਦਿੱਤੇ। ਅੰਤ 27 ਦਸੰਬਰ 1704 ਨੂੰ ਸਾਹਿਬਜ਼ਾਦੇ ਬੜੀ ਬੇਦਰਦੀ ਨਾਲ਼ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤੇ। ਉਦੋਂ ਇਨ੍ਹਾਂ ਦੀ ਉਮਰ 6 ਸਾਲ ਤੇ 8 ਸਾਲ ਸੀ। ਇਸ ਭਿਆਨਕ ਸਦਮੇ ਨੂੰ ਉਸਦਾ ਭਾਣਾ ਮੰਨਦੇ ਹੋਏ ਮਾਤਾ ਜੀ ਵੀ ਉੱਥੇ ਹੀ ਸੁਰਗਵਾਸ ਹੋ ਗਏ।

ਇਸ ਪਿੱਛੋਂ ਗੁਰੂ ਜੀ ਨੇ ਕਈ ਵੱਡੇ ਫੈਸਲੇ ਕੀਤੇ:

1. ਮਸੰਦਾਂ ਦੀਆਂ ਆਚਰਣਕ ਗਿਰਾਵਟਾਂ ਦੇਖ ਕੇ ਚੌਥੇ ਗੁਰੂ ਰਾਮਦਾਸ ਜੀ ਦੀ ਅਰੰਭ ਕੀਤੀ ਮਸੰਦ ਪਰਣਾਲੀ ਖਤਮ ਕੀਤੀ।
2. ਵਿਅਕਤੀ ਗੁਰਤਾ ਸਮਾਪਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਬਖਸ਼ੀ ਅਤੇ ਪੰਥ ਨੂੰ ਸਦਾ ਲਈ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ।
3. ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਸਾਮਰਾਜ ਨਾਲ਼ ਟੱਕਰ ਲੈਣ ਅਤੇ ਸਿੱਖ ਰਾਜ ਦੀ ਨੀਂਹ ਰੱਖਣ ਲਈ ਥਾਪੜਾ ਦਿੱਤਾ ਅਤੇ ਪੰਜਾਬ ਨੂੰ ਰਵਾਨਾ ਕੀਤਾ। ਬੰਦਾ ਸਿੰਘ ਬਹਾਦਰ ਦੀਆਂ ਲਾਸਾਨੀ ਜਿੱਤਾਂ, ਪ੍ਰਾਪਤੀਆਂ ਤੇ ਅਦੁੱਤੀ ਕੁਰਬਾਨੀਆਂ ਦਾ ਬੇਹੱਦ ਸਿਰੜ, ਸਿਦਕ ਤੇ ਦਰਦ ਭਰਿਆ ਵੱਖਰਾ ਕਾਂਡ ਹੈ।

7 ਅਕਤੂਬਰ 1708 ਨੂੰ ਨਾਦੇੜ ਦੇ ਸਥਾਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਪਿੱਛੋਂ 18ਵੀਂ ਸਦੀ ਸਿੱਖ ਕੌਮ ਦੀ ਸਾੜ੍ਹਸਤੀ ਦੀ ਸਦੀ ਹੈ। ਇਸ ਵਿੱਚ ਦੋ ਵੱਡੇ ਘੱਲੂਘਾਰੇ ਹੋਏ, ਹਜ਼ਾਰਾਂ ਸਿੰਘ ਸਿੰਘਣੀਆਂ ਸ਼ਹੀਦ ਹੋਏ। ਪੂਰੀ ਕੌਮ ਘਰੋਂ ਬੇਘਰ ਹੋ ਗਈ। ਪਰ ਆਣ ਅਣਖ ਤੇ ਸਿਰੜ, ਸਿਦਕ ਦੇ ਨਗਾਰੇ ਵਜਦੇ ਰਹੇ, ਕੇਸਰੀ ਨਿਸ਼ਾਨ ਝੂਲਦੇ ਰਹੇ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਇਸੇ 18ਵੀਂ ਸਦੀ ਦੇ ਅੰਤ ਤੱਕ ਸਿੱਖ ਰਾਜ ਸਥਾਪਤ ਹੋ ਸਕਿਆ।

ਇਤਿਹਾਸ ਦੇ ਤਿੰਨ ਸੌ ਸਾਲਾਂ ਪਿੱਛੋਂ ਅੱਜ ਫੇਰ ਪੂਰੀ ਕੌਮ ਇੱਕ ਜੁਝਾਰੂ ਪ੍ਰੀਖਿਆ ਵਿਚੋਂ ਲੰਘ ਰਹੀ ਹੈ। ਉਹੋ ਹੀ ਦਸੰਬਰ ਦਾ ਮਹੀਨਾ, ਪੋਹ ਦੀਆਂ ਠੰਢੀਆਂ ਰਾਤਾਂ ਹਨ। ਦਿੱਲੀ ਦੀਆਂ ਸੜਕਾਂ ’ਤੇ ਕਿਰਤੀਆਂ ਦਾ ਟਰਾਲੀਆਂ ਵਿੱਚ ਰੈਣ ਬਸੇਰਾ ਹੈ। ਪਰ ਸਮੇਂ ਨਾਲ਼ ਇਸ ਦਾ ਰੂਪ ਸਰੂਪ ਬਦਲੇ ਹੋਏ ਰੰਗ ਵਿੱਚ ਹੈ। ਅੱਜ ਜਾਤਾਂ, ਗੋਤਾਂ, ਬੋਲੀ, ਪਹਿਰਾਵਿਆਂ ਤੇ ਭਿੰਨ ਭਿੰਨ ਸਭਿਆਚਾਰਾਂ ਦੇ ਵਿਤਕਰਿਆਂ ਦੇ ਬੰਧਨ ਤੋੜ ਕੇ, ਸਾਰੇ ਵਰਗ, ਸਾਰੀਆਂ ਮਾਈਆਂ ਬੀਬੀਆਂ, ਸਾਰੇ ਕਿਸਾਨ ਭਾਈ ਭਾਈ ਬਣ ਕੇ, ਇੱਕ ਮੰਚ ਉੱਤੇ ਇਕੱਤਰ ਹੋ ਕੇ ਸਾਂਝੇ ਕਾਜ ਲਈ ਸੰਘਰਸ਼ ਵਿੱਚ ਕੁੱਦੇ ਹੋਏ ਹਨ। ਦਿੱਲੀ ਦੇ ਇਕਹਿਰੀ ਸੋਚ ਵਾਲ਼ੇ ਔਰੰਗਜ਼ੇਬੀ ਹਾਕਮਾਂ ਨਾਲ ਅੱਜ ਫੇਰ ਟੱਕਰ ਹੈ। ਜੋਸ਼ ਤੇ ਜਜ਼ਬਾ ਸਾਂਝਾ ਹੈ, ਨਿਸ਼ਾਨਾ ਇੱਕੋ ਹੈ ‘ਨਾ ਧੱਕਾ ਕਰਨੈ, ਨਾ ਧੱਕਾ ਸਹਿਣੈ। ਕਿਸੇ ਦੀ ਅਜ਼ਾਦੀ ਤੇ ਹੱਕ ਮਾਰਨਾ ਨਹੀਂ , ਆਪਣੀ ਅਜ਼ਾਦੀ ਤੇ ਹੱਕ ਖੋਹਣ ਨਹੀਂ ਦੇਣੇ, ਭੈ ਕਾਹੂੰ ਕੋ ਦੇਤ ਨਹਿ, ਨਹਿ ਭੈ ਮਾਨਤ ਆਨ। ਦਿੱਲੀ ਦੀ ਸਰਕਾਰ ਦੇ ਕਿਸਾਨ ਵਿਰੋਧੀ ਬਣਾਏ ਕਾਨੂੰਨ ਕਿਸੇ ਵੀ ਢੰਗ ਨਾਲ ਲਾਗੂ ਨਹੀਂ ਹੋਣ ਦੇਣੇ, ਲਾਗੂ ਨਹੀਂ ਹੋਣ ਦੇਣੇ। ਦਿੱਲੀ ਘੇਰੀ ਹੋਈ ਹੈ। ਕੁਰਬਾਨੀਆਂ ਘੱਟ ਜਾਂ ਵੱਧ ਹੋ ਸਕਦੀਆਂ ਹਨ ਅਖੀਰ ਜਿੱਤ ਸੱਚ ਦੀ ਹੀ ਹੋਵੇਗੀ। ਸੱਚ ਦੇ ਰਾਹ ਉੱਤੇ ਚੱਲ ਰਹੇ ਕਿਸਾਨਾਂ ਦੀ ਹੋਵੇਗੀ। ਇਹ ਅੱਜ ਦੇ ਸਮਿਆਂ ਦਾ ਯਕੀਨ ਹੈ। ਇਹ ਬੀਤੇ ਕੱਲ੍ਹ ਦੇ ਇਤਿਹਾਸ ਦੇ ਪੰਨੇ ਪੰਨੇ, ਸਤਰ ਸਤਰ ਤੇ ਲਿਖਿਆ ਯਕੀਨ ਹੈ। ਕਿਰਤੀਓ ਡਟੇ ਰਹੋ। ਹਉਮੈਂ ਦੇ ਕਿੰਗਰੇ ਢਹਿ ਕੇ ਰਹਿਣਗੇ, ਢਹਿ ਕੇ ਰਹਿਣਗੇ, ਢਹਿ ਕੇ ਹੀ ਰਹਿਣਗੇ।

# ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ

ਹਰਕੀਰਤ ਕੌਰ ਸਭਰਾ

ਮਨੁੱਖੀ ਅਧਿਕਾਰ ਕਿਸੇ ਵਿਅਕਤੀ ਦੀ ਉਹ ਮੁੱਢਲੇ ਅਧਿਕਾਰ ਹਨ ਜਿਸ ਨਾਲ ਕਿਸੇ ਵੀ ਮਨੁੱਖ ਨਾਲ ਨਸਲ, ਜਾਤ, ਧਰਮ, ਲਿੰਗ ਆਦਿ ਕਿਸੇ ਵੀ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ। ਸਾਰੇ ਮਨੁੱਖ ਬਰਾਬਰ ਅਤੇ ਅਧਿਕਾਰਾਂ ਦੇ ਨਾਲ ਸੁਤੰਤਰ ਰੂਪ ਨਾਲ ਜਨਮੇ ਹਨ। ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜਿਊਣ ਦਾ ਅਧਿਕਾਰ, ਅਜ਼ਾਦੀ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦਾ ਅਧਿਕਾਰ, ਜਾਇਦਾਦ ਰੱਖਣ ਦਾ ਅਧਿਕਾਰ, ਸਮਾਜਿਕ - ਆਰਥਿਕ ਅਧਿਕਾਰ ਆਦਿ ਸ਼ਾਮਿਲ ਹਨ। ਅੱਜ ਦੁਨੀਆਂ ਦੀ ਵੱਡੀ ਅਬਾਦੀ ਸਮਾਜਿਕ ਨਾਬਰਾਬਰੀ ਵਿੱਚ ਪਿਸਗਾਹ ਰਹੀ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਣ ਸਰਕਾਰਾਂ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮ-ਰਾਹ ਕਰਨਾ ਅਤੇ ਉਚਿੱਤ ਕਦਮ ਨਾ ਚੁੱਕਣਾ ਹੈ। ਭਾਰਤ ਜੋ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਮੰਨਿਆ ਜਾਂਦਾ ਹੈ। ਇੱਥੇ ਹਰ ਇੱਕ ਨਾਗਰਿਕ ਨੂੰ ਮੌਲਿਕ ਅਧਿਕਾਰਾਂ ਦੇ ਰੂਪ ਵਿੱਚ ਬਹੁਤ ਸਾਰੇ ਹੱਕ ਦਿੱਤੇ ਹਨ । ਸਾਡੇ ਸੰਵਿਧਾਨ ਵਿੱਚ ਲਿਖਿਆ ਹੋਇਆ ਹੈ ਕਿ ਜੇਕਰ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਾਨੂੰਨ ਦਾ ਸਹਾਰਾ ਲੈ ਸਕਦਾ ਹੈ। ਭਾਰਤੀ ਸੰਵਿਧਾਨ ਹਰੇਕ ਭਾਰਤੀ ਨਾਗਰਿਕ ਨੂੰ ਬਰਬਰਤਾ, ਸੁਤੰਤਰਤਾ, ਸ਼ੋਸਣ - ਵਿਰੋਧ, ਧਾਰਮਿਕ ਸੁਤੰਤਰਤਾ ਪ੍ਰਦਾਨ ਕਰਦਾ ਹੈ। ਪਰ ਹਕੀਕਤ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਆਨੰਦ ਸਿਰਫ ਕੁਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ, ਜਿੰਨਾ ਵਿੱਚ ਰਾਜਨੇਤਾ ਸ਼ਾਮਿਲ ਹਨ ਜਾਂ ਵੱਡੇ ਵਪਾਰੀ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤੀ ਚੰਗੀ ਨਹੀਂ ਕਹੀ ਜਾ ਸਕਦੀ। ਜੇਕਰ ਸ਼ੋਸ਼ਣ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਵਿੱਚ ਔਰਤਾਂ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦੀਆਂ ਨਿੱਤ ਸ਼ਿਕਾਰ ਹੁੰਦੀਆਂ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਸਭ ਤੋਂ ਵੱਡੀ ਉਦਹਾਰਣ ਦਿੱਲੀ ਵਿੱਚ ਕੜਾਕੇ ਦੀ ਠੰਡ ਵਿੱਚ ਤੜਪ ਰਹੇ ਕਿਸਾਨ ਵੀਰ ਹਨ। ਆਪਣੇ ਹੱਕ ਲੈਣੇ ਜਿੱਥੇ ਭਾਰਤੀ ਨਾਗਰਿਕਾਂ ਦਾ ਸੰਵਿਧਾਨਕ ਅਧਿਕਾਰ ਹੈ ਉੱਥੇ ਲੋਕਾਂ ਨੂੰ ਆਪਣੇ ਹੀ ਬਨਦੇ ਹੱਕਾਂ ਲਈ ਲਾਠੀਆਂ ਖਾਣੀਆਂ ਪਈਆਂ। ਇਸੇ ਸੰਵਿਧਾਨ ਦੇ ਅਧਾਰ ਤੇ ਦੇਸ਼ ਨੂੰ ਚਲਾਉਣ ਵਾਲੀਆਂ ਸਰਕਾਰਾਂ ਨੂੰ ਲੋਕਾਂ ਦੇ ਦਰਦ ਅਤੇ ਲੋਕਾਂ ਪ੍ਰਤੀ ਬਨਦੀ ਸਰਕਾਰਾਂ ਦੀ ਜ਼ੁੰਮੇਵਾਰੀ ਦਾ ਬਿਲਕੁਲ ਅਹਿਸਾਸ ਨਹੀਂ ਹੈ। ਪੂਰੇ ਦੇਸ਼ ਦਾ ਪੇਟ ਪਾਲਣ ਵਾਲਾ ਅੰਨਦਾਤਾ ਆਪਣੇ ਹੱਕਾਂ ਲਈ ਠੰਡ ਵਿੱਚ ਸੀਤ ਪਾਣੀ ਦੀਆਂ ਬੁਛਾੜਾਂ ਸਹਿ ਰਿਹਾ ਹੈ। ਮਨੁੱਖੀ ਅਧਿਕਾਰਾਂ ਤੋਂ ਵਾਂਝੇ ਦੇਸ਼ ਆਪਣੇ ਆਪ ਨੂੰ ਲੋਕ ਰਾਜ ਜਾਂ ਜਮਹੂਰੀ ਦੇਸ਼ ਨਹੀਂ ਅਖਵਾ ਸਕਦੇ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜ਼ਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜ਼ੁੰਮਿਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਦੇਸ਼ ਵਿੱਚ ਹਰ ਵਿਅਕਤੀ ਦੇ ਮੁੱਢਲੇ ਮਨੁੱਖੀ ਅਧਿਕਾਰ ਸੁਰੱਖਿਅਤ ਰਹਿ ਸਕਣ।

# ਭਾਜਪਾ ਦੇ ਨੇਤਾ ਇਕਬਾਲ ਸਿੰਘ ਲਾਲਪੁਰਾ ਦੀ ਚੀਫ ਖਾਲਸਾ ਦੀਵਾਨ ਵੱਲੋਂ ਛੁੱਟੀ

*** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਕਾਰਨ ਦੱਸੋ ਨੋਟਿਸ ਜਾਰੀ**

ਸ੍ਰੀ ਆਨੰਦਪੁਰ ਸਾਹਿਬ, 7 ਜਨਵਰੀ (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਨੇ ਆਪਣੀਆਂ ਵਿੱਦਿਅਕ ਸੰਸਥਾਵਾਂ ਵਿੱਚ ਮੈਂਬਰ ਇੰਚਾਰਜ ਵਜੋਂ ਅਗਵਾਈ ਕਰਦੇ ਰਹੇ ਸਾਬਕਾ ਪੁਲਸ ਅਧਿਕਾਰੀ ਅਤੇ ਭਾਜਪਾ ਦੇ ਕੌਮੀ ਬੁਲਾਰੇ ਇਕਬਾਲ ਸਿੰਘ ਲਾਲਪੁਰਾ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਅਤੇ ਨਾਲ ਚੀਫ ਖਾਲਸਾ ਦੀਵਾਨ ਦੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਦੀ ਜਵਾਬ ਤਲਬੀ ਬਾਰੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ।

ਇਸ ਕਾਰਵਾਈ ਦੀ ਪੁਸ਼ਟੀ ਕਰਦੇ ਹੋਏ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਇਕਬਾਲ ਸਿੰਘ ਲਾਲਪੁਰਾ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਮੁੱਦਾ ਸਾਹਮਣੇ ਆਇਆ ਸੀ, ਜਿਸ ਪਿੱਛੋਂ ਕਿਸਾਨਾਂ ਨੇ ਮੁਜ਼ਾਹਰਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸਮੁੱਚੇ ਕੇਸ ਬਾਰੇ ਜਾਨਣ ਮਗਰੋਂ ਇਕਬਾਲ ਸਿੰਘ ਲਾਲਪੁਰਾ ਨੂੰ ਆਨੰਦਪੁਰ ਸਾਹਿਬ ਵਿਖੇ ਚੱਲ ਰਹੇ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਭਾਈ ਹਰਿਕ੍ਰਿਸ਼ਨ ਪਬਲਿਕ ਸਕੂਲ ਤੇ ਕੀਰਤਪੁਰ ਸਾਹਿਬ ਦੇ ਸਕੂਲ ਦੇ ਮੈਂਬਰ ਇੰਚਾਰਜ ਦੇ ਅਹੁਦੇ ਤੋਂ ਹਟਾ ਦਿੱਤਾ ਤੇ ਬੇਅਦਬੀ ਕੇਸ ਬਾਰੇ ਸਥਿਤੀ ਸਪੱਸ਼ਟ ਕਰਨ ਲਈ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਦੂਸਰੇ ਪਾਸੇ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਉਨ੍ਹਾਂ ਦੇ ਘਰ ਵਿੱਚ ਚਾਲੀ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਅਤੇ ਉਹ ਬੇਅਦਬੀ ਬਾਰੇ ਸੁਫਨੇ ਵਿੱਚ ਵੀ ਨਹੀਂ ਸੋਚ ਸਕਦੇ। ਉਨ੍ਹਾਂ ਦੇ ਸਿਆਸੀ ਵਿਰੋਧੀ ਜਾਣਬੁੱਝ ਕੇ ਮਨਘੜਤ ਗੱਲਾਂ ਨਾਲ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਿੱਥੋਂ ਤੱਕ ਚੀਫ ਖਾਲਸਾ ਦੀਵਾਨ ਦੇ ਨੋਟਿਸ ਦੀ ਗੱਲ ਹੈ, ਉਹ ਅਜੇ ਤੱਕ ਉਨ੍ਹਾਂ ਨੂੰ ਨਹੀਂ ਮਿਲਿਆ ਤੇ ਜਦੋਂ ਮਿਲੇਗਾ ਤਾਂ ਉਸ ਦਾ ਜੁਆਬ ਦੇ ਦਿੱਤਾ ਜਾਵੇਗਾ।

# ਸੁਮੇਧ ਸੈਣੀ ਕੇਸ ਵਿੱਚ ਸਾਬਕਾ ਡੀ ਐਸ ਪੀ ਨੂੰ ਜ਼ਮਾਨਤ ਮਿਲੀ

ਐਸ ਏ ਐਸ ਨਗਰ, 7 ਜਨਵਰੀ (ਪੋਸਟ ਬਿਊਰੋ)- ਇੱਕ ਸਾਬਕਾ ਆਈ ਏ ਐਸ ਅਧਿਕਾਰੀ ਦੇ ਲੜਕੇ ਬਲਵੰਤ ਸਿੰਘ ਮੁਲਤਾਨੀ ਨੂੰ ਸਾਲ 1991 ਵਿੱਚ ਅਗਵਾ ਕਰ ਕੇ ਉਸ ਦੀ ਲਾਸ਼ ਖ਼ੁਰਦ-ਬੁਰਦ ਕਰਨ ਦੇ ਕੇਸ'ਚ ਨਾਮਜ਼ਦ ਚੰਡੀਗੜ੍ਹ ਪੁਲਸ ਦੇ ਸਾਬਕਾ ਡੀ ਐਸ ਪੀ ਕੰਵਲ ਇੰਦਰਪਾਲ ਸਿੰਘ (ਕੇ ਆਈ ਪੀ ਸਿੰਘ) ਵੱਲੋਂ ਵਿਦੇਸ਼ ਤੋਂ ਪਰਤਦਿਆਂ ਹੀ ਆਪਣੇ ਵਕੀਲ ਰਾਹੀਂ ਮੁਹਾਲੀ ਦੀ ਅਦਾਲਤ 'ਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ, ਜਿਹੜੀ ਅਦਾਲਤ ਨੇ ਕੱਲ੍ਹ ਮਨਜ਼ੂਰ ਕਰ ਲਈ ਹੈ ਅਤੇ ਉਹ ਜਾਂਚ ਵਿੱਚ ਸ਼ਾਮਲ ਹੋਣਗੇ।



ਕੇ ਆਈ ਪੀ ਸਿੰਘ ਨਿੱਜੀ ਕੰਮ ਲਈ ਕੈਨੇਡਾ ਗਿਆ ਸੀ ਤੇ ਪਿੱਛੋਂ ਪੁਲਸ ਨੇ ਅਦਾਲਤ ਰਾਹੀਂ ਉਸਦੇ ਗ੍ਰਿਫ਼ਤਾਰੀ ਵਾਰੰਟ ਹਾਸਲ ਕਰ ਲਏ ਸਨ। ਹਾਈਕੋਰਟ ਨੇ ਉਸਦੀ ਗ੍ਰਿਫ਼ਤਾਰੀ 'ਤੇ 15 ਜਨਵਰੀ ਤੱਕ ਰੋਕ ਲਾਈ ਹੈ। ਸਰਕਾਰ ਨੇ ਵੀ ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਦਾ ਕੋਈ ਖਾਸ ਵਿਰੋਧ ਨਹੀਂ ਕੀਤਾ। ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਰਜਨੀਸ਼ ਗਰਗ ਦੀ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੇ ਆਈ ਪੀ ਸਿੰਘ ਨੂੰ ਅੰਤਰਿਮ ਜ਼ਮਾਨਤ ਦੇਂਦੇ ਹੋਏ ਕਿਹਾ ਕਿ ਉਹ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਅੱਗੇ ਪੇਸ਼ ਹੋ ਕੇ ਜਾਂਚ 'ਚ ਸਹਿਯੋਗ ਕਰੇ। ਅਦਾਲਤ ਵੱਲੋਂ ਇਸ ਅਰਜ਼ੀ ਵਾਲੇ ਮਾਮਲੇ ਦੀ ਅਗਲੀ ਸੁਣਵਾਈ ਲਈ 22 ਜਨਵਰੀ ਦੀ ਤਰੀਕ ਰੱਖੀ ਗਈ ਹੈ। ਦੂਸਰੇ ਪਾਸੇ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੇ ਸਬੰਧ 'ਚ ਸਰਕਾਰ ਵੱਲੋਂ ਜ਼ਮਾਨਤ ਅਰਜ਼ੀ ਰੱਦ ਕਰਨ ਬਾਰੇ ਦਾਖ਼ਲ ਕੀਤੇ ਜਵਾਬ ਸਬੰਧੀ ਸੁਮੇਧ ਸੈਣੀ ਦੇ ਵਕੀਲ ਐਚ ਐਸ ਧਨੋਆ ਨੇ ਜਵਾਬ ਦੀ ਕਾਪੀ ਮੰਗੀ ਹੈ। ਅਦਾਲਤ ਨੇ ਜਵਾਬ ਦੀ ਕਾਪੀ ਦੇਣ ਮਗਰੋਂ ਇਸ ਮਾਮਲੇ 'ਚ ਸਰਕਾਰ ਦੇ ਜਵਾਬ ਉਤੇ 28 ਜਨਵਰੀ ਨੂੰ ਬਹਿਸ ਕਰਨ ਲਈ ਕਿਹਾ ਹੈ।

## ਕੈਪਟਨ ਅਮਰਿੰਦਰ ਸਿੰਘ ਦੀ ਚੋਣ ਨੂੰ ਚੁਣੌਤੀ ਵਾਲੀ ਪਟੀਸ਼ਨ ਰੱਦ

ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਚੋਣ ਨੂੰ ਚੁਣੌਤੀ ਦਿੰਦੀ ਪਟੀਸ਼ਨ ਪੰਜਾਬ ਹਰਿਆਣਾ ਹਾਈ ਕੋਰਟ ਦੀ ਮਹਿਲਾ ਜਸਟਿਸ ਦਿਆ ਚੌਧਰੀ ਨੇ ਰੱਦ ਕਰ ਦਿੱਤੀ ਹੈ।

ਪਟਿਆਲਾ ਦੇ ਵਾਸੀ ਹਰਕੀਰਤ ਸਿੰਘ ਨੇ ਸਾਲ 2002 ਦੀਆਂ ਵਿਧਾਨਸਭਾ ਚੋਣਾਂ ਵਿੱਚ ਕੈਪਟਨ ਵੱਲੋਂ ਭ੍ਰਿਸ਼ਟ ਹੱਥ-ਕੰਡੇ ਵਰਤਣ ਦਾ ਦੋਸ਼ ਲਾ ਕੇ ਚੋਣ ਰੱਦ ਕਰਨ ਦੀ ਮੰਗ ਕੀਤੀ ਸੀ ਤੇ 18 ਸਾਲ ਲੰਮੀ ਸੁਣਵਾਈ ਉਪਰੰਤ ਬੈਂਚ ਨੇ ਦੋਵਾਂ ਧਿਰਾਂ ਦੀ ਬਹਿਸ ਸੁਣ ਕੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ ਤੇ ਕੱਲ੍ਹ ਪਟੀਸ਼ਨ ਰੱਦ ਕਰ ਦਿੱਤੀ ਹੈ। ਇਸ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਸੀ ਕਿ ਕੈਪਟਨ ਨੇਓਦੋਂ ਦੇ ਅਫ਼ਸਰ ਭਰਤ ਇੰਦਰ ਸਿੰਘ ਚਹਿਲ ਦਾ ਮੀਡੀਆ ਲਈ ਪ੍ਰਭਾਵ ਵਰਤਿਆ ਸੀ ਅਤੇ ਪਟਿਆਲਾ ਦੇ ਮੋਤੀ ਮਹਿਲ ਬਾਗ਼ ਵਿਖੇ ਚਾਹ ਪਾਰਟੀ ਦਾ ਖਰਚ ਚੋਣ ਖ਼ਰਚ 'ਚ ਨਹੀਂ ਸੀ ਜੋੜਿਆ।ਉਸ ਵਕਤ ਦੇ ਇੱਕ ਐਸ ਪੀ ਹਰਨਾਮ ਸਿੰਘ ਮਹਿਰਾ ਦੀ ਵੀ ਮਦਦ ਲਈ ਅਤੇ ਉਸ ਨੇ ਇੱਕ ਸਮਾਗਮ ਵਿੱਚ ਕੈਪਟਨ ਅਮਰਿੰਦਰ ਸਿੰਘ ਬਾਰੇ ਕਿਹਾ ਸੀ ਕਿ ਉਹ ਮੁੱਖ ਮੰਤਰੀ ਗ਼ਰੀਬੋਂ ਕਾ ਮਸੀਹਾ ਹੈ। ਇਹ ਵੀ ਦੋਸ਼ ਲਾਇਆ ਗਿਆ ਸੀ ਕਿ ਚੋਣ ਦੌਰਾਨ ਕੈਪਟਨ ਨੇ ਪੋਸਟਰ ਵੰਡੇ ਸਨ, ਜਿਸ ਵਿੱਚ ਉਨ੍ਹਾਂ ਨੂੰ ਮਹਾਰਾਜਾ ਕਿਹਾ ਗਿਆ ਸੀ।



ਕੈਪਟਨ ਅਮਰਿੰਦਰ ਸਿੰਘ ਵੱਲੋਂ ਸੀਨੀਅਰ ਵਕੀਲ ਐਮ ਐਲ ਸੱਗੜ ਨੇ ਪੈਰਵੀ ਕੀਤੀ ਅਤੇ ਕਈ ਵਾਰ ਕੈਪਟਨ ਨੇ ਖ਼ੁਦ ਵੀ ਹਾਈ ਕੋਰਟ 'ਚ ਬਿਆਨ ਦਰਜ ਕਰਵਾਏ ਸਨ। ਇਸ ਬਾਰੇ ਉਨ੍ਹਾਂ ਦੇ ਪੱਖ ਵਿੱਚ ਕਿਹਾ ਗਿਆ ਕਿ ਕੈਪਟਨ ਦੀ ਪ੍ਰੈੱਸ ਕਾਨਫ਼ਰੰਸ 'ਚ ਚਹਿਲ ਦੀ ਮੌਜੂਦਗੀ ਗ਼ਲਤ ਨਹੀਂ ਸੀ, ਉਹ ਮੀਡੀਆ ਨਾਲ ਸਬੰਧਤ ਅਫ਼ਸਰ ਸੀ। ਇਹ ਵੀ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਮੋਤੀ ਮਹਿਲ ਵਿਖੇ ਆਏ ਨੂੰ ਚਾਹ ਪਾਣੀ ਦੇਣਾ ਪ੍ਰਵਾਰ ਦੀ ਰਵਾਇਤ ਹੈ ਤੇ ਇਸ ਖ਼ਰਚ ਨੂੰ ਚੋਣ ਖ਼ਰਚ ਵਿੱਚ ਨਹੀਂ ਗਿਣਿਆ ਜਾ ਸਕਦਾ ਅਤੇ ਇਹ ਚੋਣ ਮੀਟਿੰਗ ਨਹੀਂ ਸੀ। ਐਸ ਪੀ ਵੱਲੋਂ ਸਮਾਗਮ ਵਿੱਚ ਕਹੇ ਸ਼ਬਦਾਂ ਬਾਰੇ ਕਿਹਾ ਗਿਆ ਕਿ ਉਸ ਸਮਾਗਮ ਵਿੱਚ ਕੈਪਟਨ ਨਹੀਂ ਸੀ। ਇਹ ਵੀ ਕਿਹਾ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਮਹਾਰਾਜਾ ਨਹੀਂ ਤੇ ਉਹ ਆਪਣੇ ਆਪ ਨੂੰ ਕੈਪਟਨ ਲਿਖਦੇ ਹਨ, ਤੇ ਉਨ੍ਹਾਂ ਨੇ ਮਹਾਰਾਜਾ ਵਾਲੇ ਪੋਸਟਰ ਨਹੀਂ ਵੰਡੇ।

# ਪੰਜਾਬ ਸਰਕਾਰ 225 ਲੱਖ ਕਰੋੜ ਕਰਜ਼ੇ ਦੇ ਬੋਝ ਹੇਠ ਦੱਬੀ ਗਈ

ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾਂਦੀ ਹੈ। ਇਸ ਸਮੇਂ ਪੰਜਾਬ 2.25 ਲੱਖ ਕਰੋੜ ਰੁਪਏ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਬਜਟ ਪੇਸ਼ ਹੋਣ ਤੱਕ 14 ਹਜ਼ਾਰ ਕਰੋੜ ਰੁਪਏ ਹੋਰ ਕਰਜ਼ਾ ਸੂਬੇ ਸਿਰ ਚੜ੍ਹ ਜਾਵੇਗਾ। ਅਹਿਮ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਗ ਦੀ ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ 207 ਦਿਨ ਖਜ਼ਾਨਾ ਓਵਰ ਡਰਾਫਟ ਰਿਹਾ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬਜਟ ਪੇਸ਼ ਹੋਣ ਤੱਕ ਪੰਜਾਬ'ਤੇ 2.39 ਲੱਖ ਕਰੋੜ ਰੁਪਏ ਕਰਜ਼ਾ ਹੋ ਜਾਣ ਦੀ ਗੱਲ ਮੰਨੀ ਹੈ, ਪਰ ਉਨ੍ਹਾਂ ਕਿਹਾ ਕਿ ਇਸ ਸਾਲ ਬਜਟ ਲੋਕ ਪੱਖੀ ਹੋਵੇਗਾ। ਬਜਟ ਨਾ ਘਾਟੇ ਅਤੇ ਨਾ ਮੁਨਾਫੇ ਦਾ ਪੇਸ਼ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਪਿਛਲੇ ਬਜਟ ਸੈਸ਼ਨ ਵਿੱਚ ਖਜ਼ਾਨਾ ਮੰਤਰੀ ਨੇ ਸਦਨ 'ਚ ਚੌਥੇ ਵਰ੍ਹੇ ਸਰਪਲਸ ਬਜਟ ਪੇਸ਼ ਕਰਨ ਦਾ ਵਾਅਦਾ ਕੀਤਾ ਸੀ।ਪੰਜਾਬ ਭਵਨ 'ਚ ਪੱਤਰਕਾਰਾਂ ਨਾਲ ਗੱਲਬਾਤ ਵੇਲੇ ਖਜ਼ਾਨਾ ਮੰਤਰੀ ਨੇ ਕਿਹਾ ਕਿ ਕੇਂਦਰ ਦਾ ਪੰਜਾਬ ਸਰਕਾਰ ਪ੍ਰਤੀ ਵਿਹਾਰ ਠੀਕ ਨਹੀਂ ਹੈ। ਕਿਸਾਨ ਅੰਦੋਲਨ ਕਾਰਨ ਕੇਂਦਰ ਦਾ ਵਰਤਾਰਾ ਹੋਰ ਵੀ ਅੜੀਅਲ ਹੋ ਗਿਆ ਹੈ। ਕੇਂਦਰ ਸਰਕਾਰ ਨੇ ਪੇਂਡੂ ਵਿਕਾਸ ਫੰਡ (ਆਰ ਡੀ ਐਫ) ਦੇ 1200 ਕਰੋੜ ਰੁਪਏ ਰੋਕੇ ਹੋਏ ਹਨ ਅਤੇ ਜੀ ਐਸ ਟੀ ਦੀ 8500 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਵੀ ਨਹੀਂ ਦੇ ਰਹੀ। ਉਨ੍ਹਾਂ ਕੇਂਦਰ ਨਾਲ ਰੋਸ ਕਰਦਿਆਂ ਕਿਹਾ ਕਿ ਕੇਂਦਰ ਸੰਵਿਧਾਨਕ ਤੌਰ ਉਤੇ ਜੀ ਐਸ ਟੀ ਦਾ ਪੈਸਾ ਦੇਣ ਦੇ ਫੈਸਲੇ ਤੋਂ ਪਿੱਛੇ ਹਟ ਗਿਆ ਅਤੇ ਉਸ ਦੇ ਨਵੇਂ ਫੈਸਲੇ ਅਨੁਸਾਰ ਸੂਬੇ ਦਾ ਇੱਕ ਹਜ਼ਾਰ ਤੋਂ 1200 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਇਹੀ ਕਾਰਨ ਹੈ ਕਿ ਕਿਸਾਨ ਐਮ ਐਸ ਪੀ ਲਿਖਤੀ ਰੂਪ ਵਿੱਚ ਦੇਣ ਦੇ ਕੇਂਦਰ ਦੇ ਫੈਸਲੇ 'ਤੇ ਯਕੀਨ ਨਹੀਂ ਕਰ ਰਹੇ।

**ਕਾਮਰੇਡ ਬਲਵਿੰਦਰ ਸਿੰਘ ਕਤਲ ਕੇਸ**

# ਅਦਾਲਤ ਵੱਲੋਂ ਮੁੱਖ ਦੋਸ਼ੀ ਭਾਅ ਅਤੇ ਭੂਰਾ ਤਰਨ ਤਾਰਨ ਪੁਲਸ ਨੂੰ ਸੌਂਪਣ ਦੀ ਅਰਜ਼ੀ ਮਨਜ਼ੂਰ

ਤਰਨਤਾਰਨ, 7 ਜਨਵਰੀ (ਪੋਸਟ ਬਿਊਰੋ)- 16 ਅਕਤੂਬਰ 2020 ਨੂੰ ਹੋਏ ਸ਼ੌਰੀਆ ਚੱਕਰ ਜੇਤੂ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਦੇ ਕਤਲ ਕੇਸ ਵਿੱਚ ਤਰਨ ਤਾਰਨ ਪੁਲਸ ਨੂੰ ਲੋੜੀਂਦੇ ਮੁੱਖ ਦੋਸ਼ੀ ਗੁਰਜੀਤ ਸਿੰਘ ਭਾਅ ਅਤੇ ਸੁਰਜੀਤ ਸਿੰਘ ਭੂਰਾ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਤਰਨਤਾਰਨ ਲਿਆਉਣ ਦੀ ਅਰਜ਼ੀ ਨੂੰ ਦਿੱਲੀ ਦੀ ਪਟਿਆਲਾ ਹਾਊਸ ਦੀ ਅਦਾਲਤ ਨੇ ਮਨਜ਼ੂਰ ਕਰ ਲਿਆ ਹੈ ਅਤੇ ਦੋਵਾਂ ਹਮਲਾਵਰਾਂ ਨੂੰ ਤਰਨ-ਤਾਰਨ ਪੁਲਸ ਵੱਲੋਂ ਏਥੇ ਅਦਾਲਤ ਵਿੱਚ ਪੇਸ਼ ਕਰਨ ਪਿੱਛੋਂ ਰਿਮਾਂਡ ਲੈ ਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ। ਇਸ ਤੋਂ ਬਾਅਦ ਇਸ ਹਾਈਪ੍ਰੋਫਾਈਲ ਕਤਲ ਦੇ ਮਾਮਲੇ ਦੀ ਅਸਲੀ ਵਜ੍ਹਾ ਸਾਰਿਆਂ ਦੇ ਸਾਹਮਣੇ ਆਉਣ ਦੀ ਉਮੀਦ ਹੈ।

ਤਰਨਤਾਰਨ ਦੇ ਐਸ ਐਸ ਪੀ ਧਰੁਮਨ ਐਚ ਨਿੰਬਾਲੇ ਨੇ ਦੱਸਿਆ ਕਿ ਇਸ ਮਾਮਲੇ ਨੂੰ ਚੁਣੌਤੀ ਵਜੋਂ ਲੈਂਦਿਆਂ ਇਸ ਕੇਸ ਵਿੱਚ ਲੋੜੀਂਦੇ 13 ਵਿਅਕਤੀਆਂ ਨੂੰ ਪੁਲਸ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਤਰਨਤਾਰਨ ਪੁਲਸ ਦੀ ਟੀਮ ਵੱਲੋਂ ਗੁਰਜੀਤ ਸਿੰਘ ਭਾਅ ਅਤੇ ਸੁਖਦੀਪ ਸਿੰਘ ਭੂਰਾ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਲਈ ਪਟਿਆਲਾ ਹਾਊਸ ਵਿੱਚ ਜੋ ਅਰਜ਼ੀ ਦਿੱਤੀ ਗਈ ਸੀ, ਉਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਹੈ। ਦੋਵਾਂ ਵਿਅਕਤੀਆਂ ਨੂੰ ਮੈਡੀਕਲ ਕਰਵਾਉਣ ਦੇ ਨਾਲ-ਨਾਲ ਖ਼ਾਨਾਪੂਰਤੀ ਦਾ ਕੰਮ ਮੁਕੰਮਲ ਕਰਕੇ ਤਰਨ ਤਾਰਨ ਲਿਆਂਦਾ ਜਾਵੇਗਾ, ਜਿੱਥੇ ਇਨ੍ਹਾਂ ਦੋਵਾਂ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਜਾਵੇਗਾ।

## ਫਿਰ ਆਰ ਟੀ ਏ ਨੇ ਕੋਰਟ ਦੇ ਹੁਕਮ ਉੱਤੇ ਲਾਇਸੈਂਸ ਬਣਾ ਕੇ ਦਿੱਤਾ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਰੀਜਨਲ ਟਰਾਂਸਪੋਰਟ ਅਥਾਰਟੀ (ਆਰ ਟੀ ਏ) ਦਫਤਰ ਨੇ ਕੋਰਟ ਦੇ ਹੁਕਮਾਂ 'ਤੇ ਇੱਕ ਗੁੰਮ ਕੀਤਾ ਹੋਇਆ ਡਰਾਈਵਿੰਗ ਲਾਇਸੈਂਸ ਫਿਰ ਤੋਂ ਬਣਾ ਕੇ ਦਿੱਤਾ ਹੈ। ਮਾਮਲਾ ਅਦਾਲਤ ਵਿੱਚ ਪਹੁੰਚਣ ਦੇ ਬਾਅਦ ਆਰ ਟੀ ਆਈ ਦਫਤਰ ਦੇ ਮੁਲਾਜ਼ਮਾਂ ਨੇ ਡੁਪਲੀਕੇਟ ਲਾਇਸੈਂਸ ਬਣਾਉਣ ਦੇ ਫਾਰਮਖੁਦ ਭਰੇ,ਸਰਕਾਰੀ ਫੀਸ ਵੀ ਖੁਦ ਜਮ੍ਹਾਂ ਕਰਵਾਈ ਅਤੇ ਅਪਵਾਇੰਟਮੈਂਟ ਲੈ ਕੇ ਲਾਇਸੈਂਸ ਹੋਲਡਰ ਦੀ ਫੋਟੋ ਵੀ ਕਰਵਾਈ।

ਐਸੋਸੀਏਸ਼ਨਆਫ ਲਾਇਰਸ ਫਾਰ ਸੋਸ਼ਲ ਜਸਟਿਸ ਦੇ ਐਡਵੋਕੇਟ ਹਰਮਿੰਦਰ ਸਿੰਘ ਸੰਧੂ ਨੇ ਦੱਸਿਆ ਹੈ ਕਿ ਡਾਕਖਾਨਾ ਸੂਰਾਨੁੱਸੀ ਵਿੱਚ ਤੈਨਾਤ ਰਮਨਦੀਪ ਦਾ ਲਾਇਸੈਂਸ ਅਤੇ ਚਾਲਾਣ ਸਲਿਪ ਆਰ ਟੀ ਏ ਦਫਤਰ ਨੇ ਗੁੰਮ ਕਰ ਦਿੱਤੀ ਸੀ। ਰਮਨਦੀਪ ਨੇ ਦਫਤਰ ਦੇ ਕਈ ਚੱਕਰ ਕੱਟੇ, ਪਰ ਚਾਲਾਨ ਨਹੀਂ ਭਰਵਾਇਆ ਗਿਆ। ਫਿਰ ਕੋਰਟ ਵਿੱਚ ਕੇਸ ਕਰ ਕੇ ਅਦਾਲਤ ਨੂੰ ਅਪੀਲ ਕੀਤੀ ਗਈ ਕਿ ਆਰ ਟੀ ਏ ਦਫਤਰ ਨੂੰ ਨਿਰਦੇਸ਼ ਦਿੱਤੇ ਜਾਣ ਕਿ ਚਲਾਣ ਅਤੇ ਲਾਇਸੈਂਸ ਲੱਭ ਕੇ ਦਿੱਤਾ ਜਾਏ। ਜੇ ਅਜਿਹਾ ਸੰਭਵ ਨਹੀਂ ਹੈ ਤਾਂ ਨਵਾਂ ਲਾਇਸੈਂਸ ਬਣਾ ਕੇ ਦਿੱਤਾ ਜਾਏ। ਸੰਧੂ ਨੇ ਦੱਸਿਆ ਕਿ ਕੇਸ ਵਿੱਚ ਆਰ ਟੀ ਏ ਦੇ ਇਲਾਵਾ ਡਿਪਟੀ ਕਮਿਸ਼ਨਰ ਜਲੰਧਰ ਅਤੇ ਸਬੰਧਤ ਕਲਰਕ ਨੂੰ ਵੀ ਧਿਰ ਬਣਾਇਆ ਗਿਆ।ਕੇਸ ਦੀ ਪਹਿਲੀ ਤਰੀਕ 17 ਨਵੰਬਰ ਸੀ ਤੇ ਉਸੇ ਦਿਨ ਦਫਤਰ ਦੇ ਕਲਰਕ ਨੇ ਡੁਪਲੀਕੇਟ ਲਾਇਸੈਂਸ ਬਣਾ ਦੇਣ ਦਾ ਭਰੋਸਾ ਦਿੱਤਾ। ਕੇਸ ਦੀ ਦੂਸਰੀ ਤਰੀਕ 27 ਨਵੰਬਰ ਅਤੇ ਤੀਸਰੀ ਤਰੀਕ 23 ਦਸੰਬਰ ਸੀ ਅਤੇ ਪੰਜ ਜਨਵਰੀ ਨੂੰ ਆਰ ਟੀ ਏ ਦਫਤਰ ਦਾ ਕਲਰਕ ਰਮਨਦੀਪ ਦਾ ਡੁਪਲੀਕੇਟ ਲਾਇਸੈਂਸ ਲੈ ਕੇ ਅਦਾਲਤ ਵਿੱਚ ਹਾਜ਼ਰ ਹੋ ਗਿਆ।



# ਥਾਣੇਦਾਰ ਨਾਲ ਹੋਈ ਠੱਗੀ; ਸਟੱਡੀ ਵੀਜ਼ੇ 'ਤੇ ਵਿਦੇਸ਼ ਭੇਜੀ ਗਈ ਨੂੰਹ ਨੇ ਤਲਾਕ ਮੰਗ ਲਿਆ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਮਕਸੂਦਾਂ ਵਿੱਚ ਤੈਨਾਤ ਸਬ ਇੰਸਪੈਕਟਰ ਨਾਲ ਉਸ ਦੀ ਨੂੰਹ ਤੇ ਉਸ ਦੇ ਪਿਓ ਨੇ ਠੱਗੀ ਮਾਰ ਲਈ, ਜਿਨ੍ਹਾਂ ਖਿਲਾਫ ਜਾਂਚ ਪਿੱਛੋਂ ਠੱਗੀ ਦਾ ਕੇਸ ਦਰਜ ਹੋਇਆ ਹੈ।

ਪਤਾ ਲੱਗਾ ਹੈ ਕਿ ਥਾਣਾ ਮਕਸੂਦਾਂ 'ਚ ਤੈਨਾਤ ਸਬ ਇੰਸਪੈਕਟਰ ਰਘਬੀਰ ਸਿੰਘ ਆਪਣੇ ਪੁੱਤਰ ਗੁਰਵਿੰਦਰ ਸਿੰਘ ਨੂੰ ਵਿਦੇਸ਼ ਭੇਜਣਾ ਚਾਹੁੰਦਾ ਸੀ, ਇਸ ਲਈ ਉਹ ਕਿਸੇ ਅਜਿਹੀ ਲੜਕੀ ਦੀ ਤਲਾਸ਼ ਵਿੱਚ ਸੀ ਜਿਸ ਨੇ ਆਈਲੈਟਸ ਕੀਤੀ ਹੋਵੇ ਤੇ ਉਸ ਦੇ ਪੁੱਤਰ ਨੂੰ ਬਾਹਰ ਲਿਜਾ ਸਕੇ। ਉਸ ਦੇ ਇੱਕ ਦੋਸਤ ਭੁਪਿੰਦਰ ਸਿੰਘ ਵਾਸੀ ਭੋਗਪੁਰ ਨੇ ਰਵਿੰਦਰ ਸਿੰਘ ਵਾਸੀ ਨੰਗਲ ਅਰਾਈਆਂ ਭੋਜਪੁਰੀ ਨਾਲ ਉਸ ਨੂੰ ਮਿਲਾਇਆ, ਜਿਸ ਦੀ ਧੀ ਪਰਨੀਤ ਸੈਣੀ ਨੇ ਆਈਲੈਟਸ ਕੀਤੀ ਹੋਈ ਸੀ ਤੇ ਉਸ ਦੇ ਸਾਢੇ ਛੇ ਬੈਂਡ ਆਏ ਸਨ। 28 ਦਸੰਬਰ 2017 ਨੂੰ ਦੋਵਾਂ ਦੇ ਪਰਵਾਰ ਭੁਪਿੰਦਰ ਸਿੰਘ ਦੇ ਘਰ ਮਿਲੇ ਜਿੱਥੇ ਰਵਿੰਦਰ ਸਿੰਘ ਤੇ ਉਸਦੀ ਪਤਨੀ ਨੇ ਕਿਹਾ ਕਿ ਉਹ ਇਸ ਰਿਸ਼ਤੇ ਲਈ ਤਿਆਰ ਹਨ, ਪਰ ਵਿਆਹ ਤੇ ਵਿਦੇਸ਼ ਭੇਜਣ ਦਾ ਖਰਚਾ ਸਬ ਇੰਸਪੈਕਟਰ ਰਘਬੀਰ ਸਿੰਘ ਚੁੱਕੇਗਾ। ਇਸ ਲਈ ਰਘਬੀਰ ਸਿੰਘ ਦਾ ਪਰਵਾਰ ਮੰਨ ਗਿਆ। ਫਿਰ ਸੱਤ ਫਰਵਰੀ 2018 ਨੂੰ ਗੁਰਵਿੰਦਰ ਸਿੰਘ ਅਤੇ ਪਰਨੀਤ ਸੈਣੀ ਦੀ ਰਿੰਗ ਸੈਰੇਮਨੀ ਅਮਰ ਪੈਲੇਸ ਪਿੰਡ ਸੱਦਾ ਚੱਕ ਭੋਗਪੁਰ ਵਿੱਚ ਹੋਈ ਤਾਂ ਸਾਰਾ ਖਰਚਾ ਸਬ ਇੰਸਪੈਕਟਰ ਰਘਬੀਰ ਸਿੰਘ ਨੇ ਕੀਤਾ। ਇਸ ਪਿੱਛੋਂ ਚਾਰ ਮਾਰਚ 2018 ਨੂੰ ਦੋਵਾਂ ਦਾ ਵਿਆਹ ਭੋਗਪੁਰ ਦੇ ਅਜੀਤ ਰਿਜ਼ਾਰਟ ਵਿੱਚ ਹੋਇਆ ਤਾਂ ਲੜਕੀ ਵਾਲਿਆਂ ਤੋਂ ਕੋਈ ਦਾਜ ਨਹੀਂ ਲਿਆ ਗਿਆ। ਵਿਆਹ ਤੋਂ ਚਾਰ ਮਹੀਨੇ ਬਾਅਦ ਤੱਕ ਪਰਨੀਤ ਆਪਣੇ ਸਹੁਰੇ ਘਰ ਭੋਗਪੁਰ ਦੇ ਪਿੰਡ ਰਾਜਪੁਰ ਵਿੱਚ ਰਹੀ ਤੇ ਪਰਨੀਤ ਕੌਰ ਦਾ ਨਿਊਜ਼ੀਲੈਂਡ ਦਾ ਸਟੱਡੀ ਵੀਜ਼ਾ ਅਪਲਾਈ ਕੀਤਾ ਗਿਆ। ਜੁਲਾਈ 2018 ਵਿੱਚ ਵੀਜ਼ਾ ਮਿਲ ਗਿਆ ਤਾਂ ਉਹ ਨਿਊਜ਼ੀਲੈਂਡ ਚਲੀ ਗਈ, ਜਿਸ ਦਾ ਖਰਚ 20 ਲੱਖ ਰੁਪਏ ਸਬ ਇੰਸਪੈਕਟਰ ਰਘਬੀਰ ਸਿੰਘ ਨੇ ਕੀਤਾ। ਇਸ ਤੋਂ ਬਿਨਾ 87 ਹਜ਼ਾਰ ਰੁਪਏ ਦੀ ਜਹਾਜ਼ ਦੀ ਟਿਕਟ, 75 ਹਜ਼ਾਰ ਦਾ ਲੈਪਟਾਪ ਤੇ 1500 ਡਾਲਰ ਪਰਨੀਤ ਨੂੰ ਨਾਲ ਖਰਚ ਲਈ ਲਿਜਾਣ ਲਈ ਦਿੱਤੇ। ਨਿਊਜ਼ੀਲੈਂਡ ਪਹੁੰਚਣ ਤੋਂ ਬਾਅਦ ਪਰਨੀਤ ਤਕਰੀਬਨ ਤਿੰਨ ਮਹੀਨੇ ਤੱਕ ਸਬ ਇੰਸਪੈਕਟਰ ਦੇ ਭਤੀਜੇ ਦੇ ਘਰ ਰਹੀ, ਜਿੱਥੇ ਉਸ ਦਾ ਰਵੱਈਆ ਬਦਲਣ ਲੱਗ ਪਿਆ।ਉਸ ਤੋਂ ਬਾਅਦ ਪਰਨੀਤ ਨੇ ਗੁਰਵਿੰਦਰ ਦੇ ਵਿਜ਼ਟਰ ਵੀਜ਼ੇ ਲਈ ਸਪਾਂਸਰਸ਼ਿਪ ਭੇਜੀ, ਪਰ ਉਸ ਨੂੰ ਇਸ ਬਾਰੇ ਨਹੀਂ ਦੱਸਿਆ ਕਿ ਇੰਟਰਵਿਊ ਵਿੱਚ ਕੀ ਜਵਾਬ ਦੇਣੇ ਹਨ, ਜਿਸ ਕਾਰਨ ਇੰਟਰਵਿਊ ਵਿੱਚ ਦੋਵਾਂ ਦੇ ਜਵਾਬਾਂ ਵਿੱਚ ਫਰਕ ਪਿਆ ਅਤੇ ਗੁਰਵਿੰਦਰ ਦਾ ਵੀਜ਼ਾ ਰਿਫਿਊਜ਼ ਹੋ ਗਿਆ। ਫਿਰ ਪਰਨੀਤ ਸਬ ਇੰਸਪੈਕਟਰ ਦੇ ਭਤੀਜੇ ਦੇ ਘਰੋਂ ਕਿਤੇ ਹੋਰ ਚਲੀ ਗਈ ਅਤੇ ਗੁਰਵਿੰਦਰ ਸਿੰਘ ਤੇ ਸਹੁਰਾ ਪਰਵਾਰ ਨਾਲ ਫੋਨ 'ਤੇ ਗੱਲ ਕਰਨੀ ਬੰਦ ਕਰ ਦਿੱਤੀ। ਜਦ ਗੁਰਵਿੰਦਰ ਦੀ ਉਸ ਨਾਲ ਗੱਲ ਹੁੰਦੀ ਤਾਂ ਇੱਕੋ ਜਵਾਬ ਦਿੰਦੀ ਕਿ ਉਸ ਨੂੰ ਤਲਾਕ ਦੇ ਦਿਓ। ਜਦ ਲੜਕੀ ਦੇ ਪਿਤਾ ਨਾਲ ਗੱਲ ਕੀਤੀ ਤਾਂ ਉਸ ਨੇ ਵੀ ਢੁੱਕਵਾਂ ਜਵਾਬ ਨਾ ਦਿੱਤਾ ਤਾਂ ਸਬ ਇੰਸਪੈਕਟਰ ਰਘਬੀਰ ਸਿੰਘ ਨੇ ਇਸ ਦੀ ਸ਼ਿਕਾਇਤ ਐਸ ਐਸ ਪੀ ਦਿਹਾਤੀ ਨੂੰ ਕੀਤੀ, ਜਿਨ੍ਹਾਂ ਨੇ ਮਾਮਲੇ ਦੀ ਜਾਂਚ ਡੀ ਐਸ ਪੀ (ਡੀ) ਰਣਜੀਤ ਸਿੰਘ ਨੂੰ ਦਿੱਤੀ। ਇਸ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਰਵਿੰਦਰ ਸਿੰਘ ਤੇ ਉਸ ਦੀ ਪਤਨੀ ਦਵਿੰਦਰ ਕੌਰ ਨੇ ਧੀ ਪਰਨੀਤ ਸੈਣੀ ਨਾਲ ਮਿਲ ਕੇ ਸਾਜ਼ਿਸ਼ ਨਾਲ ਸਬ ਇੰਸਪੈਕਟਰ ਰਘਬੀਰ ਸਿੰਘ ਨੂੰ ਜਾਲ ਵਿੱਚ ਫਸਾਇਆ ਤੇ ਉਸ ਦਾ ਲੱਖਾਂ ਰੁਪਏ ਲਗਵਾ ਕੇ ਖੁਦ ਵਿਦੇਸ਼ ਚਲੀ ਗਈ ਤੇ ਉਸ ਦੇ ਪੁੱਤਰ ਨੂੰ ਬਾਹਰ ਨਹੀਂ ਸੱਦਿਆ। ਜਾਂਚ ਤੋਂ ਬਾਅਦ ਰਵਿੰਦਰ ਸਿੰਘ, ਦਵਿੰਦਰ ਕੌਰ ਤੇ ਪਰਨੀਤ ਕੌਰ ਦੇ ਖਿਲਾਫ ਠੱਗੀ ਦਾ ਕੇਸ ਦਰਜ ਕੀਤਾ ਗਿਆ ਹੈ।




# ਔਰਤ ਵੱਲੋਂ ਦੋ ਬੱਚੀਆਂ ਸਮੇਤ ਖੁਦਕੁਸ਼ੀ



ਸੰਗਰੂਰ, 7 ਜਨਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਸਾਰੋਂ ਵਿੱਚ ਦੋ ਬੱਚੀਆਂ ਘਰ 'ਚ ਮ੍ਰਿਤਕ ਮਿਲੀਆਂ, ਜਦ ਕਿ ਉਨ੍ਹਾਂ ਦੀ ਮਾਂ ਦੀ ਲਾਸ਼ ਪੱਖੇ ਨਾਲ ਲਟਕਦੀ ਮਿਲੀ ਹੈ। ਮੁੱਢਲੀ ਜਾਂਚ ਦੌਰਾਨ ਪੁਲਸ ਨੂੰ ਸ਼ੱਕ ਹੈ ਕਿ ਔਰਤ ਨੇ ਦੋਵਾਂ ਧੀਆਂ ਨੂੰ ਮਾਰਨ ਮਗਰੋਂ ਖੁਦਕੁਸ਼ੀ ਕੀਤੀ ਹੈ। ਪੁਲਸ ਨੇ ਉਸ ਦੇ ਪਤੀ, ਸੱਸ ਅਤੇ ਸਹੁਰੇ ਖਿਲਾਫ ਆਈ ਪੀ ਸੀ ਦੀ ਧਾਰਾ 306 ਤੇ 34 ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਥਾਣਾ ਸਦਰ ਦੇ ਐਸ ਐਚ ਓ ਰਾਕੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਪਿੰਡ ਸਾਰੋਂ ਦੇ ਇੱਕ ਮਕਾਨ ਵਿੱਚੋਂ ਦੋ ਬੱਚੀਆਂ ਅੰਸ਼ਨੂਰ ਕੌਰ (ਚਾਰ) ਅਤੇ ਵਿਰਾਸਤ ਕੌਰ (ਢਾਈ ਸਾਲ) ਦੀਆਂ ਲਾਸ਼ਾਂ ਬੈਡ 'ਤੇ ਪਈਆਂ ਮਿਲੀਆਂ ਹਨ, ਜਦੋਂ ਕਿ ਉਨ੍ਹਾਂ ਦੀ ਮਾਂ ਬਲਜੀਤ ਕੌਰ (30) ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਮੁੱਢਲੀ ਜਾਂਚ ਤੋਂ ਜਾਪਦਾ ਹੈ ਕਿ ਬਲਜੀਤ ਕੌਰ ਨੇ ਦੋਵਾਂ ਬੱਚੀਆਂ ਦਾ ਕਤਲ ਕਰਨ ਮਗਰੋਂ ਖੁਦਕੁਸ਼ੀ ਕੀਤੀ ਹੈ। ਉਨ੍ਹਾਂ ਮੁਤਾਬਕ ਇੱਕ ਖੁਦਕੁਸ਼ੀ ਨੋਟ ਮਿਲਿਆ ਹੈ, ਜਿਸ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੀ ਮੌਤ ਲਈ ਕਿਸੇ ਨੂੰ ਜ਼ਿੰਮੇਵਾਰ ਨਾ ਕਿਹਾ ਜਾਵੇ, ਪਰ ਲੜਕੀ ਦਾ ਪੇਕਾ ਪਰਵਾਰ ਇਸ ਖੁਦਕੁਸ਼ੀ ਨੋਟ ਨੂੰ ਜਾਅਲੀ ਦੱਸਦਾ ਹੈ। ਮ੍ਰਿਤਕਾ ਦੇ ਭਰਾ ਜਗਦੇਵ ਸਿੰਘ ਪਿੰਡ ਲੀਲ (ਹਰਿਆਣਾ) ਨੇ ਦੋਸ਼ ਲਾਇਆ ਕਿ ਸਹੁਰਾ ਪਰਵਾਰ ਲੜਕੇ ਦੀ ਚਾਹਤ ਲਈ ਬਲਜੀਤ ਕੌਰ ਨੂੰ ਤੰਗ ਕਰਦਾ ਸੀ, ਜਿਸ ਕਾਰਨ ਉਸ ਨੇ ਖੁਦਕੁਸ਼ੀ ਕੀਤੀ ਹੈ। ਲੜਕੀ ਦਾ ਸਹੁਰਾ ਪਰਵਾਰ ਇਸਖੁਦਕੁਸ਼ੀ ਨੋਟ ਨੂੰ ਅਸਲੀ ਦੱਸਦਾ ਹੈ। ਡੀ ਐਸ ਪੀ ਸਤਪਾਲ ਸ਼ਰਮਾ ਦੇ ਮੁਤਾਬਕ ਬਲਜੀਤ ਕੌਰ ਦੇ ਪਤੀ ਅਵਤਾਰ ਸਿੰਘ, ਸੱਸ ਬਲਵੰਤ ਕੌਰ ਅਤੇ ਸਹੁਰਾ ਮੁਕੰਦੀ ਸਿੰਘ ਉੱਤੇ ਕੇਸ ਦਰਜ ਕਰ ਲਿਆ ਹੈ।

# ਨਵੀਂ ਗੱਡੀ ਦੀ ਦੋਸਤਾਂ ਨਾਲ ਪਾਰਟੀ ਕਰਨ ਗਏ ਨੌਜਵਾਨ ਦਾ ਕਤਲ

ਪਟਿਆਲਾ, 7 ਜਨਵਰੀ (ਪੋਸਟ ਬਿਊਰੋ)- ਦੇਰ ਰਾਤ ਰੇਲਵੇ ਸਟੇਸ਼ਨ ਕੋਲ ਢਾਬੇ ਉਤੇ ਦੋ ਧਿਰਾਂ ਵਿੱਚ ਪੁਰਾਣੀ ਰੰਜਿਸ਼ ਤੋਂ ਝਗੜਾ ਹੋ ਗਿਆ ਤਾਂ ਇੱਕ ਧਿਰ ਦੇ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਦੌਰਾਨ ਕੁਨਾਲ ਕੁਮਾਰ, ਸੌਰਵ ਸ਼ਰਮਾ, ਰੋਹਿਤ ਕੁਮਾਰ, ਅਮਿਤ ਸਦਾਨਾ, ਵਾਸੂ ਅਤੇ ਸਲੀਮ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਹਮਲਾ ਕਰਨ ਵਾਲੀ ਧਿਰ ਦੇ ਨੌਜਵਾਨ ਫ਼ਰਾਰ ਹੋ ਗਏ ਅਤੇ ਲੋਕਾਂ ਨੇ ਜ਼ਖ਼ਮੀ ਨੌਜਵਾਨਾਂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਭਰਤੀ ਕਰਵਾਇਆ ਜਿੱਥੇ ਜ਼ੇਰੇ ਇਲਾਜ ਕੁਨਾਲ (26) ਵਾਸੀ ਗੁਰਬਖਸ਼ ਕਾਲੋਨੀ ਦੀ ਮੌਤ ਹੋ ਗਈ।




ਮ੍ਰਿਤਕ ਦੇ ਚਚੇਰੇ ਭਰਾ ਅਮਿਤ ਕੁਮਾਰ ਨੇ ਦੱਸਿਆ ਕਿ ਉਹ ਮੁੰਬਈ ਫ਼ਿਲਮ ਇੰਡਸਟਰੀ ਵਿੱਚ ਕੰਮ ਕਰਦਾ ਹੈ। ਕੁਝ ਦਿਨ ਪਹਿਲਾਂ ਉਹ ਮੁੰਬਈ ਤੋਂ ਕਾਰ ਖ਼ਰੀਦਣ ਲਈ ਆਇਆ ਸੀ। ਸਾਰੇ ਰਾਤ ਕਰੀਬ 10 ਵਜੇ ਨਵੀਂ ਕਾਰ ਦੀ ਢਾਬੇ ਉਤੇ ਪਾਰਟੀ ਕਰ ਰਹੇ ਸਨ। ਇਸ ਦੌਰਾਨ ਹਰਤੇਸ਼ਵਰ ਸਿੰਘ ਉਰਫ਼ ਘੋੜਾ ਵਾਸੀ ਰਾਘੋਮਾਜਰਾ ਤੇ ਨੀਰਜ ਉਰਫ਼ ਨਿੰਜਾ ਵਾਸੀ ਪਟਿਆਲਾ ਆਪਣੇ ਹੋਰ ਚਾਰ ਅਣਪਛਾਤੇ ਦੋਸਤਾਂ ਨਾਲ ਆਏ ਸਨ, ਜਿਨ੍ਹਾਂ ਨਾਲ ਉਸ ਦੇ ਭਰਾ ਕੁਨਾਲ ਦਾ ਲੰਮਾਂ ਸਮਾਂ ਪਹਿਲਾਂ ਮਾਮੂਲੀ ਝਗੜਾ ਹੋਇਆ ਸੀ।ਉਸੇ ਰੰਜਿਸ਼ ਕਾਰਨ ਦੋਵੇਂ ਧੜੇ ਹੱਥੋਪਾਈ ਹੋ ਗਏ। ਜਦੋਂ ਕੁਨਾਲ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਉਕਤ ਵਿਅਕਤੀਆਂ ਨੇ ਉਸ ਉਤੇ ਚਾਕੂ ਤੇ ਕਿਰਚਾਂ ਨਾਲ ਹਮਲਾ ਕਰ ਦਿੱਤਾ। ਹਮਲਾਵਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਲਗਾਤਾਰ ਕੁਨਾਲ ਉਤੇ ਚਾਕੂਆਂ ਨਾਲ ਹਮਲਾ ਕਰਦੇ ਰਹੇ ਅਤੇ ਬਾਕੀਆਂ ਨੂੰ ਵੀ ਜ਼ਖ਼ਮੀ ਕਰ ਦਿੱਤਾ। ਹਮਲੇ ਦੌਰਾਨ ਜਦੋਂ ਉਹ ਬੇਸੁੱਧ ਹੋ ਕੇ ਜ਼ਮੀਨ ਉਤੇ ਡਿੱਗ ਪਏ ਤਾਂ ਹਮਲਾਵਰ ਫ਼ਰਾਰ ਹੋ ਗਏ। ਥਾਣਾ ਅਨਾਜ ਮੰਡੀ ਦੇ ਇੰਚਾਰਜ ਸਬ ਇੰਸਪੈਕਟਰ ਹਰਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਮ੍ਰਿਤਕ ਕੁਨਾਲ ਦੇ ਭਰਾ ਦੇ ਬਿਆਨਾਂ 'ਤੇ ਹਰਤੇਸ਼ਵਰ ਉਰਫ਼ ਘੋੜਾ ਵਾਸੀ ਰਾਘੋਮਾਜਰਾ ਨੀਰਜ ਉਰਫ਼ ਨਿੰਜਾ ਵਾਸੀ ਪਟਿਆਲਾ ਅਤੇ ਚਾਰ ਹੋਰ ਅਣਪਛਾਤਿਆਂ ਵਿਰੁੱਧ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ।

## ਸਰਹਿੰਦ ਅਤੇ ਰਾਜਸਥਾਨ ਫੀਡਰ ਦੀ ਰੀਲਾਈਨਿੰਗ ਅਗਲੇ ਦੋ ਸਾਲਾਂ ਵਿੱਚ ਮੁਕੰਮਲ ਹੋਵੇਗੀ

ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਸੇਮ ਪ੍ਰਭਾਵਿਤ ਇਲਾਕਿਆਂ ਨੂੰ ਰਾਹਤ ਦੇਣ ਅਤੇ ਨਹਿਰੀ ਪਾਣੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਰਹਿੰਦ ਅਤੇ ਰਾਜਸਥਾਨ ਫੀਡਰ ਦਾ ਰੀਲਾਈਰਿੰਗ ਕੰਮ ਦੋ ਸਾਲਾਂ ਵਿੱਚ ਮੁਕੰਮਲ ਹੋ ਜਾਵੇਗਾ। ਪੰਜਾਬ ਸਰਕਾਰ ਨੇ ਜ਼ਿਲ੍ਹਾ ਮੁਕਤਸਰ ਸਾਹਿਬ, ਫਰੀਦਕੋਟ ਤੇ ਫਿਰੋਜਪੁਰ ਵਿੱਚ 80.51 ਕਰੋੜ ਰੁਪਏ ਦੀ ਲਾਗਤ ਨਾਲ ਸਰਹਿੰਦ ਲੀਡਰ ਦੇ 17 ਕਿਲੋਮੀਟਰ ਲੰਬੇ ਹਿੱਸੇ ਦੀ ਰੀਲਾਈਨਿੰਗ ਦਾ ਕੰਮ ਪੂਰਾ ਕਰ ਲਿਆ ਹੈ ਤੇ 18 ਜਨਵਰੀ ਤੋਂ 22 ਫਰਵਰੀ 2021 ਤੱਕ ਨਹਿਰੀ ਬੰਦੀ ਦੇ ਦੌਰਾਨ ਰੀਲਾਈਨਿੰਗ ਦਾ ਬਾਕੀ ਕੰਮ ਕਰ ਲਿਆ ਜਾਵੇਗਾ। ਇਸ ਪ੍ਰੋਜੈਕਟ 'ਤੇ ਕੁਲ ਲਾਗਤ 671.478 ਕਰੋੜ ਰੁਪਏ ਆਵੇਗੀ।



ਪੰਜਾਬ ਦੇ ਜਲ ਸਰੋਤ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਪੰਜਾਬ ਭਵਨ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ 462.57 ਕਰੋੜ ਰੁਪਏ ਦੀ ਲਾਗਤ ਨਾਲ ਬਿਸਤ ਦੋਆਬ ਕੈਨਾਲ ਸਿਸਟਮ ਦੇ ਰਿਹੈਬਲੀਟੇਸ਼ਨ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਅਤੇ 2021 ਵਿੱਚ ਇਹ ਕੰਮ ਪੂਰਾ ਹੋਣ ਦੀ ਸੰਭਾਵਨਾ ਹੈ। ਮੰਤਰੀ ਨੇ ਕਿਹਾ ਕਿ ਕੰਡੀ ਨਹਿਰ ਦੇ ਸਟੇਜ-2 (ਹੁਸ਼ਿਆਰਪੁਰ ਤੋਂ ਬਲਾਚੌਰ) ਦਾ ਕੰਮ 90.53 ਫ਼ੀਸਦੀ ਪੂਰਾ ਹੋ ਗਿਆ ਹੈ। ਉਨ੍ਹਾ ਕਿਹਾ ਕਿ ਸ਼ਾਹਪੁਰ ਕੰਡੀ ਮੇਨ ਡੈਮ ਤੋਂ ਸਾਲ 2023 ਵਿੱਚ ਬਿਜਲੀ ਉਤਪਾਦਨ ਸ਼ੁਰੂ ਹੋ ਜਾਵੇਗਾ।

## ਮੱਲਪੁਰ ਵਿੱਚ ਪਰਿਵਾਰ ਦੇ ਤਿੰਨ ਜੀਅ ਮ੍ਰਿਤਕ ਮਿਲੇ

ਨਵਾਂ ਸ਼ਹਿਰ, 7 ਜਨਵਰੀ (ਪੋਸਟ ਬਿਊਰੋ)- ਪਿੰਡ ਮੱਲਪੁਰ ਵਿੱਚ ਕੱਲ੍ਹ ਓਦੋਂ ਮਾਤਮ ਛਾ ਗਿਆ, ਜਦੋਂ ਸ਼ਗਨ ਦੇਣ ਗਏ ਪਿੰਡ ਵਾਸੀਆਂ ਨੂੰ ਲੜਕੀ ਅਤੇ ਉਸ ਦੇ ਮਾਤਾ-ਪਿਤਾ ਘਰ ਵਿੱਚ ਮ੍ਰਿਤਕ ਮਿਲੇ। ਥਾਣਾ ਸਦਰ ਨਵਾਂ ਸ਼ਹਿਰ ਦੇ ਸਬ ਇੰਸਪੈਕਟਰ ਹੀਰਾ ਲਾਲ ਨੇ ਦੱਸਿਆ ਕਿ ਪਿੰਡ ਵਾਸੀ ਜੀਤ ਰਾਮ ਦੇ ਘਰ ਉਸ ਦੀ ਲੜਕੀ ਦੇ ਵਿਆਹ ਦੇ ਦਿਨ ਬੱਧੇ ਹੋਣ ਕਾਰਨ ਸ਼ਗਨ ਦੇਣ ਗਏ ਤਾਂ ਘਰ ਦਾ ਦਰਵਾਜ਼ਾ ਬੰਦ ਸੀ। ਸਵੇਰੇ ਫਿਰ ਸ਼ਗਨ ਦੇਣ ਜਾਣ ਮੌਕੇ ਵੀ ਦਰਵਾਜ਼ਾ ਬੰਦ ਹੋਣ ਤੋਂ ਉਨ੍ਹਾਂ ਨੂੰ ਸ਼ੱਕ ਹੋਇਆ। ਜਦੋਂ ਉਹ ਅੰਦਰ ਦਾਖਲ ਹੋਏ ਤਾਂ ਲੜਕੀ ਜਮਨਾ ਦੇਵੀ (40), ਪਿਤਾ ਜੀਤ ਰਾਮ (80) ਅਤੇ ਮਾਤਾ ਚੰਨੋ (78) ਘਰ ਵਿੱਚ ਮ੍ਰਿਤਕ ਮਿਲੇ। ਮੁੱਢਲੀ ਜਾਂਚ ਅਨੁਸਾਰ ਉਸ ਦੀ ਲੜਕੀ ਵਿਆਹ ਮਗਰੋਂ ਮਾਤਾ-ਪਿਤਾ ਦੀ ਸੰਭਾਲ ਬਾਰੇ ਕਾਫੀ ਚਿੰਤਤ ਸੀ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਲੜਕੀ ਵੱਲੋਂ ਬਜ਼ੁਰਗ ਮਾਂ-ਬਾਪ ਨੂੰ ਜ਼ਹਿਰੀਲੀ ਚੀਜ਼ ਦੇਣ ਮਗਰੋਂ ਖੁਦਕੁਸ਼ੀ ਕਰ ਲਈ ਗਈ ਹੈ।



# ਮੰਦਰ ਦੇ ਪੰਡਤ ਤੇ ਚੇਲਿਆਂ ਵੱਲੋਂ ਬਲਾਤਕਾਰ ਤੇ ਕਤਲ ਮਾਮਲੇ ਵਿੱਚ ਪੁਜਾਰੀ ਸਣੇ ਦੋ ਜਣੇ ਗ੍ਰਿਫ਼ਤਾਰ

ਬਦਾਯੂੰ, 7 ਜਨਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ 'ਚ ਇੱਕ 50 ਸਾਲਾ ਆਂਗਣਵਾੜੀ ਵਰਕਰ ਨਾਲ ਇੱਕ ਮੰਦਰ ਦੇ ਪੁਜਾਰੀ ਵੱਲੋਂ ਦੋ ਚੇਲਿਆਂ ਨਾਲ ਮਿਲ ਕੇ ਸਮੂਹਿਕ ਬਲਾਤਕਾਰ ਕਰਨ ਅਤੇ ਫਿਰ ਬੇਰਹਿਮੀ ਨਾਲ ਕਤਲ ਕਰ ਦੇਣ ਦਾ ਮਾਮਲਾ ਸਾਹ-ਮਣੇ ਆਇਆ ਹੈ, ਜਿਸ ਨਾਲ ਹਰ ਪਾਸੇ ਸਨਸਨੀ ਫੈਲ ਗਈ ਹੈ।



ਮਿਲੀ ਜਾਣਕਾਰੀ ਅਨੁਸਾਰ ਔਰਤ ਦੀ ਪਸਲੀ ਦੀਆਂ ਹੱਡੀਆਂ ਅਤੇ ਇੱਕ ਲੱਤ ਟੁੱਟਣ ਅਤੇ ਉਸ ਦੇ ਗੁਪਤ ਅੰਗਾਂ 'ਤੇ ਜ਼ਖ਼ਮ ਪਾਏ ਗਏ ਹਨ। ਇਸ ਕੇਸ 'ਚ ਪੁਜਾਰੀ ਸਣੇ ਦੋ ਜਣੇ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਐਸ ਐਸ ਪੀ ਸੰਕਲਪ ਸ਼ਰਮਾ ਨੇ ਦੱਸਿਆ ਕਿ ਪੋਸਟ ਮਾਰਟਮ ਰਿਪੋਰਟ ਵਿੱਚ ਬਲਾਤਕਾਰ ਦੀ ਪੁਸ਼ਟੀ ਹੋ ਚੁੱਕੀ ਹੈ ਤੇ ਮ੍ਰਿਤਕ ਔਰਤ ਦੇ ਗੁਪਤ ਅੰਗਾਂ 'ਤੇ ਸੱਟਾਂ ਦੇ ਨਿਸ਼ਾਨਾਂ ਦੇ ਨਾਲ ਇੱਕ ਲੱਤ ਅਤੇ ਪਸਲੀ ਦੀਆਂ ਹੱਡੀਆਂ ਟੁੱਟਣ ਦੀ ਪੁਸ਼ਟੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਲਾਪ੍ਰਵਾਹੀ ਵਰਤਣ, ਤੁਰੰਤ ਕਾਰਵਾਈ ਨਾ ਕਰਨ ਅਤੇ ਉਚ ਅਧਿਕਾਰੀਆਂ ਨੂੰ ਜਾਣਕਾਰੀ ਨਾ ਦੇਣ ਦੇ ਦੋਸ਼ਾਂ ਹੇਠ ਉਘਾਤੀ ਥਾਣੇ ਦੇ ਐਸ ਐਚ ਓ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਪਤਾ ਲੱਗਾ ਹੈ ਕਿ ਇਹ 50 ਸਾਲਾ ਔਰਤ ਕੱਲ੍ਹ ਮੰਦਰ ਗਈ ਅਤੇ ਫਿਰ ਭੇਦਭਰੀ ਹਾਲਤ 'ਚ ਮ੍ਰਿਤਕ ਮਿਲੀ ਸੀ। ਉਸ ਦੇ ਪਰਵਾਰ ਨੇ ਮੰਦਰ ਦੇ ਬਾਬੇ ਅਤੇ ਉਸ ਦੇ ਚੇਲਿਆਂ ਨੂੰ ਦੋਸ਼ੀ ਦੱਸਿਆ। ਕਾਂਗਰਸ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਸਮੇਤ ਹੋਰ ਵਿਰੋਧੀ ਧਿਰਾਂ ਨੇ ਇਸ ਘਟਨਾ ਦੀ ਤੁਲਨਾ ਨਿਰਭੈਆ ਕੇਸ ਨਾਲ ਕਰਦੇ ਹੋਏ ਉਤਰ ਪ੍ਰਦੇਸ਼ 'ਚ ਯੋਗੀ ਆਦਿੱਤਿਆਨਾਥ ਦੀ ਭਾਜਪਾ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਹੈ। ਕੌਮੀ ਮਹਿਲਾ ਕਮਿਸ਼ਨ ਨੇ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦੇ ਹੋਏ ਇੱਕ ਬਿਆਨ ਵਿੱਚ ਕਿਹਾ ਕਿ ਪੀੜਤ ਪਰਵਾਰ ਨੇ ਪੁਲਸ 'ਤੇ ਕੇਸ ਦਰਜ ਕਰਨ ਤੋਂ ਟਾਲਣ ਦਾ ਦੋਸ਼ ਲਾਇਆ ਹੈ। ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਉਤਰ ਪ੍ਰਦੇਸ਼ ਪੁਲਸ ਦੇ ਡੀ ਜੀ ਪੀ ਨੂੰ ਪੱਤਰ ਲਿਖ ਕੇ ਇਸ ਕੇਸ ਵਿੱਚ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

# ਖੇਤੀ ਕਾਨੂੰਨਾਂ ਦੇ ਮਾਮਲੇ ਵਿੱਚ ਭਾਰਤ ਸਰਕਾਰ ਨੂੰ ਸੁਪਰੀਮ ਕੋਰਟ ਦਾ ਨੋਟਿਸ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨਾਂ ਖੇਤੀ ਕਾਨੂੰਨਾਂ ਨੂੰ ਚੁਣੌਤੀ ਦਿੰਦੀਆਂ ਅਤੇ ਦਿੱਲੀ ਬਾਰਡਰ 'ਤੇ ਜਾਰੀ ਕਿਸਾਨ ਅੰਦੋਲਨ ਨਾਲ ਸਬੰਧਤ ਸਾਰੀਆਂ ਪਟੀਸ਼ਨਾਂ 'ਤੇ 11 ਜਨਵਰੀ ਨੂੰ ਸੁਣਵਾਈ ਕੀਤੀ ਜਾਵੇਗੀ। ਖੇਤੀ ਕਾਨੂੰਨਾਂ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਦੌਰਾਨਕੱਲ੍ਹ ਸੁਪਰੀਮ ਕੋਰਟ ਨੇ ਕਿਸਾਨ ਅੰਦੋਲਨ 'ਤੇ ਚਿੰਤਾ ਜ਼ਾਹਿਰ ਕੀਤੀ ਹੈ।



ਚੀਫ ਜਸਟਿਸ ਐਸ ਏ ਬੋਬੜੇ ਨੇ ਇਸ ਸੁਣਵਾਈ ਦੌਰਾਨ ਕਿਹਾ ਹੈ ਕਿ ਹਾਲਾਤ 'ਚ ਕੋਈ ਸੁਧਾਰ ਨਹੀਂ ਹੋਇਆ ਅਤੇ ਅਸੀਂ ਪੂਰੇ ਹਾਲਾਤ 'ਤੇ ਨਜ਼ਰ ਰੱਖ ਰਹੇ ਹਾਂ। ਅਦਾਲਤ ਨੇ ਕਿਹਾ ਕਿ ਅਸੀਂ ਹਾਲਾਤ ਨੂੰ ਸਮਝਦੇ ਅਤੇ ਚਾਹੁੰਦੇ ਹਾਂ ਕਿ ਮਾਮਲਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ। ਦੂਸਰੇ ਪਾਸੇ ਸਰਕਾਰ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਤੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਸਰਕਾਰ ਅਤੇ ਕਿਸਾਨਾਂ ਵਿਚਕਾਰ ਸਿਹਤਮੰਦ ਵਿਚਾਰ-ਵਟਾਂਦਰਾ ਚੱਲ ਰਿਹਾ ਹੈ ਤੇ ਆਸ ਹੈ ਕਿ ਮਸਲਾ ਛੇਤੀ ਹੱਲ ਹੋਵੇਗਾ। ਇਸੇ ਦੌਰਾਨ ਖੇਤੀ ਕਾਨੂੰਨਾਂ ਦੀ ਸੰਵਿਧਾਨਕ ਪ੍ਰਮਾਣਿਕਤਾ (ਵੈਲੀਡਿਟੀ) ਨੂੰ ਚੁਣੌਤੀ ਦਿੰਦੀ ਵਕੀਲਮਨੋਹਰ ਲਾਲ ਸ਼ਰਮਾ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਮਨੋਹਰ ਲਾਲ ਸ਼ਰਮਾ ਦਾ ਤਰਕ ਹੈ ਕਿ ਸਰਕਾਰ ਨੂੰ ਸੰਵਿਧਾਨ ਹੇਠ ਇਹ ਕਾਨੂੰਨ ਬਣਾਉਣ ਦਾ ਕੋਈ ਅਧਿਕਾਰ ਹੀ ਨਹੀਂ। ਵੀਡੀਓ ਕਾਨਫਰੰਸਿੰਗ ਰਾਹੀਂ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਕਿਸਾਨ ਅੰਦੋਲਨ ਅਤੇ ਖੇਤੀ ਕਾਨੂੰਨਾਂ ਨਾਲ ਸਬੰਧਤ ਪਟੀਸ਼ਨਾਂ 'ਤੇ 11 ਜਨਵਰੀ ਨੂੰ ਸੁਣਵਾਈ ਕਰਾਂਗੇ। ਕੋਰਟ ਨੇ ਕਿਹਾ ਕਿ ਇਹ ਕਿਸਾਨਾਂ ਨਾਲ ਸਬੰਧਤ ਮਾਮਲੇ ਹਨ, ਦੂਸਰੇ ਮਾਮਲੇ ਕਿੱਥੇ ਹਨ? ਉਹ ਕਦੋਂ ਤੋਂ ਸੂਚੀਬੱਧ ਹਨ। ਅਸੀਂ ਸਾਰੇ ਕੇਸਾਂ ਦੀ ਸੁਣਵਾਈ ਇਕੱਠੀ ਕਰਾਂਗੇ। ਕੇਂਦਰ ਸਰਕਾਰ ਵੱਲੋਂ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸਰਕਾਰ ਦੀ ਕਿਸਾਨਾਂ ਨਾਲ ਗੱਲਬਾਤ ਚੱਲ ਰਹੀ ਹੈ, ਇਸ ਲਈ ਸੁਣਵਾਈ ਟਾਲ ਦੇਣੀ ਚਾਹੀਦੀ ਹੈ। ਉਨ੍ਹਾ ਨੇ ਕਿਹਾ ਕਿ ਇਨ੍ਹਾਂ ਕੇਸਾਂ 'ਤੇ ਸੁਣਵਾਈ 8 ਜਨਵਰੀ ਨੂੰ ਨਹੀਂ ਹੋਣੀ ਚਾਹੀਦੀ। ਇਸ 'ਤੇ ਚੀਫ ਜਸਟਿਸ ਐਸ ਏ ਬੋਬੜੇ ਨੇ ਕਿਹਾ ਕਿ ਅਸੀਂ ਕੱਲ੍ਹ ਮਾਮਲੇ ਨੂੰ ਵੇਖਾਂਗੇ, ਜੇ ਗੱਲਬਾਤ ਸਕਾਰਾਤਮਕ ਰਹੀ ਤਾਂ ਸੁਣਵਾਈ ਟਾਲ ਦੇਵਾਂਗੇ।

## ਹਨੂਮਾਨ ਮੰਦਰ ਤੋੜਨ ਵੇਲੇ ਪ੍ਰਦਰਸ਼ਨ ਕਰਦੇ ਹਿੰਦੂ ਵਰਕਰ ਗ੍ਰਿਫਤਾਰ



ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਚਾਂਦਨੀ ਚੌਕਦਿੱਲੀ ਵਿਖੇ ਹਨੂਮਾਨ ਮੰਦਰ ਤੋੜਨ ਦੇ ਖ਼ਿਲਾਫ਼ ਪ੍ਰਦਰਸ਼ਨ ਕਰਦੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਮੈਂਬਰਾਂ ਨੂੰ ਪੁਲਸ ਨੇ ਕੱਲ੍ਹ ਗ੍ਰਿਫਤਾਰ ਕਰ ਲਿਆ।

ਉਤਰੀ ਦਿੱਲੀ ਨਗਰ ਨਿਗਮ ਨੇ ਅਦਾਲਤ ਦੇ ਹੁਕਮ ਤੋਂ ਬਾਅਦ ਕੱਲ੍ਹ ਇਹ ਮੰਦਰ ਤੋੜਿਆ ਗਿਆ ਸੀ ਅਤੇ ਇਹ ਚਾਂਦਨੀ ਚੌਕ ਸੁੰਦਰੀਕਰਨ ਯੋਜਨਾ ਦਾ ਹਿੱਸਾ ਹੈ। ਪ੍ਰਦਰਸ਼ਨਕਾਰੀਆਂ ਨੇ ਭਗਵਾ ਝੰਡੇ ਚੁੱਕੇ ਹੋਏ ਸਨ ਅਤੇ ਉਨ੍ਹਾਂ ਨੇ ਗੌਰੀ ਸ਼ੰਕਰ ਮੰਦਰ ਤੋਂ ਉਸ ਸਥਾਨ ਤੱਕ ਮਾਰਚ ਕੱਢਿਆ ਜਿੱਥੇ ਮੰਦਰ ਬਣਿਆ ਸੀ ਅਤੇ ਨਾਅਰੇਬਾਜ਼ੀ ਕੀਤੀ। ਪੁਲਸ ਨੇ ਉਨ੍ਹਾਂ ਨੂੰ ਬੈਰੀਕੇਡ ਲਾ ਕੇ ਰੋਕ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਬੁਲਾਰੇ ਮਹਿੰਦਰ ਰਾਵਤ ਨੇ ਦੱਸਿਆ ਕਿ ਪ੍ਰੀਸ਼ਦ ਦੇ ਦਿੱਲੀ ਪ੍ਰਧਾਨ ਕਪਿਲ ਖੰਨਾ, ਉਪ-ਪ੍ਰਧਾਨ ਸੁਰਿੰਦਰ ਗੁਪਤਾ, ਸਕੱਤਰ ਰਵੀ ਅਤੇ ਬਜਰੰਗ ਦਲ ਦੇ ਸੂਬਾ ਕਨਵੀਨਰ ਬੀ ਬਤਰਾ ਸਮੇਤ 15-20 ਵਰਕਰਾਂ ਅਤੇ ਨੇਤਾਵਾਂ ਨੂੰ ਪ੍ਰਦਰਸ਼ਨ ਦੌਰਾਨ ਪੁਲਸ ਨੇ ਹਿਰਾ-ਸਤ ਵਿੱਚ ਲੈ ਲਿਆ ਤੇ ਬਾਅਦ 'ਚ ਉਨ੍ਹਾਂ ਨੂੰ ਨੇੜਲੇ ਥਾਣੇ ਲਿਜਾ ਕੇ ਛੱਡ ਦਿੱਤਾ ਗਿਆ।

ਆਮ ਆਦਮੀ ਪਾਰਟੀ ਦੇ ਨੇਤਾ ਦੁਰਗੇਸ਼ ਪਾਠਕ ਨੇ ਕਿਹਾ ਕਿ ਕੋਰਟ ਵਿੱਚ ਭਾਜਪਾ ਦਾ ਐਫੀਡੇਵਿਟ ਪੜ੍ਹ ਲਓ, ਓਥੇ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਦੀ ਭਾਜਪਾ ਲੀਡਰਸ਼ਿਪ ਨੇ ਐਫੀਡੇਵਿਟ ਲਿਖ ਕੇ ਦਿੱਤਾ ਹੈ ਕਿ ਅਸੀਂ ਮੰਦਰ ਤੋੜਨ ਲਈ ਤਿਆਰ ਹਾਂ। ਉਨ੍ਹਾਂ ਵਿੱਚ ਐਮ ਸੀ ਡੀ ਦੇਦਸਖਤ ਹਨ।

# ਭਾਰਤੀ ਪਾਰਲੀਮੈਂਟ ਦੀ ਨਵੀਂ ਬਿਲਡਿੰਗ ਵਾਸਤੇ ਸੁਪਰੀਮ ਕੋਰਟ ਵੱਲੋਂ ਹਰੀ ਝੰਡੀ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਲਈ ਬਣੇ ਸੈਂਟਰਲ ਵਿਸਟਾ ਪ੍ਰੋਜੈਕਟ ਨੂੰ ਮਿਲੀ ਵਾਤਾਵਰਣ ਮਨਜ਼ੂਰੀ ਅਤੇ ਚੇਂਜ ਆਫ ਲੈਂਡ ਯੂਜ਼ (ਸੀ ਐਲ ਯੂ) ਦੇ ਨੋਟੀਫਿਕੇਸ਼ਨ ਨੂੰ ਬਹਾਲ ਰੱਖ ਕੇ ਸੁਪਰੀਮ ਕੋਰਟ ਨੇ ਇਸ ਪ੍ਰੋਜੈਕਟ ਦੀ ਉਸਾਰੀ ਦਾ ਰਾਹ ਸਾਫ ਕਰ ਦਿੱਤਾ ਹੈ। ਇਸ ਪ੍ਰੋਜੈਕਟ ਹੇਠ ਤਿਕੋਣੇ ਆਕਾਰ ਵਾਲਾ ਨਵਾਂਪਾਰਲੀਮੈਂਟ ਭਵਨ ਬਣਾਇਆ ਜਾਵੇਗਾ, ਜਿਸ ਵਿੱਚ 900 ਤੋਂ 1200 ਪਾਰਲੀਮੈਂਟ ਮੈਂਬਰਾਂ ਦੇ ਬੈਠਣ ਦਾ ਪ੍ਰਬੰਧ ਹੋਵੇਗਾ। ਇਸ ਭਵਨ ਦੀ ਉਸਾਰੀ ਭਾਰਤ ਦੇ 75ਵੇਂ ਆਜ਼ਾਦੀ ਦਿਵਸਅਗਸਤ 2022 ਤੱਕ ਮੁਕੰਮਲ ਹੋਣੀ ਹੈ।

ਸੁਪਰੀਮੰ ਕੋਰਟ ਦੇ ਜਸਟਿਸ ਏ ਐਮ ਖਾਨਵਿਲਕਰ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ 2-1 ਦੇ ਬਹੁਮਤ ਨਾਲ ਸੁਣਾਏ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਇਸ ਪ੍ਰੋਜੈਕਟ ਦੇ ਲਈ ਦਿੱਤੀ ਗਈ ਵਾਤਾਵਰਣ ਮਨਜ਼ੂਰੀ ਤੇ ਚੇਂਜ ਆਫ ਲੈਂਡ ਯੂਜ਼ ਲਈ ਜਾਰੀ ਕੀਤਾ ਗਿਆਨੋਟੀਫਿਕੇਸ਼ਨ ਜਾਇਜ਼ ਹੈ। ਜਸਟਿਸ ਖਾਨਵਿਲਕਰ ਨੇ ਆਪਣੇ ਵੱਲੋਂ ਅਤੇ ਜਸਟਿਸ ਦਿਨੇਸ਼ ਮਹੇਸ਼ਵਰੀ ਵੱਲੋਂ ਇਹ ਫੈਸਲਾ ਲਿਖਿਆ ਹੈ, ਜਿਸ ਵਿੱਚ ਸੈਂਟਰਲ ਵਿਸਟਾ ਪ੍ਰੋਜੈਕਟ ਦੇ ਤਜਵੀਜ਼ ਕਰਨ ਵਾਲਿਆਂ ਨੂੰ ਸਾਰੀਆਂ ਉਸਾਰੀਆਂ ਵਾਲੀਆਂ ਥਾਵਾਂ 'ਤੇ ਸਮੋਗ ਟਾਵਰ ਲਾਉਣ ਅਤੇ ਐਂਟੀ ਸਮੋਗ ਗੰਨ ਦੀ ਵਰਤੋਂ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਅਦਾਲਤ ਦੇ ਇਸ ਬੈਂਚ ਦੇ ਤੀਸਰੇ ਜੱਜ ਜਸਟਿਸ ਸੰਜੀਵ ਖੰਨਾ ਨੇ ਚੇਂਜ ਆਫ ਲੈਂਡ ਯੂਜ਼ ਅਤੇ ਪ੍ਰੋਜੈਕਟ ਨੂੰ ਵਾਤਾਵਰਣ ਕਲੀਅਰੈਂਸ ਦੇਣ ਦੇ ਫੈਸਲੇ 'ਤੇ ਅਸਹਿਮਤੀ ਪ੍ਰਗਟ ਕੀਤੀ ਹੈ। ਬਹੁਮਤ ਨਾਲ ਹੋਏ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਨਵੇਂ ਥਾਵਾਂ ਉੱਤੇ ਉਸਾਰੀ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵਿਰਾਸਤ ਦੀ ਸੰਭਾਲ ਬਾਰੇ ਕਮੇਟੀ ਅਤੇ ਹੋਰ ਸਬੰਧਤ ਅਧਿਕਾਰੀਆਂ ਤੋਂ ਇਸ ਦੇ ਲਈ ਅਗਾਊਂ ਮਨਜ਼ੂਰੀ ਲਈ ਜਾਵੇ। ਜ਼ਮੀਨ ਦੀ ਵਰਤੋਂ ਵਿੱਚ ਬਦਲਾਅ ਬਾਰੇ ਜਸਟਿਸ ਖੰਨਾ ਨੇ ਕਿਹਾ ਕਿ ਕਾਨੂੰਨ ਹੇਠ ਇਸ ਨੂੰ ਗਲਤ ਮੰਨਿਆ ਜਾਂਦਾ ਹੈ ਅਤੇ ਇਸ ਦੀ ਜਨਤਕ ਸ਼ਮੂਲੀਅਤ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ।ਅਦਾਲਤ ਨੇ ਇਹ ਫੈਸਲਾ ਉਨ੍ਹਾਂ ਪਟੀਸ਼ਨਾਂ 'ਤੇ ਦਿੱਤਾ ਹੈ ਜਿਨ੍ਹਾਂ 'ਚ ਪ੍ਰੋਜੈਕਟ ਨੂੰ ਦਿੱਤੀਆਂ ਗਈਆਂ ਵੱਖ-ਵੱਖ ਮਨਜ਼ੂਰੀਆਂ ਉੱਤੇ ਇਤਰਾਜ਼ ਕੀਤੇਗਏ ਸਨ।



ਵਰਨਣ ਯੋਗ ਹੇ ਕਿ ਬੀਤੀ ਸੱਤ ਦਸੰਬਰ ਨੂੰ ਸੁਪਰੀਮ ਕੋਰਟ ਨੇ ਕੇਂਦਰ ਨੂੰ ਸੈਂਟਰਲ ਵਿਸਟਾ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਦੇ ਪ੍ਰੋਗਰਾਮ ਦੀ ਇਜਾਜ਼ਤ ਦੇ ਦਿੱਤੀ ਸੀ। ਇਸ ਤੋਂ ਪਹਿਲਾਂ ਸਰਕਾਰ ਨੇ ਅਦਾਲਤ ਨੂੰ ਯਕੀਨ ਦਿਵਾਇਆ ਸੀ ਕਿ ਉਸਾਰੀ ਕਰਨ ਜਾਂ ਢਾਹੁਣ ਦਾ ਕੋਈ ਵੀ ਕੰਮ ਉਦੋਂ ਤੱਕ ਸ਼ੁਰੂ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਸੁਪਰੀਮ ਕੋਰਟ ਬਕਾਇਆ ਪਟੀਸ਼ਨਾਂ ਬਾਰੇ ਫੈਸਲਾ ਨਹੀਂ ਕਰ ਲੈਂਦੀ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਸੁਪਰੀਮ ਕੋਰਟ ਵੱਲੋਂ ਸੈਂਟਰਲ ਵਿਸਟਾ ਪ੍ਰੋਜੈਕਟ ਦੀ ਉਸਾਰੀ ਨੂੰ ਮਨਜ਼ੂਰੀ ਦੇਣ ਦਾ ਸਵਾਗਤ ਕੀਤਾ ਤੇ ਕਿਹਾ ਕਿ ਸਰਕਾਰ ਵਾਤਾਵਰਣ ਸਬੰਧੀ ਸ਼ੰਕਿਆਂ ਬਾਰੇ ਹਮੇਸ਼ਾ ਸੰਜੀਦਾ ਰਹੀ ਹੈ। ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਨਵੀਂ ਪਾਰਲੀਮੈਂਟ ਦੀ ਉਸਾਰੀ ਵੇਲੇ ਉਚ ਮਾਪਦੰਡਾਂ ਦਾ ਪਾਲਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਵਿਸ਼ਵ ਪੱਧਰ ਦੀ ਰਾਜਧਾਨੀ ਵਾਲਾ ਸ਼ਹਿਰ ਬਣਨ ਵਾਲਾ ਹੈ ਅਤੇ ਦੇਸ਼ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ 'ਤੇ ਨਵੇਂ ਭਾਰਤ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਦਿਆਂ ਨਵੀਂ ਪਾਰਲੀਮੈਂਟਬਣ ਜਾਵੇਗੀ।

ਦੂਸਰੇ ਪਾਸੇ ਕਾਂਗਰਸ ਪਾਰਟੀ ਨੇ ਸੈਂਟਰਲ ਵਿਸਟਾ ਪ੍ਰੋਜੈਕਟ 'ਤੇ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਕਿਹਾ ਹੈ ਕਿ ਇਹ ਪ੍ਰੋਜੈਕਟ ਕਾਨੂੰਨ ਨਾਲ ਜੁੜਿਆ ਮੁੱਦਾ ਨਹੀਂ, ਇਹ ਸਰਕਾਰ ਦੀਆਂ ਗਲਤ ਪਹਿਲ ਕਦਮੀਆਂਦਾ ਵਿਸ਼ਾ ਹੈ। ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਇਹ ਵੀ ਦਾਅਵਾ ਕੀਤਾ ਕਿ ਸਰਕਾਰ ਇਸ ਪ੍ਰੋਜੈਕਟ ਨੂੰ ਉਸ ਸਮੇਂ ਅੱਗੇ ਵਧਾ ਰਹੀ ਹੈ, ਜਦੋਂ ਦੇਸ਼ ਕੋਰੋਨਾ ਦੇ ਸੰਕਟ ਅਤੇ ਆਰਥਿਕ ਮੰਦੀ ਨੂੰ ਝੱਲ ਰਿਹਾ ਹੈ ਤੇ ਸਰਕਾਰ ਨੇ ਫੌਜਾਂ, ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਭੱਤਿਆਂ 'ਚ ਹਜ਼ਾਰਾਂ ਰੁਪਏ ਕਟੌਤੀ ਕੀਤੀ ਹੈ। ਇੱਕ ਹੋਰ ਆਗੂ ਆਨੰਦ ਸ਼ਰਮਾ ਨੇ ਕਿਹਾ, "ਅਸੀਂ ਉਸ ਸਮੇਂ ਵਿੱਚ ਰਹਿ ਰਹੇ ਹਾਂ ਜਿੱਥੇ ਪਰਵਾਸੀ ਮਜ਼ਦੂਰਾਂ ਨੂੰ ਕੋਈ ਰਾਹਤ ਨਹੀਂ, ਠੰਢ, ਮੀਂਹ, ਹੰਝੂ ਗੈਸ ਅਤੇ ਲਾਠੀਆਂ ਦਾ ਸਾਹਮਣਾ ਕਰ ਕੇ ਹੱਕਾਂ ਲਈ ਲੜ ਰਹੇ ਕਿਸਾਨਾਂ ਲਈ ਕੋਈ ਇਨਸਾਫ ਨਹੀਂ ਹੈ।"

## ਬਿਜਲੀ ਕੰਪਨੀ ਤੋਂ ਸਪਲਾਈ ਨਾ ਮਿਲੀ ਤਾਂ ਕਿਸਾਨ ਨੇ ਖੁਦ ਪਣ-ਚੱਕੀ ਬਣਾ ਲਈ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਕਰਨਾਟਕ ਦੇ ਇੱਕ ਕਿਸਾਨ ਦਾ ਅਨੋਖਾ ਜੁਗਾੜ ਵਾਇਰਲ ਹੋ ਰਿਹਾ ਹੈ। ਉਸ ਨੇ ਸਿਰਫ 5000 ਦੀ ਲਾਗਤ ਨਾਲ ਘਰ ਦੇ ਨੇੜੇ ਵਗਦੀ ਨਦੀ ਦੇ ਆਸਰੇ ਆਪਣੀ ਵਰਤੋਂ ਲਈ ਬਿਜਲੀ ਪੈਦਾ ਕਰ ਦਿੱਤੀ ਹੈ। ਇਹ ਕਿਸਾਨ ਵਾਟਰਮਿਲ ਦੀ ਮਦਦ ਨਾਲ 100 ਵਾਟ ਬਿਜਲੀ ਬਣਾ ਰਿਹਾ ਹੈ। ਉਸ ਦੇ ਇਸ ਅਨੋਖੇ ਜੁਗਾੜ ਦੀ ਫੋਟੋ ਸਾਬਕਾ ਭਾਰਤੀ ਕ੍ਰਿਕਟਰ ਵੀ ਵੀ ਐਸ ਲਛਮਣ ਨੇ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਕਰਨਾਟਕ ਵਿੱਚ ਸਿਦੱਪਾ ਨਾਂਅ ਦਾ ਇਹ ਕਿਸਾਨ ਖੁਦ ਬਿਜਲੀ ਪੈਦਾ ਕਰ ਰਿਹਾ ਹੈ। ਇਸ ਬਿਜਲੀ ਉਤਪਾਦਨ ਦੇ ਲਈ ਕਿਸਾਨ ਨੇ ਪਲਾਸਟਿਕ ਟਿਊਬ ਅਤੇ ਲੱਕੜੀ ਦੀ ਵਰਤੋਂ ਕਰਕੇ ਇੱਕ ਟਿਕਾਊ ਅਤੇ ਸਸਤੀ ਵਾਟਰਮਿਲ ਬਣਾਈ ਹੈ। ਉਸ ਨੇ ਤਦ ਜੁਗਾੜ ਵਾਲੀ ਇਸ ਵਾਟਰਮਿਲ ਨੂੰ ਬਣਾਉਣਾ ਸ਼ੁਰੂ ਕੀਤਾ ਸੀ, ਜਦ ਹੁਬਲੀ ਇਲੈਕਟ੍ਰੀਸਿਟੀ ਸਪਲਾਈ ਕੰਪਨੀ ਲਿਮਟਿਡ ਨੇ ਬਿਜਲੀ ਦੀ ਸਪਲਾਈ ਲਈ ਸਿਦੱਪਾ ਨੂੰ ਮਨ੍ਹਾ ਕਰ ਦਿੱਤਾ ਸੀ।

ਸਾਬਕਾ ਕ੍ਰਿਕਟ ਖਿਡਾਰੀ ਵੀ ਵੀ ਐਸ ਲਛਮਣ ਨੇ ਇਸ ਜੁਗਾੜੂ ਵਾਟਰਮਿਲ ਦੀ ਫੋਟੋ ਆਪਣੇ ਟਵਿੱਟਰ ਅਕਾਊਂਟ 'ਤੇ ਸ਼ੇਅਰ ਕਰ ਕੇ ਲਿਖਿਆ, ਕਰਨਾਟਕ ਦੇ ਇੱਕ ਕਿਸਾਨ, ਸਿਦੱਪਾ ਨੇ ਬਿਜਲੀ ਬਣਾਉਣ ਦੇ ਲਈ ਇੱਕ ਪਾਣੀ ਦੀ ਚੱਕੀ ਡਿਜ਼ਾਈਨ ਕੀਤੀ ਹੈ ਤੇ ਉਹ ਇਸ ਨੂੰ ਆਪਣੇ ਘਰ ਨੇੜੇ ਨਹਿਰ ਤੋਂ ਚਲਾਉਂਦੇ ਹਨ। ਉਨ੍ਹਾਂ ਨੇ ਸਿਰਫ ਪੰਜ ਹਜ਼ਾਰ ਰੁਪਏ ਵਿੱਚ ਇਸ ਵਾਟਰ ਮਿਲ ਨੂੰ ਬਣਾਇਆ ਹੈ। ਨਹਿਰ ਵਿੱਚ ਪਾਣੀ ਵਹਿਣ 'ਤੇ ਇਸ ਵਾਟਰਮਿੱਲ ਨਾਲ 150 ਵਾਟ ਬਿਜਲੀ ਮਿਲਦੀ ਹੈ। ਲਛਮਣ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਇਸ ਵਿੱਚ ਸਿਰਫ ਇੱਕ ਰੁਕਾਵਟ ਇਹ ਹੈ ਕਿ ਨਹਿਰ ਵਿੱਚ ਸਾਲ ਵਿੱਚ ਕੇਵਲ ਕੁਝ ਮਹੀਨਿਆਂ ਲਈ ਪਾਣੀ ਹੁੰਦਾ ਹੈ। ਜੇ ਇਹ ਵਾਟਰਮਿਲ ਨਹਿਰ ਦੇ ਪਾਣੀ ਦੀ ਰੈਗੂਲਰ ਸਪਲਾਈ ਪ੍ਰਾਪਤ ਕਰ ਸਕਦੀ ਤਾਂ ਪੂਰੇ ਪਿੰਡ ਦੇ ਲਈ ਬਿਜਲੀ ਬਣਾ ਸਕਦੀ ਹੈ।

## ਅਦਾਲਤ ਦੀ ਰਾਏ; ਦਿੱਲੀ ਦੰਗਿਆਂ 'ਚ ਉਮਰ ਖਾਲਿਦ ਦੀ ਸਰਗਰਮ ਭੂਮਿਕਾ ਬਾਰੇ ਕਾਫੀ ਸੂਚਨਾਵਾਂ ਮੌਜੂਦ



ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਇੱਥੋਂ ਦੀ ਇੱਕ ਅਦਾਲਤ ਨੇ ਕਿਹਾ ਹੈ ਕਿ ਪਹਿਲੀ ਨਜ਼ਰੇ ਇਸ ਗੱਲ ਨੂੰ ਦਿਖਾਉਣ ਲਈ ਠੋਸ ਆਧਾਰ ਮੌਜੂਦ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਦੇ ਵਿਦਿਆਰਥੀ ਆਗੂ ਉਮਰ ਖਾਲਿਦ, ਆਮ ਆਦਮੀ ਪਾਰਟੀ ਦੇ ਸਸਪੈਂਡ ਕੀਤੇ ਹੋਏ ਕੌਂਸਲਰ ਤਾਹਿਰ ਹੁਸੈਨ ਅਤੇ ਹੋਰਨਾਂ ਨੇ ਉਤਰੀ-ਪੂਰਬੀ ਦਿੱਲੀ ਵਿੱਚ ਪਿਛਲੇ ਸਾਲ ਹੋਏ ਦੰਗਿਆਂ ਲਈ ਰਲਕੇ ਸਾਜ਼ਿਸ਼ ਘੜੀ ਸੀ।

ਚੀਫ ਮੈਟਰੋਪਾਲੀਟਨ ਮੈਜਿਸਟਰੇਟ ਦਿਨੇਸ਼ ਕੁਮਾਰ ਨੇ ਕਿਹਾ ਕਿ ਖ਼ਜੂਰੀ ਖਾਸ ਇਲਾਕੇ ਵਿੱਚ ਹੋਈ ਫਿਰਕੂ ਹਿੰਸਾ ਲਈ ਖਾਲਿਦ ਦੇ ਖਿਲਾਫ ਕਾਫੀ ਸੂਚਨਾ ਮੌਜੂਦ ਹੈ। ਉਨ੍ਹਾਂ ਕਿਹਾ ਕਿ ਇੱਕ ਗਵਾਹ ਦਾ ਬਿਆਨ ਇਹ ਸਾਬਤ ਕਰਨ ਲਈ ਕਾਫੀ ਹੈ ਕਿ ਹਿੰਸਾ ਦੌਰਾਨ ਖਾਲਿਦ ਤੇ ਹੁਸੈਨ ਸੰਪਰਕ ਵਿੱਚ ਸਨ। ਹੁਸੈਨ ਦੰਗਿਆਂ ਦਾ ਮੁੱਖ ਦੋਸ਼ੀ ਹੈ। ਉਸ 'ਤੇ ਫਿਰਕੂ ਫਸਾਦ ਲਈ ਫੰਡ ਦੇਣ ਦਾ ਦੋਸ਼ ਹੈ। ਇਸ ਤੋਂ ਇਲਾਵਾ ਹੁਸੈਨ ਉੱਤੇ ਆਪਣੇ ਘਰੋਂ ਭੀੜਾਂ ਨੂੰ ਭੜਕਾਉਣ ਤੇ ਜਾਇਦਾਦਾਂ ਸਾੜਨ ਦਾ ਵੀ ਦੋਸ਼ ਹੈ। ਕੇਸ ਪੇਸ਼ ਕਰਨ ਵਾਲੀ ਧਿਰ ਨੇ ਚਾਰਜਸ਼ੀਟ ਵਿੱਚ ਦੋਸ਼ ਲਾਇਆ ਹੈ ਕਿ ਖਾਲਿਦ ਨੇ ਅਪਰਾਧਕ ਸਾਜ਼ਿਸ਼ ਵਿੱਚ ਸਰਗਰਮੀ ਨਾਲ ਹਿੱਸਾ ਪਾਇਆ ਤੇ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿੱਚ ਦੰਗੇ ਭੜਕਾਉਣ ਲਈ ਉਹ ਜ਼ਿੰਮੇਵਾਰ ਹੈ।

ਇਸੇ ਦੌਰਾਨ ਅਦਾਲਤ ਨੇ ਖਾਲਿਦ ਦੀ ਅਰਜ਼ੀ 'ਤੇ ਪੁਲਸ ਨੂੰ ਨੋਟਿਸ ਜਾਰੀ ਕੀਤਾ ਹੈ। ਉਮਰ ਖਾਲਿਦ ਨੇ ਦੋਸ਼ ਲਾਇਆ ਉਸ ਨੂੰ ਬਦਨਾਮ ਕਰਨ ਦੇ ਲਈ ਮੀਡੀਆ ਮੁਹਿੰਮ ਚਲਾਈ ਜਾ ਰਹੀ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਮੀਡੀਆ ਦੇ ਇੱਕ ਵਰਗ ਨੂੰ ਚਾਰਜਸ਼ੀਟ ਤੱਕ ਪਹੁੰਚ ਦੋਸ਼ੀ ਜਾਂ ਵਕੀਲ ਤੋਂ ਵੀ ਪਹਿਲਾਂ ਮਿਲ ਰਹੀ ਹੈ।

## ਲਾਈਵ ਸੁਸਾਈਡ ਦੌਰਾਨ ਆਇਰਲੈਂਡ ਤੋਂ ਮਿਲੇ ਅਲਰਟ ਸਦਕਾ ਜਾਨ ਬਚ ਗਈ

ਔਰੰਗਾਬਾਦ, 7 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਧੂਲੇ ਵਿੱਚ ਇੱਕ ਆਦਮੀ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਆਤਮਹੱਤਿਆ ਕਰਨ ਵਾਲਾ ਸੀ। ਸਮੇਂ ਸਿਰ ਆਇਰਲੈਂਡ ਦੇ ਫੇਸਬੁਕ ਦਫਤਰ ਨੇ ਮੁੰਬਈ ਪੁਲਸ ਨੂੰ ਫੋਨ ਕਰ ਕੇ ਅਲਰਟ ਕੀਤਾ ਤਾਂ ਪੁਲਸ ਨੇ ਤੁਰੰਤ ਓਥੇ ਪਹੁੰਚ ਕੇ ਉਸ ਸ਼ਖ਼ਸ ਦੀ ਜਾਨ ਬਚਾ ਲਈ।

ਪਤਾ ਲੱਗਾ ਹੈ ਕਿ ਆਇਰਲੈਂਡ ਵਿੱਚੋਂ ਫੇਸਬੁਕ ਹੈਡਕੁਆਰਟਰ ਨੇ ਮੁੰਬਈ ਪੁਲਸ ਨੂੰ ਸੂਚਨਾ ਦਿੱਤੀ ਕਿ 23 ਸਾਲ ਦਾ ਗਿਆਨੇਸ਼ਵਰ ਪਾਟਿਲ ਖੁਦਕੁਸ਼ੀ ਕਰਨ ਲੱਗ ਹੈ ਤੇ ਲਾਈਵ ਸਟ੍ਰੀਮਿੰਗ ਕਰ ਰਿਹਾ ਹੈ। ਸੂਚਨਾ ਮਿਲਣ ਦੇ ਪੰਜਾਹ ਮਿੰਟ ਵਿੱਚ ਪੁਲਸ ਟੀਮ ਪਾਟਿਲ ਦੇ ਘਰ ਪਹੁੰਚ ਗਈ ਤੇ ਉਸ ਨੂੰ ਬਚਾ ਲਿਆ। ਪਾਟਿਲ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ, ਜਿੱਥੇ ਉਹ ਸੁਰੱਖਿਅਤ ਹੈ। ਮੁੰਬਈ ਸਾਇਬਰ ਪੁਲਸ ਦੇ ਡੀ ਸੀ ਪੀ ਰਸ਼ਮੀ ਕਰਾਂਦਿਕਰ ਦੇ ਮੁਤਾਬਕ ਐਤਵਾਰ ਰਾਤ 8.10 ਵਜੇ ਸਾਨੂੰ ਆਇਰਲੈਂਡ ਦੇ ਫੇਸਬੁਕ ਦਫਤਰ ਤੋਂ ਕਾਲ ਮਿਲੀ ਕਿ ਇੱਕ ਨੌਜਵਾਨ ਖੁਦਕੁਸ਼ੀ ਕਰਨ ਲੱਗਾ ਹੈ ਤੇ ਲਾਈਵ ਸਟ੍ਰੀਮਿੰਗ ਕਰ ਰਿਹਾ ਹੈ। ਉਨ੍ਹਾਂ ਨੇ ਸਕਰੀਨ ਸ਼ਾਟ ਵੀ ਸ਼ੇਅਰ ਕੀਤਾ, ਜਿਸ ਵਿੱਚ ਪਾਟਿਲ ਬੁਰੀ ਤਰ੍ਹਾਂ ਰੋ ਰਿਹਾ ਸੀ ਤੇ ਉਸ ਨੇ ਗਲੇ 'ਤੇ ਬਲੇਡ ਰੱਖਿਆ ਹੋਇਆ ਸੀ। ਕਰਾਂਦਿਕਰ ਦੱਸਦੀ ਹੈ ਕਿ ਅਸੀਂ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਨੌਜਵਾਨ ਦੀ ਲੋਕੇਸ਼ਨ ਲੱਭਣੀ ਸ਼ੁਰੂ ਕੀਤੀ। ਆਮ ਤੌਰ 'ਤੇ ਇਹ ਬੇਹੱਦ ਔਖਾ ਹੁੰਦਾ ਹੈ, ਪਰ ਸਾਡੀ ਸਾਈਬਰ ਟੀਮ ਨੂੰ ਵੀਹ ਮਿੰਟ ਵਿੱਚ ਪਾਟਿਲ ਦੀ ਲੋਕੇਸ਼ਨ ਮਿਲ ਗਈ। ਸਾਡੇ ਕੋਲ ਧੂਲੇ ਦੀ ਬਿਲਡਿੰਗ ਅਤੇ ਨੌਜਵਾਨ ਦਾ ਨਾਂਅ ਸੀ। ਅਸੀਂ ਰਾਤ 8.30 ਵਜੇ ਧੂਲੇ ਦੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਫਿਰ ਰਾਤ ਨੌਂ ਵਜੇ ਧੂਲੇ ਦੇ ਪੁਲਸ ਅਧਿਕਾਰੀ ਪਾਟਿਲ ਦੇ ਘਰ ਪਹੁੰਚ ਗਏ ਅਤੇ ਉਸ ਨੂੰ ਬਚਾ ਲਿਆ।




# ਸੁਪਰੀਮ ਕੋਰਟ 'ਚ ਵਰਚੁਅਲ ਸੁਣਵਾਈ ਮੌਕੇ ਪ੍ਰੇਸ਼ਾਨੀਆਂ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਇਨ੍ਹੀਂ ਦਿਨੀਂ ਵਰਚੁਅਲ ਮੋਡ ਵਿੱਚ ਕੰਮ ਕਰ ਰਹੀ ਹੈ, ਪਰ ਤਕਨੀਕੀ ਖਾਮੀਆਂ ਕਾਰਨ ਜੱਜ ਹੀ ਨਹੀਂ, ਅਟਾਰਨੀ ਜਨਰਲ ਅਤੇ ਵਕੀਲ ਵੀ ਪ੍ਰੇਸ਼ਾਨ ਹਨ। ਇੱਕ ਜੱਜ ਨੇ ਬਾਕ-ਾਇਦਾ ਆਪਣੇ ਫੈਸਲੇ ਵਿੱਚ ਆਪਬੀਤੀ ਦਾ ਜ਼ਿਕਰ ਕਰਦੇ ਹੋਏ ਸਿਸਟਮਨੂੰ ਸੁਧਾਰਨ ਦਾ ਹੁਕਮ ਦੇ ਦਿੱਤਾ ਹੈ। ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਚੀਫ ਜਸਟਿਸ ਐਸ ਏ ਬੋਬੜੇ ਨੂੰ ਇਸ ਸਬੰਧੀ ਪੱਤਰ ਭੇਜ ਦਿੱਤਾ ਹੈ। ਸੁਪਰੀਮ ਕੋਰਟ ਦੇ ਬਾਕੀ ਜੱਜ ਵੀ ਅਕਸਰ ਸੁਣਵਾਈ ਦੌਰਾਨ ਵਕੀਲਾਂ ਨਾਲ ਇਸ ਪ੍ਰੇਸ਼ਾਨੀ ਉਤੇ ਚਰਚਾ ਕਰ ਰਹੇ ਹਨ। ਜਸਟਿਸ ਸੰਜੇ ਕਿਸ਼ਨ ਕੌਲ, ਜਸਟਿਸ ਦਿਨੇਸ਼ ਮਹੇਸ਼ਵਰੀ ਅਤੇ ਜਸਟਿਸ ਰਿਸ਼ੀਕੇਸ਼ ਰਾਏ ਦੀ ਬੈਂਚ ਕੱਲ੍ਹ ਇੱਕ ਅਪਰਾਧਕ ਕੇਸ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਕਰ ਰਹੀ ਸੀ। ਇਸ ਦੌਰਾਨ ਵਾਰ-ਵਾਰ ਨੈਟਵਰਕ ਡਰਾਪ ਹੋ ਰਿਹਾ ਸੀ। ਪ੍ਰੇਸ਼ਾਨ ਹੋ ਕੇ ਉਨ੍ਹਾਂ ਨੇ ਆਪਣੇ ਹੁਕਮ ਵਿੱਚ ਹੀ ਕਿਹਾ, "ਸੁਪਰੀਮ ਕੋਰਟ ਵਿੱਚ ਵਰਚੁਅਲ ਸੁਣਵਾਈ ਦਾਸਿਸਟਮ ਬੇਹੱਦ ਖਰਾਬ ਹੈ। ਸੁਣਵਾਈ ਜਾਰੀ ਰੱਖਣਾ ਮੁਸ਼ਕਲ ਹੋ ਰਿਹਾ ਹੈ। ਨੇੜੇ ਬਣੇ ਦਿੱਲੀ ਹਾਈ ਕੋਰਟ ਵਿੱਚ ਅਜਿਹੀ ਕੋਈ ਸਮੱਸਿਆ ਨਹੀਂ ਆ ਰਹੀ। ਅਸੀਂ ਕੱਲ੍ਹ ਤੋਂ ਨੈਟਵਰਕ ਡਰਾਪ ਹੋਣ ਕਾਰਨ ਆਵਾਜ਼ਾਂ ਦੇ ਗੂੰਜਣ ਦੀ ਸਮੱਸਿਆ ਨਾਲ ਜੂਝ ਰਹੇ ਹਾਂ। ਆਵਾਜ਼ਾਂ ਤਦ ਵੀ ਗੂੰਜਦੀਆਂ ਹਨ, ਜਦ ਕੋਈ ਇੱਕ ਵਿਅਕਤੀ ਦਲੀਲ ਦੇ ਰਿਹਾ ਹੁੰਦਾ ਹੈ। ਇੰਨੀ ਖਾਮੋਸ਼ੀ ਦੇ ਬਾਵਜੂਦ ਸਾਨੂੰ ਸਾਡੀ ਹੀ ਆਵਾਜ਼ ਵਾਰ-ਵਾਰ ਸੁਣਾਈ ਦਿੰਦੀ ਹੈ। ਅਜਿਹੇ ਵਿੱਚ ਵਰਚੁਅਲ ਕੋਰਟ ਵਿੱਚ ਕੰਮ ਕਰਨਾ ਮੁਸ਼ਕਲ ਹੋ ਗਿਆ ਹੈ। ਸੈਕਟਰੀ ਜਨਰਲ ਇਸ ਸਮੱਸਿਆ ਨੂੰ ਦੂਰ ਕਰਨ।" ਕੱਲ੍ਹ ਜਸਟਿਸ ਨਾਗੇਸ਼ਵਰ ਰਾਓ ਨੇ ਅਟਾਰਨੀ ਜਨਰਲ ਨੂੰ ਕਿਹਾ, "ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।" ਇਸ ਦੌਰਾਨ ਆਵਾਜ਼ ਗੂੰਜਣ ਦੇ ਕਾਰਨ ਬੀਤੇ ਦਿਨ ਜਸਟਿਸ ਚੰਦਰਚੂੜ ਨੇ ਵੀ ਇੱਕ ਸੁਣਵਾਈ ਟਾਲ ਦਿੱਤੀ।


REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com




# ਆਪਣੀ ਧੁਰੀ ’ਤੇ ਘੁੰਮਦੀ ਧਰਤੀ ਦੇ 24 ਘੰਟਿਆਂ ਵਿੱਚੋਂ 0.5 ਮਿਲੀ ਸੈਕਿੰਡ ਘੱਟ ਹੋਏ

ਪੈਰਿਸ, 7 ਜਨਵਰੀ (ਪੋਸਟ ਬਿਊਰੋ)- ਧਰਤੀ ਪਿਛਲੇ 50 ਸਾਲਾਂ ਤੋਂ ਕਿਸੇ ਵੀ ਸਮੇਂ ਦੀ ਤੁਲਨਾ ਵਿੱਚ ਤੇਜ਼ੀ ਨਾਲ ਘੁੰਮ ਰਹੀ ਹੈ। ਵਿਗਿਆਨੀ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਇਸ ਨੂੰ ਕਿਵੇਂ ਮੈਨੇਜ ਕੀਤਾ ਜਾਏ। ਪਤਾ ਲੱਗਾ ਹੈ ਕਿ ਧਰਤੀ ਦੇ ਘੁੰਮਣ ਵਿੱਚ ਇਹ ਤਬਦੀਲੀ ਪਿਛਲੇ ਸਾਲ ਆਈ ਸੀ।



ਡੇਲੀ ਮੇਲ ਦੀ ਖਬਰ ਦੇ ਅਨੁਸਾਰ ਧਰਤੀਇਸ ਸਮੇਂ 24 ਘੰਟੇ ਵਿੱਚ 0.5 ਮਿਲੀ ਸੈਕਿੰਡ ਘੱਟ ਸਮਾਂ ਲੈ ਕੇ ਘੁੰਮ ਰਹੀ ਹੈ ਅਤੇ ਸਾਡੇ 24 ਘੰਟਿਆਂ ਵਿੱਚੋਂ 0.5 ਮਿਲੀ ਸੈਕਿੰਡ ਘੱਟ ਹੋ ਚੁੱਕੇ ਹਨ। 19 ਜੁਲਾਈ 2020 ਦਾ ਦਿਨ 24 ਘੰਟੇ ਤੋਂ 1.4602 ਮਿਲੀ ਸੈਕਿੰਡ ਘੱਟ ਸੀ। ਇਸ ਤੋਂ ਪਹਿਲਾਂ ਸਭ ਤੋਂ ਛੋਟਾ ਦਿਨ ਸਾਲ 2005 ਵਿੱਚ ਸੀ, ਪਰ ਪਿਛਲੇ 12 ਮਹੀਨਿਆਂ ਵਿੱਚ ਇਹ ਰਿਕਾਰਡ ਕੁੱਲ 28 ਵਾਰ ਟੁੱਟਿਆ ਹੈ।ਪੈਰਿਸ ਵਿਚਲੇ ਇੰਟਰਨੈਸ਼ਨਲ ਅਰਥ ਰੋਟੇਸ਼ਨ ਸਰਵਿਸ ਦੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਧਰਤੀਦੇ ਘੁੰਮਣ ਦੀ ਰਫਤਾਰ ਦਾ ਅਸਰ 2021 ਵਿੱਚ ਜ਼ਿਆਦਾ ਦੇਖਣ ਨੂੰ ਮਿਲੇਗਾ। ਸੀਨੀਅਰ ਰਿਸਰਚ ਸਾਇੰਟਿਸਟ ਪੀਟਰ ਵ੍ਹਿਬਰਲੀ ਨੇ ਕਿਹਾ ਕਿ ਇਹ ਗੱਲ ਸਹੀ ਹੈ ਕਿ ਧਰਤੀਆਪਣੇ ਤੈਅ ਸਮੇਂ ਤੋਂ ਘੱਟ ਸਮੇਂ ਵਿੱਚ ਚੱਕਰ ਪੂਰਾ ਕਰਦੀ ਹੈ। ਹੋ ਸਕਦਾ ਹੈ ਕਿ ਧਰਤੀ’ਤੇ ਰਹਿ ਰਹੇ ਲੋਕਾਂ ਨੂੰ ਸਮੇਂ ਦੇ ਨਾਲ ਚੱਲਣ ਦੇ ਲਈ ਨੈਗੇਟਿਵ ਲੀਪ ਸੈਕਿੰਡ ਜੋੜਨਾ ਪਵੇ। 1970 ਤੋਂ ਹਾਲੇ ਤੱਕ 27 ਲੀਪ ਸੈਕਿੰਡ ਜੋੜ ਚੁੱਕੇ ਹਨ। ਪਿਛਲੀ ਵਾਰ ਸਾਲ 2016 ਵਿੱਚ ਵੀ ਲੀਪ ਸੈਕਿੰਡ ਜੋੜਿਆ ਗਿਆ ਹੈ।

ਧਰਤੀ ਆਪਣੀ ਧੁਰੀ ’ਤੇ ਵੱਧ ਤੇਜ਼ੀ ਨਾਲ ਘੁੰਮ ਰਹੀ ਹੈ, ਇਸ ਨਾਲ ਸਾਰੇ ਦੇਸ਼ਾਂ ਦਾ ਸਮਾਂ ਬਦਲ ਜਾਂਦਾ ਹੈ। ਇਸ ਨਾਲ ਸੰਚਾਰ ਸਿਸਟਮ ਵਿੱਚ ਵੀ ਮਸ਼ਕਲਾਂ ਆ ਸਕਦੀਆਂ ਹਨ ਕਿਉਂਕਿ ਸੈਟੇਲਾਈਟਸ ਤੇ ਸੰਚਾਰ ਯੰਤਰ ਸੋਲਰ ਟਾਈਮ ਦੇ ਅਨੁਸਾਰ ਹੀ ਸੈਟ ਕੀਤੇ ਜਾਂਦੇ ਹਨ। ਇਹ ਸਮਾਂ ਤਾਰਿਆਂ, ਚੰਨ ਤੇ ਸੂਰਜ ਦੀ ਪੁਜ਼ੀਸ਼ਨ ਦੇ ਅਨੁਸਾਰ ਸੈਟ ਕੀਤਾ ਜਾਂਦਾ ਹੈ। ਨੈਵੀਗੇਸ਼ਨ ਸਿਸਟਮ ’ਤੇ ਵੀ ਇਸ ਦਾ ਅਸਰ ਪਵੇਗਾ।

# ਜੂਲੀਅਨ ਅਸਾਂਜ ਨੂੰ ਬਰਤਾਨੀਆ ’ਚ ਜ਼ਮਾਨਤ ਨਹੀਂ ਮਿਲ ਸਕੀ

ਲੰਡਨ, 7 ਜਨਵਰੀ (ਪੋਸਟ ਬਿਊਰੋ)- ਅਮਰੀਕਾ ਨੂੰ ਹਵਾਲਗੀ ਖਿਲਾਫ ਜੰਗ ਦੌਰਾਨ ਸਾਲ 2019 ਤੋਂ ਜੇਲ੍ਹ ਵਿੱਚ ਬੰਦ ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜ ਦੀ ਜ਼ਮਾਨਤ ਦੀ ਅਰਜ਼ੀ ਬਰਤਾਨਵੀ ਜੱਜ ਨੇ ਰੱਦ ਕਰ ਦਿੱਤੀ ਹੈ।



ਜ਼ਿਲ੍ਹਾ ਜੱਜ ਵੈਨੇਸਾ ਬੇਰਾਇਤਸਰ ਨੇ ਕਿਹਾ ਕਿ ਅਸਾਂਜ ਨੂੰ ਉਚ ਸੁਰੱਖਿਆ ਵਾਲੀ ਜੇਲ੍ਹ 'ਚ ਰੱਖਣਾ ਹੋਵੇਗਾ। ਇਸ ਦੌਰਾਨ ਅਦਾਲਤ ਨੇ ਅਮਰੀਕੀ ਅਧਿਕਾਰੀਆਂ ਦੀ ਅਸਾਂਜ ਦੀ ਹਵਾਲਗੀ ਦੀ ਅਰਜ਼ੀ ਨੂੰ ਵਿਚਾਰਅਧੀਨ ਰੱਖਿਆ ਹੈ ਜਿਸ ਵਿੱਚ ਅਸਾਂਜ ਨੂੰ ਅਮਰੀਕਾ ਹਵਾਲੇ ਨਾ ਕਰਨ ਦੇ ਫੈਸਲੇ ’ਤੇ ਮੁੜ ਵਿਚਾਰ ਦੀ ਅਪੀਲ ਕੀਤੀ ਗਈ ਹੈ। ਕਰੀਬ ਇੱਕ ਦਹਾਕਾ ਪਹਿਲਾਂ ਵਿਕੀਲੀਕਸ ਵੱਲੋਂ ਖੁਫੀਆ ਦਸਤਾਵੇਜ਼ਾਂ ਦੇ ਪ੍ਰਕਾਸ਼ਨ ਬਾਰੇ ਜਾਸੂਸੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਸਾਂਜ ਨੂੰ ਅਮਰੀਕਾ ਹਵਾਲੇ ਕਰਨ ਦੀ ਅਮਰੀਕੀ ਅਧਿਕਾਰੀਆਂ ਦੀ ਅਪੀਲ ਨੂੰ ਸੋਮਵਾਰ ਨੂੰ ਜੱਜ ਬੇਰਾਇਤਸਰ ਨੇ ਰੱਦ ਕਰ ਦਿੱਤਾ ਸੀ। ਜੱਜ ਨੇ ਸਿਹਤ ਦੇ ਕਾਰਨਾਂ ਦੇ ਆਧਾਰ 'ਤੇ 49 ਸਾਲਾਇਸ ਆਸਟਰੇਲੀਆਈ ਨਾਗਰਿਕ ਦੀ ਹਵਾਲਗੀ ਤੋਂ ਨਾਂਹ ਕਰ ਦਿੱਤੀ ਸੀ। ਜੱਜ ਨੇ ਕਿਹਾ ਕਿ ਜੇ ਉਸ ਨੂੰ ਅਮਰੀਕਾ ਦੀਆਂ ਮੁਸ਼ਕਲ ਹਾਲਾਤ ਵਾਲੀਆਂ ਜੇਲ੍ਹਾਂ ਵਿੱਚ ਰੱਖਿਆ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਖਤਮ ਕਰ ਸਕਦਾ ਹੈ। ਉਨ੍ਹਾਂ ਦੇ ਕਹਿਣ ਦਾ ਮਤਲਬ ਸੀ ਕਿ ਅਸਾਂਜ ਨੂੰ ਲੰਡਨ ਦੀ ਉਚ ਸੁਰੱਖਿਆ ਵਾਲੀ ਬੈਲਮਾਰਸ਼ ਜੇਲ੍ਹ ਵਿੱਚ ਹੀ ਰੱਖਿਆ ਜਾਣਾ ਚਾਹੀਦਾ ਹੈ ਜਿੱਥੇ ਉਸ ਨੂੰ ਅਪ੍ਰੈਲ 2019 ਤੋਂ ਰੱਖਿਆ ਹੋਇਆ ਹੈ। ਓਧਰ, ਅਸਾਂਜ ਦੀ ਪਤਨੀ ਸਟੈਲਾ ਮੌਰਿਸ ਨੇ ਅਦਾਲਤ ਦੇ ਫੈਸਲੇ ਨੂੰ ਕਾਫੀ ਨਿਰਾਸ਼ਾਜਨਕ ਦੱਸਿਆ। ਉਸ ਨੇ ਕਿਹਾ ਕਿ ਇਹ ਗੈਰ-ਮਨੁੱਖੀ ਤੇ ਤਰਕਹੀਣ ਹੈ।

# ਚੀਨ ਵਿੱਚ ਬੋਲਣ ਦੀ ਆਜ਼ਾਦੀ ’ਤੇ ਰੋਕ ਵਧੀ



ਬੀਜਿੰਗ, 7 ਜਨਵਰੀ (ਪੋਸਟ ਬਿਊਰੋ)- ਚੀਨ ਵਿੱਚ ਜਨਤਾ ਦੇ ਨਾਲ ਪੂਰੀ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਦੀ ਜ਼ੁਬਾਨ ’ਤੇ ਤਾਲਾ ਵੀ ਲਾ ਦਿੱਤਾ ਗਿਆ ਹੈ। ਇਨ੍ਹਾਂ ਮੈਂਬਰਾਂ ਨੂੰ ਪਾਰਟੀ ਦੇ ਅੰਦਰ ਵੀ ਬੋਲਣ ਦੀ ਆਜ਼ਾਦੀ ਨਹੀਂ ਰਹੇਗੀ। ਸਾਊਥ ਚਾਈਨਾ ਮੌਰਨਿੰਗ ਪੋਸਟ ਦੇ ਅਨੁਸਾਰ ਚੀਨ ਵਿੱਚ ਕਮਿਊਨਿਸਟ ਪਾਰਟੀ ਦੀ ਰੂਲ ਬੁੱਕ ਦੇ ਨਿਯਮਾਂ ਵਿੱਚ ਸੋਧਾਂ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਮੁਤਾਬਕ ਕਮਿਊਨਿਸਟ ਪਾਰਟੀ ਵਿੱਚ ਕੋਈ ਵੀ ਨੇਤਾ ਆਪਣੇ ਤੋਂ ਵੱਡੇ ਨੇਤਾ ਦੇ ਖਿਲਾਫ ਕੁਝ ਨਹੀਂ ਬੋਲੇਗਾ। ਜੇ ਕਿਸੇ ਤੋਂ ਸ਼ਿਕਾਇਤ ਹੈ ਤਾਂ ਜਨਤਕ ਕੀਤੇ ਬਿਨਾਂ ਦੱਸਣੀ ਹੋਵੇਗੀ। ਕੇਂਦਰੀ ਲੀਡਰਸ਼ਿਪ ਦੇ ਕਿਸੇ ਵੀ ਫੈਸਲੇ ਦੇ ਵਿਰੋਧ ਵਿੱਚ ਰਾਇ ਪ੍ਰਗਟ ਨਹੀਂ ਕੀਤੀ ਜਾ ਸਕਦੀ। ਨਵੇਂ ਨਿਯਮਾਂ ਵਿੱਚ ਅਧਿਕਾਰਤ ਰੂਪ ਤੋਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਫਿੰਗ ਦੇ ‘ਥਾਟਸ ਆਨ ਸੋਸ਼ਲਿਜ਼ਮ ਵਿਦ ਚਾਈਨੀਜ਼ ਕ੍ਰੈਕਟਰਸਟਿਕਸ ਫਾਰ ਨਿਊ ਇਰਾ’ ’ਤੇ ਵਿਚਾਰਾਂ ਅਤੇ ਸੰਦਰਭਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਨੂੰ ਚੀਨ ਦੇ ਸੰਵਿਧਾਨ ਵਿੱਚ ਪਹਿਲਾਂ ਤੋਂ ਸ਼ਾਮਲ ਕੀਤਾ ਜਾ ਚੁੱਕਾ ਹੈ। ਪਾਰਟੀ ਦੀ ਰੂਲ ਬੁੱਕ ਵਿੱਚ 16 ਸਾਲ ਬਾਅਦ ਸੋਧ ਕੀਤੀ ਹੈ। ਰੂਲ ਬੁੱਕ ਵਿੱਚ ਕਿਹਾ ਕਿ ਪਾਰਟੀ ਦੇ ਨੌਂ ਕਰੋੜ ਦੋ ਲੱਖ ਮੈਂਬਰਾਂ ਦੇ ਵਿੱਚ ਆਪਣੇ ਕੇਡਰ ਪ੍ਰਤੀ ਅਸਹਿਮਤੀ ਨੂੰ ਕਿਸੇ ਵੀ ਰੂਪ ਵਿੱਚ ਜਨਤਕ ਨਹੀਂ ਕੀਤਾ ਜਾਏਗਾ।

# ਅਲੀ ਬਾਬਾ ਕੰਪਨੀ ਦਾ ਮਾਲਕ ਜੈਕ ਮਾ ਦੋ ਮਹੀਨੇ ਤੋਂ ਲਾਪਤਾ

ਪੇਈਚਿੰਗ , 7 ਜਨਵਰੀ (ਪੋਸਟ ਬਿਊਰੋ)- ਚੀਨ ਦੇ ਸਭ ਤੋਂ ਅਮੀਰ ਲੋਕਾਂ 'ਚ ਸ਼ਾਮਲ ਜੈਕ ਮਾ ਬਾਰੇ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਉਹ ਲਾਪਤਾ ਹੋ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਚੀਨ ਦੀਆਂ ਸਰਕਾਰੀ ਏਜੰਸੀਆਂ ਦੇ ਕੰਮ-ਕਾਜ ਦੇ ਤਰੀਕੇ 'ਤੇ ਸਵਾਲ ਚੁੱਕੇ ਅਤੇ ਚਰਚਾ ਵਿੱਚ ਆ ਗਏ ਸਨ



ਫਾਈਨਾਂਸ਼ੀਅਲ ਟਾਈਮਸ ਦੀ ਰਿਪੋਰਟ ਮੁਤਾਬਕ ਜੈਕ ਮਾ ਲੱਗਭਗ ਦੋ ਮਹੀਨੇ ਤੋਂ ਕਿਸੇ ਜਨਤਕ ਪ੍ਰੋਗਰਾਮ 'ਚ ਨਹੀਂ ਵੇਖੇ ਗਏ। ਆਪਣੇ ਖੁਦ ਦੇ ਬਣਾਏ ਉਨ੍ਹਾਂ ਦੇ ਟੀ ਵੀ ਸ਼ੋਅ ‘ਅਫਰੀਕਾ ਦੇ ਬਿਜਨੈਸ ਹੀਰੋ' ਵਿੱਚ ਵੀ ਜੈਕ ਮਾ ਦੀ ਜਗ੍ਹਾ 'ਤੇ ਕਿਸੇ ਹੋਰ ਨੂੰ ਭੇਜ ਦਿੱਤਾ ਗਿਆ ਹੈ। ਅਲੀ ਬਾਬਾ ਕੰਪਨੀ ਦੇ ਇੱਕ ਬੁਲਾਰੇ ਨੇ ਕਿਹਾ ਕਿ ਸ਼ੈਡਿਊਲ ਕੰਫਲਿਕਟ ਦੀ ਵਜ੍ਹਾ ਨਾਲ ਜੈਕ ਮਾ ਟੀ ਵੀ ਸ਼ੋਅ ਵਿੱਚ ਸ਼ਾਮਲ ਨਹੀਂ ਹੋਏ। ਰਿਪੋਰਟ ਮੁਤਾਬਕ ਜੈਕ ਮਾ ਦੇ ਗਾਇਬ ਹੋਣ ਤੋਂ ਸੰਕੇਤ ਮਿਲਦਾ ਹੈ ਕਿ ਉਹ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਚੀਨ 'ਚ ਅਮੀਰ ਲੋਕਾਂ ਦੇ ਗਾਇਬ ਹੋਣ ਦੀਆਂ ਘਟਨਾਵਾਂ ਨਵੀਆਂ ਨਹੀਂ ਹਨ। ਫੋਰਬਸ ਦੀ ਰਿਪੋਰਟ ਮੁਤਾਬਕ 2016 ਤੋਂ 2017 ਵਿਚਾਲੇ ਚੀਨ ਦੇ ਕਈ ਅਰਬਪਤੀ ਗਾਇਬ ਹੋਏ ਸਨ ਤੇ ਸਾਲ 2016 ਤੋਂ 2017 ਦੇ ਦੌਰਾਨ ਗਾਇਬ ਹੋਏ ਕਈ ਲੋਕ ਕਦੇ ਦੁਬਾਰਾ ਸਾਹਮਣੇ ਨਹੀਂ ਆਏ। ਨਵੰਬਰ ਵਿੱਚ ਜੈਕ ਮਾ ਨੇ ਚੀਨ ਦੇ ਰੈਗੁਲੇਟਰਸ ਅਤੇ ਸਰਕਾਰੀ ਬੈਂਕਾਂ ਦੀ ਆਲੋਚਨਾ ਕੀਤੀ ਸੀ। ਇਸ ਤੋਂ ਬਾਅਦ ਚੀਨੀ ਅਧਿਕਾਰੀਆਂ ਨੇ ਜੈਕ ਮਾ 'ਤੇ ਪਲਟਵਾਰ ਕੀਤਾ ਅਤੇ ਉਨ੍ਹਾਂ ਦੀ ਕੰਪਨੀ ਏਂਟ ਗਰੁੱਪ ਦੇ ਆਈ ਪੀ ਓ ਨੂੰ ਰੱਦ ਕਰ ਦਿੱਤਾ ਸੀ।

# ਅਮਰੀਕੀ ਪਾਰਲੀਮੈਂਟ ਵੱਲੋਂ ਪਾਕਿ ਔਰਤਾਂ ਲਈ ‘ਮਲਾਲਾ ਯੁਸੂਫ਼ਜ਼ਈ ਸਕਾਲਰਸ਼ਿਪ ਬਿੱਲ’ ਪਾਸ

ਵਾਸ਼ਿੰਗਟਨ, 7 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਨੇ ‘ਮਲਾਲਾ ਯੁਸੂਫ਼ਜ਼ਈ ਸਕਾਲਰਸ਼ਿਪ ਬਿੱਲ' ਪਾਸ ਕੀਤਾ ਹੈ। ਇਸ ਦੇ ਤਹਿਤ ਇੱਕ ਯੋਗਤਾ ਤੇ ਲੋੜ ਆਧਾਰਤ ਪ੍ਰੋਗਰਾਮ ਤਹਿਤ ਪਾਕਿਸਤਾਨੀ ਔਰਤਾਂ ਨੂੰ ਉਚ ਸਿੱਖਿਆ ਦੇਣ ਲਈ ਦਿੱਤੇ ਜਾ ਰਹੇ ਵਜ਼ੀਫ਼ਿਆਂ ਦੀ ਗਿਣਤੀ ਵਧੇਗੀ। ਇਸ ਬਿੱਲ ਨੂੰ ਮਾਰਚ 2020 ਵਿੱਚ ਪ੍ਰਤੀਨਿਧੀ ਸਭਾ ਨੇ ਪਾਸ ਕੀਤਾ ਸੀ, ਜਿਸ ਨੂੰ ਅਮਰੀਕੀ ਸੈਨੇਟ ਨੇ 1 ਜਨਵਰੀ ਨੂੰ ਪਾਸ ਕੀਤਾ।



ਇਹ ਬਿਲ ਅੱਗੋਂ ਵ੍ਹਾਈਟ ਹਾਊਸ ਨੂੰ ਭੇਜਿਆ ਗਿਆ ਹੈ, ਜਿਥੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖਤ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਇਸ ਬਿੱਲ ਹੇਠ ‘ਯੂ ਐਸ ਏਜੰਸੀ ਫ਼ਾਰ ਇੰਟਰਨੈਸ਼ਨਲ ਡਿਵੈਲਪਮੈਂਟ’ ਪਾਕਿਸਤਾਨੀ ਔਰਤਾਂ ਨੂੰ 2020 ਤੋਂ 2022 ਤੱਕ ਪਾਕਿਸਤਾਨ ਸਬੰਧੀ ਉਚ ਸਿੱਖਿਆ ਵਜ਼ੀਫ਼ਾ ਪ੍ਰੋਗਰਾਮ ਤਹਿਤ ਘੱਟੋ-ਘੱਟ 50 ਫ਼ੀਸਦੀ ਵਜ਼ੀਫ਼ੇ ਦੇਵੇਗੀ। ਬਿੱਲ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਏ ਆਈ ਡੀ ਪਾਕਿਸਤਾਨ ਵਿੱਚ ਸਿੱਖਿਆ ਪ੍ਰੋਗਰਾਮ ਦੀ ਪਹੁੰਚ ਵਧਾਉਣ ਅਤੇ ਇਨ੍ਹਾਂ ਦੇ ਸੁਧਾਰ ਲਈ ਅਮਰੀਕਾ ਵਿੱਚ ਪਾਕਿਸਤਾਨੀ ਭਾਈਚਾਰੇ ਤੇ ਪਾਕਿਸਤਾਨੀ ਨਿੱਜੀ ਖੇਤਰ 'ਤੇ ਵਿਚਾਰ ਵਟਾਂਦਰਾ ਕਰੇਗਾ ਅਤੇ ਉਨ੍ਹਾਂ ਤੋਂ ਨਿਵੇਸ਼ ਪ੍ਰਾਪਤ ਕਰੇਗਾ। ਇਸ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਏ ਆਈ ਡੀ ਪਾਰਲੀਮੈਂਟ ਨੂੰ ਸਾਲਾਨਾ ਆਧਾਰ 'ਤੇ ਜਾਣਕਾਰੀ ਦੇਵੇਗਾ ਕਿ ਪ੍ਰੋਗਰਾਮ ਤਹਿਤ ਕਿੰਨੇ ਵਜ਼ੀਫ਼ੇ ਵੰਡੇ ਗਏ।

ਮਲਾਲਾ ਨੂੰ ਭਾਰਤੀ ਬਾਲ ਅਧਿਕਾਰ ਕਾਰਕੁੰਨ ਕੈਲਾਸ਼ ਸਤਿਆਰਥੀ ਦੇ ਨਾਲ 10 ਅਕਤੂਬਰ, 2014 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ।

# 10 ਚੀਨੀ ਜਾਸੂਸਾਂ ਨੂੰ ਅਫਗਾਨ ਸਰਕਾਰ ਨੇ ਚੋਰੀ-ਚੋਰੀ ਮੁਆਫ਼ ਕੀਤਾ



ਕਾਬਲ, 7 ਜਨਵਰੀ (ਪੋਸਟ ਬਿਊਰੋ)- ਜਿਸ ਕਾਰਨ ਪੂਰੀ ਦੁਨੀਆ ਵਿੱਚ ਚੀਨ ਦੀ ਜਗ-ਹੱਸਾਈ ਹੋਣ ਵਾਲੀ ਸੀ, ਉਸ ਵਿੱਚ ਡ੍ਰੈਗਨ ਨੂੰ ਵੱਡੀ ਰਾਹਤ ਮਿਲ ਗਈ ਹੈ। ਅਫਗਾਨ ਸਰਕਾਰ ਨੇ ਜਾਸੂਸੀ ਤੇ ਅੱਤਵਾਦੀ ਨੈਟਵਰਕ ਚਲਾਉਣ ਦੇ ਦੋਸ਼ ਵਿੱਚ ਫੜੇ ਗਏ 10 ਚੀਨੀ ਨਾਗਰਿਕਾਂ ਨੂੰ ਚੋਰੀ-ਚੋਰੀ ਮੁਆਫ਼ੀ ਦੇ ਦਿੱਤੀ ਹੈ। ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਕਿਹਾ ਕਿ ਅਫਗਾਨਿਸਤਾਨ ਨੇ 10 ਦਸੰਬਰ ਨੂੰ ਕਾਬਲ ਵਿੱਚ ਇੱਕ ਅੱਤਵਾਦੀ ਮਾਡਯੂਲ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ 10 ਚੀਨੀ ਨਾਗਰਿਕਾਂ ਨੂੰ ਰਿਹਾਅ ਕਰ ਦਿੱਤਾ ਅਤੇ ਉਨ੍ਹਾਂ ਨੂੰ ਦੇਸ਼ ਛੱਡਣ ਦੀ ਮਨਜ਼ੂਰੀ ਦੇ ਦਿੱਤੀ ਹੈ। ਜਾਸੂਸੀ ਮਾਡਯੂਲ ਦੇ ਇਹ 10 ਮੈਂਬਰ ਚੀਨੀ ਸਰਕਾਰ ਦੀ ਅਰੇਂਜ ਕੀਤੀ ਚਾਰਟਰਡ ਫਲਾਈਟ ਰਾਹੀਂ ਆਪਣੇ ਦੇਸ਼ ਚਲੇ ਗਏ। ਇਨ੍ਹਾਂ 10 ਚੀਨੀ ਜਾਸੂਸਾਂ ਨੂੰ ਕਿਸ ਆਧਾਰ 'ਤੇ ਰਿਹਾਅ ਕੀਤਾ ਗਿਆ ਹੈ, ਇਸ ਦਾ ਪਤਾ ਨਹੀਂ ਲੱਗਾ। ਕਾਬਲ ਵਿੱਚ ਰਾਜਨੀਤਕਾਂ ਅਤੇ ਸੁਰੱਖਿਆ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਰਾਸ਼ਟਰਪਤੀ ਅਸ਼ਰਫ ਗਨੀ ਤੋਂ ਇਜਾਜ਼ਤ ਮਿਲਣ ਪਿੱਛੋਂ ਸਾਰੇ ਚੀਨੀ ਜਾਸੂਸ ਚਾਰਟਰਡ ਪਲੇਨ 'ਤੇ ਸਵਾਰ ਹੋ ਕੇ ਦੇਸ਼ ਛੱਡ ਕੇ ਚਲੇ ਗਏ।

# ਟਰੰਪ ਨੇ ਫਿਰ ਕਿਹਾ; ਰਾਸ਼ਟਰਪਤੀ ਅਹੁਦੇ ਲਈ ਜੰਗ ਜਾਰੀ ਰੱਖਾਂਗਾ

ਡਾਲਟਨ, 7 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਰਾਸ਼ਟਰਪਤੀ ਅਹੁਦੇ 'ਤੇ ਬਣੇ ਰਹਿਣ ਲਈ ‘ਜੀਅ-ਜਾਨ ਨਾਲ ਲੜਾਈ’ ਲੜਨਗੇ। ਉਨ੍ਹਾਂ ਨੇ ਰਿਪਬਲਿਕਨ ਸੰਸਦ ਮੈਂਬਰਾਂ ਨੂੰ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਜਿੱਤ ਨੂੰ ਪਲਟਣ ਲਈ ਕੋਸ਼ਿਸ਼ ਕਰਨ ਨੂੰ ਕਿਹਾ ਹੈ।



ਇਸ ਹਫ਼ਤੇ ਪਾਰਲੀਮੈਂਟ ਦੀ ਮੀਟਿੰਗ ਵਿੱਚ ਇਲੈਕਟ੍ਰੋਲ ਕਾਲਜ ਵੋਟ ਦੇ ਨਤੀਜਿਆਂ ਦੀ ਪੁਸ਼ਟੀ ਕੀਤੀ ਜਾਵੇਗੀ। ਟਰੰਪਸਮੱਰਥਕਾਂ ਨੇ ਕੱਲ੍ਹ ਜਾਰਜੀਆ ਵਿੱਚ ਰੈਲੀ ਕੱਢੀ ਅਤੇ ਟਰੰਪ ਨੇ ਸਮਰਥਕਾਂ ਦਾ ਉਤਸ਼ਾਹ ਵਧਾਉਂਦੇ ਹੋਏ ਕਿਹਾ, ‘‘ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਈਡੇਨ ਵ੍ਹਾਈਟ ਹਾਊਸ ਨਹੀਂ ਪਹੁੰਚਣ ਵਾਲੇ।''ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਸਫਰ ਦਾ ਮਕਸਦ ਪਾਰਲੀਮੈਂਟ ਦੀ ਮੀਟਿੰਗ ਤੋਂ ਪਹਿਲਾਂ ਰਿਪਬਲਿਕਨ ਮੈਂਬਰਾਂ ਦਾ ਉਤਸ਼ਾਹ ਵਧਾਉਣਾ ਹੈ ਪਰ ਆਪਣੇ ਸੰਬੋਧਨ ਵਿੱਚ ਜ਼ਿਆਦਾਤਰ ਸਮਾਂ ਉਨ੍ਹਾਂ ਨੇ ਚੋਣਾਂ ’ਤੇ ਹੀ ਚਰਚਾ ਕੀਤੀ ਤੇ ਕਿਹਾ ਕਿ ‘ਜਿੱਤ ਸਾਡੀ ਹੋਈ ਹੈ।’

ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਜੋਅ ਬਾਈਡੇਨ ਨੇ ਪਿਛਲੇ ਸਾਲ ਤਿੰਨ ਨਵੰਬਰ ਨੂੰ ਹੋਈਆਂ ਚੋਣਾਂ ਦੇ ਨਤੀਜੇ ਬਦਲਣ ਦੀ ਕੋਸ਼ਿਸ਼ ਕਰ ਰਹੇ ਡੋਨਾਲਡ ਟਰੰਪ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਮੌਜੂਦਾ ਰਾਸ਼ਟਰਪਤੀ ਆਪਣਾ ‘ਕੰਮ’ ਕਰਨ ਦੀ ਥਾਂ ਬਹੁਤਾ ਸਮਾਂ ਸ਼ਿਕਾਇਤਾਂ ਕਰਨ ਵਿੱਚ ਲਾ ਰਹੇ ਹਨ। ਟਰੰਪ ਨੇ ਅਜੇ ਤੱਕ ਰਾਸ਼ਟਰਪਤੀ ਚੋਣਾਂ ਵਿੱਚ ਹਾਰ ਸਵੀਕਾਰ ਨਹੀਂ ਕੀਤੀ ਅਤੇ ਉਨ੍ਹਾਂ ਨੇ ਚੋਣਾਂ ਦੇ ਨਤੀਜਿਆਂ ਵਿਰੁੱਧ ਕਈ ਫੈਡਰਲ ਮੁਕੱਦਮੇਕੀਤੇ ਹਨ। ਟਰੰਪ ਦਾ ਇਹ ਦਾਅਵਾ ਹੈ ਕਿ ਚੋਣ ਵਿੱਚ ਵੱਡੇ ਪੱਧਰ 'ਤੇ ਧੋਖਾਦੇਹੀ ਹੋਈ ਹੈ। ਚੋਣ ਅਧਿਕਾਰੀ ਤੇ ਮੀਡੀਆ ਉਨ੍ਹਾਂ ਦੇ ਦਾਅਵਿਆਂ ਨੂੰ ਰੱਦ ਕਰ ਰਹੇ ਹਨ। ਟਰੰਪ ਕਈ ਮੁਕੱਦਮੇ ਹਾਰ ਵੀ ਚੁੱਕੇ ਹਨ।

# ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਮੈਂਬਰ ਸੈਨੇਟ ਚੋਣਾਂ ਬਾਰੇ ਵੰਡੇ ਗਏ

ਲਾਹੌਰ, 7 ਜਨਵਰੀ (ਪੋਸਟ ਬਿਊਰੋ)- ਅਗਲੀਆਂ ਸੈਨੇਟ ਚੋਣਾਂ ਵਿੱਚ ਭਾਗ ਲੈਣ ਬਾਰੇ ਵਿਰੋਧੀ ਧਿਰ ਵਿਚਲੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ- ਐਨ) ਦੇ ਮੈਂਬਰ ਵੰਡੇ ਗਏ ਹਨ।ਜਿੱਥੇ ਇੱਕ ਧੜਾ ਪਾਕਿਸਤਾਨ ਪੀਪਲਸ ਪਾਰਟੀ (ਪੀ ਪੀ ਪੀ) ਦੇ ਹਾਕਮ ਪਾਰਟੀ ਲਈ ਮੈਦਾਨ ਸਾਫ਼ ਨਾ ਛੱਡਣ ਦੇ ਰੁਖ ’ਤੇ ਕਾਇਮ ਹੈ, ਉਥੇ ਹੀ ਦੂਜਾ ਧੜਾ ਪਾਰਟੀ ਦੇ ਲਈ ਛੋਟੇ ਲਾਭ ਨੂੰ ਦੇਖਦੇ ਹੋਏ ਮੁਕਾ-ਬਲੇ ਦਾ ਬਾਇਕਾਟ ਕਰਨ ਦੀ ਪੈਰਵੀ ਕਰ ਰਿਹਾ ਹੈ।



ਅਖਬਾਰ ‘ਡਾਨ’ ਦੇ ਅਨੁਸਾਰ ਪੀ ਐਮ ਐਲ-ਐਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਸਰਕਾਰ ’ਤੇ ਦਬਾਅ ਪਾਉਣ ਦੇ ਲਈ ਅਜੇ ਤੱਕ ਚੁਣੀਆਂ ਸੰਸਥਾਵਾਂ ਤੋਂ ਅਸਤੀਫੇ ਦੇਣ ਅਤੇ ਕਿਸੇ ਵੀ ਚੋਣ ਵਿੱਚ ਭਾਗ ਨਾ ਲੈਣ ਦੀ ਪੈਰਵੀ ਕਰਦੀ ਰਹੀ ਹੈ, ਪਰ ਇਸ ਦੇ ਸੀਨੀਅਰ ਨੇਤਾਵਾਂ ਦੇ ਨਾਲ ਬੈਕਗ੍ਰਾਊਂਡ ਇੰਟਰਵਿਊ ਵਿੱਚ ਖੁਲਾਸਾ ਹੋਇਆ ਹੈ ਕਿ ਪਾਰਟੀ ਪ੍ਰਧਾਨ ਮਰੀਅਮ ਨਵਾਜ਼ ਦੇ ਨਜ਼ਦੀਕੀ ਕੁਝ ਲੋਕ ਉਪਰਲੇ ਸਦਨ ਦੀਆਂ ਚੋਣਾਂ ਵਿੱਚ ਉਤਰਨ ਦੀ ਪੈਰਵੀ ਕਰ ਰਹੇ ਹਨ, ਜੋ ਮਾਰਚ ਵਿੱਚ ਹੋ ਸਕਦੀਆਂ ਹਨ ਜਦੋਂ 104 ਸੈਨੇਟਰਾਂ ਵਿੱਚੋਂ 52 ਦਾ ਕਾਰ-ਜਕਾਲ ਖ਼ਤਮ ਹੋ ਜਾਵੇਗਾ।

ਕਤਲੇਆਮ ਨਾਲ ਬਲੋਚਿਸਤਾਨ ਕੰਬਿਆ

# ਖਾਨ ਮਜ਼ਦੂਰਾਂ ਦੇ ਪਰਵਾਰਕ ਮੈਂਬਰਾਂ ਨੇ ਲਾਸ਼ਾਂ ਨੂੰ ਦਫਨਾਉਣ ਤੋਂ ਨਾਂਹ ਕੀਤੀ

ਕਵੇਟਾ, 7 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ 'ਚ ਘੱਟ ਗਿਣਤੀ ਸ਼ੀਆ ਹਜ਼ਾਰਾ ਭਾਈਚਾਰੇ ਦੇ 11 ਲੋਕਾਂ ਦੇ ਕਤਲਾਂ ਦੀ ਘਟਨਾ ਨਾਲ ਬਲੋਚਿਸਤਾਨ ਕੰਬ ਰਿਹਾ ਹੈ। ਇੱਥੇ ਲਗਾਤਾਰ ਤਿੰਨ ਦਿਨਾਂ ਤੋਂ ਹੋ ਰਹੇ ਜਬਰਦਸਤ ਪ੍ਰਦਰਸ਼ਨ ਦੌਰਾਨ ਪੀੜਤਾਂ ਦੇ ਪਰਵਾਰਾਂ ਨੇ ਮਾਰੇ ਗਏ ਮਜ਼ਦੂਰਾਂ ਦੀਆਂ ਲਾਸ਼ਾਂ ਨੂੰ ਦਫਨਾਉਣ ਤੋਂ ਇਨਕਾਰ ਕਰ ਦਿੱਤਾਅਤੇ ਲਾਸ਼ਾਂ ਨੂੰ ਸੜਕ 'ਤੇ ਰੱਖ ਕੇ ਮੰਗ ਕੀਤੀ ਜਾ ਰਹੀ ਹੈ ਕਿ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰੋ ਜਾਂ ਸਰਕਾਰ ਅਸਤੀਫਾ ਦੇਵੇ। ਸੈਂਕੜਿਆਂ ਦੀ ਗਿਣਤੀ 'ਚ ਘੱਟ ਗਿਣਤੀ ਭਾਈਚਾਰੇ ਦੇ ਲੋਕ ਧਰਨੇ 'ਤੇ ਬੈਠ ਗਏ ਹਨ ਅਤੇ ਪਾਕਿਸਤਾਨ ਦੇ ਕੇਂਦਰੀ ਗ੍ਰਹਿ ਮੰਤਰੀ ਸ਼ੇਖ ਰਾਸ਼ਿਦ ਵੀ ਲੋਕਾਂ ਦਾ ਇਹ ਧਰਨਾ ਖ਼ਤਮ ਨਹੀਂ ਕਰਵਾ ਸਕੇ।



ਸ਼ੀਆ ਭਾਈਚਾਰੇ ਦੇ 11 ਮਜ਼ਦੂਰਾਂ ਦੀ ਹੱਤਿਆ ਦੀ ਜ਼ਿੰਮੇਵਾਰੀ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ ਐਸ) ਨੇ ਲਈ ਹੈ। ਕਵੇਟਾ ਦੇ ਮੱਛ ਖੇਤਰ ਦੀਆਂ ਪਹਾੜੀਆਂ ਵਿੱਚ ਅੱਤਵਾਦੀਆਂ ਨੇ ਇਹ ਵਾਰਦਾਤ ਕੀਤੀ ਸੀ। ਇਸ ਘਟਨਾ ’ਚ ਮਾਰੇ ਗਏ ਮਜ਼ਦੂਰਾਂ ਦੇ ਪਰਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਕੁਝ ਮਜ਼ਦੂਰਾਂ ਦੇ ਪਰਵਾਰ ’ਚ ਕੋਈ ਮਰਦ ਹੀ ਨਹੀਂ ਬਚਿਆ ਤਾਂ ਕੌਣ ਦਫਨਾਏਗਾ।ਘਟਨਾ ਵਾਲੀ ਥਾਂ ਦੇ ਕੋਲ ਬਾਈਪਾਸ ਰਸਤੇ ’ਤੇ ਸ਼ੀਆ ਹਜ਼ਾਰਾ ਭਾਈਚਾਰੇ ਦੇ ਸੈਂਕੜੇ ਲੋਕ ਧਰਨੇ ’ਤੇ ਬੈਠ ਗਏ ਹਨ। ਇੱਥੇ ਬਲੋਚਿਸਤਾਨ ਮਜਲਿਸ ਵਹਾਦਾਤ-ਏ-ਮੁਸਲਮੀਨ ਦੇ ਪ੍ਰਧਾਨ ਆਗਾ ਰਜ਼ਾ ਨੇ ਕਿਹਾ ਹੈ ਸੂਬਾ ਸਰਕਾਰ ਦੇ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਹੀ ਅਸੀਂ ਧਰਨਾ ਖ਼ਤਮ ਕਰਾਂਗੇ। ਇਸ ਮਾਮਲੇ 'ਚ ਉਨ੍ਹਾਂ ਨੇ ਚੋਟੀ ਦੀ ਅਦਾਲਤ ਤੋਂ ਕਾਨੂੰਨੀ ਜਾਂਚ ਦੀ ਮੰਗ ਕੀਤੀ ਹੈ।

# ਪਾਕਿਸਤਾਨ ਵਿੱਚ ਆਨੰਦ ਮੈਰਿਜ ਐਕਟ ਫਰਵਰੀ ਤੋਂ ਲਾਗੂ ਹੋ ਸਕਦੈ

ਅੰਮ੍ਰਿਤਸਰ, 7 ਜਨਵਰੀ (ਪੋਸਟ ਬਿਊਰੋ)- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਾਕਿ-ਸਤਾਨ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਣ ਵੇਲੇ ਮੁੱਖ ਮਹਿਮਾਨ ਵਜੋਂ ਓਥੋਂ ਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਸ਼ਮੂਲੀਅਤ ਕੀਤੀ।



ਇਸ ਮੌਕੇ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਕਿਹਾ ਕਿ ਫਰਵਰੀ ਮਹੀਨੇ ਤੋਂ ਪਾਕਿਸਤਾਨ ਵਿੱ-ਚਆਨੰਦ ਮੈਰਿਜ ਐਕਟ ਲਾਗੂ ਹੋ ਜਾਵੇਗਾ। ਉਨ੍ਹਾਂ ਕਿਹਾ, ‘‘ਇਸ ਐਕਟ ਨੂੰ ਪੰਜਾਬ ਅਸੈਂਬਲੀ ਵਿੱਚ ਫਰਵਰੀ ਮਹੀਨੇ ਦੌਰਾਨ ਹੋਣ ਵਾਲੇ ਸੈਸ਼ਨ ਵਿੱਚ ਪਾਸ ਕਰ ਦਿੱਤਾ ਜਾਵੇਗਾ ਅਤੇ ਇਸ ਦੇ ਪਾਸ ਹੋਣ ਨਾਲ ਉਸੇ ਦਿਨ ਤੋਂ ਨਵੇਂ ਜੋੜਿਆਂ ਦਾ ਆਨੰਦ ਕਾਰਜ ਰਜਿਸਟਰ ਹੋਣਾ ਸ਼ੁਰੂ ਹੋਵੇਗਾ, ਨਵੇਂ ਜੋੜਿਆਂ ਨੂੰ ਘਰ ਦਾ ਜ਼ਰੂਰੀ ਸਾਮਾਨ ਗਵਰਨਰ ਪੰਜਾਬ ਵੱਲੋਂ ਦਿੱਤਾ ਜਾਵੇਗਾ। ਇਸ ਮੌਕੇ ਚੌਧਰੀ ਸਰਵਰ ਨੇ ਸ੍ਰੀ ਨਨਕਾਣਾ ਸਾਹਿਬ ਵਿੱਚ ਖੇਡ ਮੈਦਾਨ ਦੇਣ ਦਾ ਐਲਾਨ ਕੀਤਾ।

ਚੌਧਰੀ ਸਰਵਰ ਨੇ ਅੱਗੇ ਇੱਕ ਹੋਰ ਐਲਾਨ ਕੀਤਾ ਕਿ ਸਿੱਖ ਵਿਦਿਆਰਥੀਆਂ ਨੂੰ ਲਹਿੰਦੇ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖਲੇ ’ਚ ਖਾਸ ਛੋਟ ਦਿੱਤੀ ਜਾਵੇਗੀ।

# ਨਵੇਂ ਸਾਲ ਦੇ ਪਹਿਲੇ ਦਿਨ ਜ਼ਿਆਦਾ ਬੱਚੇ ਭਾਰਤ ’ਚ ਪੈਦਾ ਹੋਏ

ਯੂ ਐੱਨ ਓ, 7 ਜਨਵਰੀ (ਪੋਸਟ ਬਿਊਰੋ)- ਯੂ ਐੱਨ ਦੀ ਬਾਲ ਸੰਸਥਾ ਯੂਨੀਸੈਫ ਅਨੁਸਾਰ ਨਵੇਂ ਸਾਲ ਦੇ ਪਹਿਲੇ ਦਿਨ ਦੁਨੀਆ ਭਰ ਵਿੱਚ 3,71,500 ਤੋਂ ਵੱਧ ਬੱਚਿਆਂ ਦਾ ਜਨਮ ਹੋਇਆ। ਸਭ ਤੋਂ ਵੱਧ ਲਗਭਗ 60,000 ਬੱਚਿਆਂ ਦਾ ਜਨਮ ਭਾਰਤ ਵਿੱਚ ਹੋਇਆ ਹੈ। ਸਾਲ 2021 ਦੇ ਪਹਿਲੇ ਬੱਚੇ ਦਾ ਜਨਮ ਜਿੱਥੇ ਫਿਜੀ ਵਿੱਚ ਹੋਇਆ ਉਥੇ ਆਖਰੀ ਬੱਚੇ ਦਾ ਜਨਮ ਅਮਰੀਕਾ ਵਿੱਚ ਹੋਇਆ ਦੱਸਿਆ ਗਿਆ ਹੈ।



ਯੂਨੀਸੈਫ ਨੇ ਕਿਹਾ ਕਿ ਦੁਨੀਆ ਭਰ ਵਿੱਚ ਨਵੇਂ ਸਾਲ ਦੇ ਪਹਿਲੇ ਦਿਨ 3,71,504 ਬੱਚਿਆਂ ਦਾ ਜਨਮ ਹੋਇਆ। ਸੰਸਥਾ ਮੁਤਾਬਕ ਵਿਸ਼ਵ ਭਰ ਵਿੱਚ ਪੈਦਾ ਹੋਏ ਬੱਚਿਆਂ ਵਿੱਚੋਂ ਅੱਧੇ 10 ਦੇਸ਼ਾਂ ਭਾਰਤ (59,995), ਚੀਨ (35,615), ਨਾਈਜੀਰੀਆ(21,439), ਪਾਕਿ-ਸਤਾਨ (14,161), ਇੰਡੋਨੇਸ਼ੀਆ (12,336), ਇਥੋਪੀਆ (12,006), ਅਮਰੀਕਾ (10,312), ਮਿਸਰ (9,455), ਬੰਗਲਾ ਦੇਸ਼ (9,236) ਤੇ ਕਾਂਗੋ ਗਣਰਾਜ (8,640) ਹੈ। ਯੂ ਐੱਨ ਓ ਏਜੰਸੀ ਨੇ ਕਿਹਾ ਕਿ 2021 ਵਿੱਚ 1.40 ਕਰੋੜ ਬੱਚਿਆਂ ਦੇ ਜਨਮ ਦਾ ਅਨੁਮਾਨ ਹੈ ਅਤੇ ਉਨ੍ਹਾਂ ਦੀ ਔਸਤ ਉਮਰ 84 ਸਾਲ ਹੋਣ ਦੀ ਸੰਭਾਵਨਾ ਹੈ।ਯੂਨੀਸੈਫ ਦੀ ਕਾਰਜਕਾਰੀ ਨਿਰਦੇਸ਼ਕ ਹੇਨਰੀਟਾ ਫੋਰ ਨੇ ਸਾਰੇ ਦੇਸ਼ਾਂ ਤੋਂ 2021 ਨੂੰ ਬੱਚਿਆਂ ਦੇ ਨਾਲ ਭੇਦਭਾਵ ਰਹਿਤ, ਸੁਰੱਖਿਅਤ ਤੇ ਸਿਹਤਮੰਦ ਸਾਲ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਪੈਦਾ ਹੋਏ ਬੱਚੇ ਇੱਥੋਂ ਤੱਕ ਕਿ ਇੱਕ ਸਾਲ ਪਹਿਲਾਂ ਪੈਦਾ ਹੋਏ ਬੱਚਿਆਂ ਤੋਂ ਵੀ ਅਲੱਗ ਦੁਨੀਆ ਵਿੱਚ ਆਏ ਹਨ। ਨਵਾਂ ਸਾਲ ਉਨ੍ਹਾਂ ਦੇ ਲਈ ਨਵੇਂ ਮੌਕੇ ਲੈ ਕੇ ਆਏ। ਸਾਲ 2021 ਵਿੱਚ ਯੂਨੀਸੈਫ ਦੀ ਸਥਾਪਨਾ ਦੇ 75 ਸਾਲ ਪੂਰੇ ਹੋ ਰਹੇ ਹਨ।

# ਹਾਈਕੋਰਟ ਵੱਲੋਂ ਖੱਟੜਾ ਨੂੰ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਤੋਂ ਹਟਾਉਣ ਦੇ ਹੁਕਮ




ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈਕੋਰਟ ਨੇ ਬੇਅਦਬੀ ਕੇਸਾਂ ਦੀ ਜਾਂਚ ਦਾ ਕੰਮ ਪੰਜਾਬ ਪੁਲਸ ਦੇ ਹਵਾਲੇ ਕਰਨ ਦੇ ਆਦੇਸ਼ ਦੇਣ ਦੇ ਨਾਲ ਨਾਮਜ਼ਦ ਦੋਸ਼ੀਆਂ ਦੀ ਪਟੀਸ਼ਨ ਦਾ ਫ਼ੈਸਲਾ ਦੇਣ ਸਮੇਂ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਨੂੰ ਵਿਸ਼ੇਸ਼ ਪੁਲਸ ਜਾਂਚ ਟੀਮ (ਐੱਸ ਆਈ ਟੀ) ਦੇ ਮੁਖੀ ਦੇ ਅਹੁਦੇ ਤੋਂ ਹਟਾਉਣ ਲਈ ਕਿਹਾ ਹੈ। ਕੋਰਟ ਦੇ ਜੱਜ ਨੇ 46 ਸਫ਼ਿਆਂ ਦੇ ਫ਼ੈਸਲੇ ਵਿੱਚ ਕਿਸੇ ਹੋਰ ਅਧਿਕਾਰੀ ਨੂੰ ਮੁਖੀ ਲਾਉਣ ਨੂੰ ਕਿਹਾ ਹੈ।

ਐੱਸ ਆਈ ਟੀ ਵੱਲੋਂ ਦੋਸ਼ੀ ਨਾਮਜ਼ਦ ਕੀਤੇ ਵਿਅਕਤੀਆਂ ਨੇ ਜਾਂਚ ਟੀਮ ਦੇ ਮੁਖੀ ਉਪਰ ਕਈ ਤਰ੍ਹਾਂ ਦੋਸ਼ ਲਾ ਕੇ ਅਦਾਲਤ ਤੋਂ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਜਾਂਚ ਦੇ ਕੰਮ ਤੋਂ ਵੱਖ ਕੀਤਾ ਜਾਵੇ। ਅਦਾਲਤ ਨੇ ਫ਼ੈਸਲੇ ਵਿੱਚ ਲਿਖਿਆ ਹੈ ਕਿ ਸਬੰਧਤ ਅਧਿਕਾਰੀ ਨੂੰ ਪੱਖ ਪੇਸ਼ ਕਰਨ ਲਈ ਨਾ ਬੁਲਾਇਆ ਸੀ ਤੇ ਨਾ ਉਨ੍ਹਾਂ ਵੱਲੋਂ ਕੀਤੀ ਜਾਂਚ ਬਾਰੇ ਕੋਈ ਇਤਰਾਜ਼ ਹੈ, ਫਿਰ ਵੀ ਪਟੀਸ਼ਨਕਰਤਾ ਨੂੰ ਕਿਸੇ ਕਿਸਮ ਦੇ ਭਿੰਨ-ਭੇਦ ਦੀ ਗੁੰਜ਼ਾਇਸ਼ ਨਾ ਰਹੇ, ਇਸ ਕਰਕੇ ਐੱਸ ਆਈ ਟੀ ਦੇ ਮੁਖੀ ਨੂੰ ਬਦਲਣ ਦੇ ਆਦੇਸ਼ ਦਿੱਤੇ ਗਏ ਹਨ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਪਟੀਸ਼ਨਕਰਤਾ ਨੂੰ ਇਹ ਅਧਿਕਾਰ ਬਿਲਕੁਲ ਵੀ ਨਹੀਂ ਦਿੱਤਾ ਜਾ ਸਕਦਾ ਕਿ ਜਾਂਚ ਅਧਿਕਾਰੀ ਉਸ ਦੀ ਪਸੰਦ ਦਾ ਲਾਇਆ ਜਾਵੇ।

# ਪੰਜਾਬ ਸਰਕਾਰ ਵੱਲੋਂ ਕੈਲੰਡਰ ਉਤੇ ਲਾਈ ਗੁਰੂ ਸਾਹਿਬ ਦੀ ਤਸਵੀਰ ਨਾਲ ਕਾਪੀਰਾਈਟ ਦਾ ਮੁੱਦਾ ਉੱਠਿਆ

ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਨਵੇਂ ਸਾਲ ਮੌਕੇ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਕੈਲੰਡਰ ਵਿਵਾਦਾਂ ਵਿੱਚ ਆ ਗਿਆ ਹੈ। ਸਰਕਾਰ ਨੇ ਕੈਲੰਡਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਫੋਟੋ ਛਾਪੀ ਹੈ। ਮਹਾਨ ਕਲਾਕਾਰ ਸਵਰਗੀ ਸੋਭਾ ਸਿੰਘ ਦੀ ਧੀ ਗੁਰਚਰਨ ਕੌਰ ਦਾ ਕਹਿਣਾ ਹੈ ਕਿ ਇਸ ਫੋਟੋ ਦੇ ਕਾਪੀਰਾਈਟ ਉਨ੍ਹਾਂ ਕੋਲ ਹਨ ਤੇ ਪੰਜਾਬ ਸਰਕਾਰ ਵੱਲੋਂ ਫੋਟੋ ਛਾਪਣਾ ਕਾਪੀਰਾਈਟ ਦੀ ਉਲੰਘਣਾ ਹੈ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੇ ਗੁਰਚਰਨ ਕੌਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੋਭਾ ਸਿੰਘ ਜਿਹੇ ਮਹਾਨ ਕਲਾਕਾਰ ਦੀ ਪੇਂਟਿੰਗ ਪੂਰੇ ਮਨੁੱਖੀ ਸਮਾਜ ਲਈ ਹੈ, ਇਸ ਨਾਲ ਕਾਪੀਰਾਈਟ ਦੀ ਉਲੰਘਣਾ ਨਹੀਂ ਹੁੰਦੀ।

ਅਸਲ ਵਿੱਚ ਪੰਜਾਬ ਸਰਕਾਰ ਇਸ ਵਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਹੀ ਹੈ। ਇਸ ਕਾਰਨ ਪੰਜਾਬ ਸਰਕਾਰ ਨੇ ਨਵੇਂ ਸਾਲ 'ਤੇ ਛਪਵਾਏ ਆਪਣੇ ਕੈਲੰਡਰ ਉਤੇ ਗੁਰੂ ਤੇਗ ਬਹਾਦਰ ਜੀ ਦੀ ਫੋਟੋ ਛਾਪੀ ਹੈ। ਇਸ ਫੋਟੋ ਦਾ ਕਿਸੇ ਨੂੰ ਕ੍ਰੈਡਿਟ ਨਹੀਂ ਦਿੱਤਾ ਗਿਆ ਹੈ। ਗੁਰਚਰਨ ਕੌਰ ਦਾ ਕਹਿਣਾ ਹੈ ਕਿ ਰਜਿਸਟਰੇਸ਼ਨ ਨੰਬਰ ਏ 43872/84 ਹੇਠ ਇਸ ਫੋਟੋ ਨੂੰ ਛਪਣ ਦੇ ਸਾਰੇ ਅਧਿਕਾਰ ਉਨ੍ਹਾਂ ਦੇ ਪਰਵਾਰ ਕੋਲ ਹਨ।ਅਜਿਹੇ ਵਿੱਚ ਪੰਜਾਬ ਸਰਕਾਰ ਨੇ ਸਿੱਧਾ-ਸਿੱਧਾ ਕਾਪੀਰਾਈਟ ਦੀ ਉਲੰਘਣਾ ਕੀਤੀ ਹੈ। ਕੈਲੰਡਰ ਵਿੱਚ ਉਨ੍ਹਾਂ ਦੇ ਪਿਤਾ ਦਾ ਨਾਂਅ ਵੀ ਹਟਾ ਦਿੱਤਾ ਗਿਆ ਹੈ। ਇਸ ਵਿਵਾਦ ਦੇ ਉਠਣ ਤੋਂ ਬਾਅਦ ਪੰਜਾਬ ਸਰਕਾਰ ਸਮਝੌਤਾ ਕਰਨ ਰੁੱਝ ਗਈ ਹੈ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸੈਕਟਰੀ ਗੁਰਕੀਰਤ ਕ੍ਰਿਪਾਲ ਸਿੰਘ ਨੇ ਗੁਰਚਰਨ ਕੌਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਇੰਟਰਨੈਟ 'ਤੇ ਹੈ। ਉਥੋਂ ਸਾਰੇ ਲੋਕ ਇਸ ਨੂੰ ਡਾਊਨਲੋਡ ਕਰਦੇ ਹਨ। ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਵੀ ਉਥੋਂ ਫੋਟੋ ਡਾਊਨਲੋਡ ਕੀਤੀ ਹੈ। ਸੈਕਟਰੀ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਗੁਰੂ ਸਾਹਿਬ ਅਤੇ ਗੁਰੂ ਪੁਰਬ ਕਿਸੇ ਕਾਪੀਰਾਈਟ ਤਹਿਤ ਬੱਝੇ ਨਹੀਂ ਹਨ।

# ਭਾਰਤ ਵਿੱਚ ਚਾਰ ਵਿੱਚੋਂ ਤਿੰਨ ਬਜ਼ੁਰਗ ਗੰਭੀਰ ਬਿਮਾਰੀਆਂ ਦੇ ਸ਼ਿਕਾਰ

ਨਵੀਂ ਦਿੱਲੀ, 7 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ 60 ਸਾਲ ਤੋਂ ਵੱਧ ਉਮਰ ਦੇ ਹਰ ਚਾਰ ਵਿੱਚੋਂ ਤਿੰਨ ਬਜ਼ੁਰਗ ਕਿਸੇ ਨਾ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ। ਇਹ ਤੱਥ ਬਜ਼ੁਰਗਾਂ ਦੇ ਸਮਾਜਕ, ਆਰਥਿਕ ਅਤੇ ਸਿਹਤ ਦੇ ਹਾਲਾਤ ਜਾਨਣ ਲਈ ਪਹਿਲੀ ਵਾਰ ਕੀਤੇ ਗਏ ਸਰਵੇਖਣ ਵਿੱਚ ਸਾਹਮਣੇ ਆਇਆ ਹੈ।

ਇਸ ਸਰਵੇਖਣ ਦਾ ਮਹੱਤਵ ਦੱਸਦੇ ਹੋਏ ਸਿਹਤ ਮੰਤਰੀ ਹਰਸ਼ਵਰਧਨ ਨੇ ਕਿਹਾ ਕਿ ਇਸ ਨਾਲ ਬਜ਼ੁਰਗਾਂ ਦੀਆਂ ਸਿਹਤ ਸੇਵਾਵਾਂ ਲਈ ਰਾਸ਼ਟਰੀ ਪ੍ਰੋਗਰਾਮ ਬਣਾਉਣ ਵਿੱਚ ਮਦਦ ਮਿਲੇਗੀ। ਇਸ ਸਰਵੇਖਣ ਨੂੰ ਭਾਰਤ ਲਾਂਗਿਟਯੂਡੀਨਲ ਏਜਿੰਗ ਸਟੱਡੀ-ਐਲ ਏ ਐਸ ਆਈ ਵੇਵ-1 (ਲਾਸੀ-ਵੇਵੇ-1) ਨਾਂਅ ਦਿੱਤਾ ਗਿਆ ਹੈ। ਲਾਸੀ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ 75 ਫੀਸਦੀ ਬਜ਼ੁਰਗ ਇੱਕ ਜਾਂ ਇੱਕ ਤੋਂ ਵੱਧ ਗੰਭੀਰ ਰੋਗਾਂ ਤੋਂ ਪੀੜਤ ਹਨ। ਇਨ੍ਹਾਂ ਵਿੱਚ ਚਾਲੀ ਫੀਸਦੀ ਬਜ਼ੁਰਗ ਕਿਸੇ ਨਾ ਕਿਸੇ ਸਰੀਰਕ ਵਿਕਾਰ ਦੇ ਸ਼ਿਕਾਰ ਹਨ ਤੇ 20 ਫੀਸਦੀ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। 34.6 ਫੀਸਦੀ ਬਜ਼ੁਰਗਾਂ ਨੂੰ ਦਿੱਲ ਦੀ ਬਿਮਾਰੀ ਹੈ। 18.8 ਫੀਸਦੀ ਬਜ਼ੁਰਗਾਂ ਨੂੰ ਹੱਡੀਆਂ ਜਾਂ ਜੋੜਾਂ ਦੇ ਦਰਦ ਦੀ ਬਿਮਾਰੀ ਹੈ ਤਾਂ 14.2 ਫੀਸਦੀ ਸ਼ੂਗਰ ਤੋਂ ਪੀੜਤ ਹਨ।

# ਪੈਸੇ ਵਾਪਸ ਮੰਗਣ ਅਤੇ ਧਮਕੀ ਤੋਂ ਪਰੇਸ਼ਾਨ ਮਹਿਲਾ ਵੱਲੋਂ ਖੁਦਕੁਸ਼ੀ



ਬਠਿੰਡਾ, 7 ਜਨਵਰੀ (ਪੋਸਟ ਬਿਊਰੋ)- ਬਾਬਾ ਦੀਪ ਸਿੰਘ ਨਗਰ ਦੀ ਇੱਕ ਮਹਿਲਾ ਨੇ ਰਜਬਾਹੇ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦੀ ਪਛਾਣ ਬਿਮਲਾ ਦੇਵੀ ਵਜੋਂ ਹੋਈ ਹੈ।

ਸੁਸਾਈਡ ਨੋਟ ਵਿੱਚ ਬਿਮਲਾ ਦੇਵੀ ਨੇ ਦੋਸ਼ ਲਾਇਆ ਕਿ ਉਸਨੇ ਕੁਝ ਲੋਕਾਂ ਤੋਂ ਪੈਸੇ ਹੁਦਾਰ ਲਏ ਸਨ, ਜੋ ਉਸ ਨੂੰ ਪੈਸੇ ਵਾਪਸ ਕਰਨ ਦੇ ਦਬਾਅ ਵਿੱਚ ਕੋਰਟ ਵਿੱਚ ਚੈਕ ਲਾਉਣ ਦੀਆਂ ਧਮਕੀਆਂ ਦੇਂਦੇ ਸਨ। ਪੁਲਸ ਨੇ ਸੁਸਾਈਡ ਨੋਟ ਦੇ ਆਧਾਰ 'ਤੇ ਮ੍ਰਿਤਕਾ ਦੇ ਬੇਟੇ ਦੇ ਬਿਆਨਾਂ 'ਤੇ ਤਿੰਨ ਔਰਤਾਂ ਸਮੇਤ ਛੇ ਦੇ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ੀਆਂ ਦੀ ਪਛਾਣ ਬਿੱਟੂ ਵਾਸੀ ਗੁਰੂ ਕੀ ਨਗਰੀ ਬਠਿੰਡਾ, ਸੁਖਜੀਤ ਕੌਰ, ਮਨਜੀਤ ਕੌਰ ਵਾਸੀ ਦੰਗਾ ਪੀੜਤ ਕਾਲੋਨੀ, ਅਮਨ ਵਾਸੀ ਬਾਬਾ ਦੀਪ ਸਿੰਘ ਨਗਰ, ਭੋਲੀ ਕੌਰ ਵਾਸੀ ਊਧਮ ਸਿੰਘ ਨਗਰ, ਪਟਵਾਰੀ ਵਾਸੀ ਦੰਗਾ ਪੀੜਤ ਕਾਲੋਨੀ ਬਠਿੰਡਾ ਦੇ ਤੌਰ 'ਤੇ ਹੋਈ ਹੈ। ਥਾਣਾ ਕੈਨਾਲ ਕਾਲੋਨੀ ਪੁਲਸ ਨੂੰ ਬਿਆਨ ਦੇ ਕੇ ਰਾਕੇਸ਼ ਕੁਮਾਰ ਵਾਸੀ ਬਾਬਾ ਦੀਪ ਸਿੰਘ ਨਗਰ ਬਠਿੰਡਾ ਨੇ ਦੱਸਿਆ ਕਿ ਉਸ ਦੀ ਮਾਂ ਬਿਮਲਾ ਦੇਵੀ ਨੇ ਲੋਕਾਂ ਤੋਂ ਕੁਝ ਪੈਸੇ ਉਧਾਰ ਲਏ ਸਨ ਤੇ ਉਧਾਰ ਲੈਂਦੇ ਸਮੇਂ ਖਾਲੀ ਚੈਕ ਦਿੱਤੇ ਸਨ। ਕਈ ਦਿਨਾਂ ਤੋਂ ਦੋਸ਼ੀ ਉਸ ਦੀ ਮਾਂ ਨੂੰ ਪੈਸੇ ਵਾਪਸ ਕਰਨ ਦਾ ਦਬਾਅ ਬਣਾ ਰਹੇ ਸਨ ਅਤੇ ਚੈਕ ਬਾਊਂਸ ਕਰਵਾ ਕੇ ਕੋਰਟ ਵਿੱਚ ਚੈਕ ਲਾਉਣ ਦੀਆਂ ਧਮਕੀਆਂ ਦੇਂਦੇ ਸਨ ਜਿਸ ਕਾਰਨ ਉਸ ਦੀ ਮਾਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਵੀ ਸੀ। ਇਸ ਕਾਰਨ ਮਾਂ ਬਿਮਲਾ ਦੇਵੀ ਨੇ ਬਠਿੰਡਾ-ਮਾਨਸਾ ਰੋਡ 'ਤੇ ਰਜਬਾਹੇ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਦੱਸਿਆ ਕਿ ਸਾਰੇ ਦੋਸ਼ੀ ਫਰਾਰ ਹਨ, ਉਨ੍ਹਾਂ ਦੀ ਗ੍ਰਿਫਤਾਰੀ ਦੇ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ।

# ਪੰਜਾਬ ਵਿੱਚ ਰਿਲਾਇੰਸ ਜੀਓ ਦੇ ਦੋ ਦਰਜਨ ਸਟੋਰ ਅਤੇ ਸੈਂਟਰ ਬੰਦ

* ਲੋਕਾਂ ਵੱਲੋਂ ਜੀਓ ਦੇ ਨੰਬਰ ਛੱਡਣ ਨਾਲ ਢਾਹ ਲੱਗੀ




ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਸੰਘਰਦੀ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਵੱਲੋਂ ਐਲਾਨੇ ਬਾਈਕਾਟ ਨੇ ਰਿਲਾਇੰਸ ਜੀਓ ਦਾ ਅੱਧੇ ਪੰਜਾਬ ਵਿੱਚ ਕੰਮ ਰੁਕਵਾ ਦਿੱਤਾ ਹੈ। ਕਿਸਾਨ ਧਿਰਾਂ ਵੱਲੋਂ ਬਾਈਕਾਟ ਦੀ ਅਪੀਲ ਸਭ ਤੋਂ ਵੱਧ ਪੰਜਾਬ 'ਚ ਮੰਨੀ ਗਈ ਅਤੇ ਲੋਕਾਂ ਨੇ ਰਾਤੋ-ਰਾਤ ਜੀਓ ਦੇ ਕੁਨੈਕਸ਼ਨ ਪੋਰਟ ਕਰਾਉਣੇ ਸ਼ੁਰੂ ਕਰ ਦਿੱਤੇ ਸਨ। ਪੰਜਾਬ ਵਿੱਚ ਜੀਓ ਦੇ ਕਰੀਬ 1.40 ਕਰੋੜ ਕੁਨੈਕਸ਼ਨ ਹਨ, ਜੋ ਇਸ ਰਾਜ ਵਿਚ ਕੁੱਲ ਮੋਬਾਈਲ ਫੋਨ ਕੁਨੈਕਸ਼ਨਾਂ ਦਾ 36 ਫੀਸਦੀ ਬਣਦੇ ਸਨ।

ਪਤਾ ਲੱਗਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਰਿਲਾਇੰਸ ਜੀਓ ਦੇ 8936 ਮੋਬਾਈਲ ਟਾਵਰਾਂ ਵਿੱਚੋਂ 2197 ਟਾਵਰ ਪੂਰੀ ਤਰ੍ਹਾਂ ਪ੍ਰਭਾਵਤ ਹੋਏ ਹਨ, ਜਿਸ ਨਾਲ ਕਿਸਾਨੀ ਰੋਹ ਹੇਠ ਕਿਸੇ ਨਾ ਕਿਸੇ ਰੂਪ ਵਿੱਚ 25 ਫੀਸਦੀ ਟਾਵਰਾਂ 'ਤੇ ਅਸਰ ਪਿਆ ਅਤੇ ਲੱਖਾਂ ਜੀਓ ਗਾਹਕ ਪ੍ਰਭਾਵਤ ਹੋਏ ਹਨ। ਰਿਲਾਇੰਸ ਦਾ ਕਹਿਣਾ ਹੈ ਕਿ ਇਹ ਟਾਵਰ ਨੁਕਸਾਨੇ ਗਏ ਜਾਂ ਫਿਰ ਉਨ੍ਹਾਂ ਦੀ ਗਾਹਕ ਸੇਵਾ ਪ੍ਰਭਾਵਤ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਪੰਜ ਰਿਲਾਇੰਸ ਡਿਜੀਟਲ ਸਟੋਰ ਬੰਦ ਹੋ ਗਏ ਹਨ। ਬਠਿੰਡੇ ਦਾ ਰਿਲਾਇੰਸ ਮਾਰਟ ਸਭ ਤੋਂ ਪਹਿਲਾਂ ਦੋ ਅਕਤੂਬਰ ਨੂੰ ਬੰਦ ਕਰਵਾ ਦਿੱਤਾ ਗਿਆ ਸੀ। ਉਸ ਤੋਂ ਬਾਅਦ 13 ਅਕਤੂਬਰ ਨੂੰ ਜਲੰਧਰ ਦੇ ਆਰ ਆਰ ਐਲ ਪੁੱਡਾ ਮਾਲ ਵਾਲਾ ਰਿਲਾਇੰਸ ਡਿਜੀਟਲ ਸਟੋਰ ਬੰਦ ਹੋ ਗਿਆ ਅਤੇ ਕਿਸਾਨੀ ਰੋਹ ਵਧਣ ਮਗਰੋਂ 18 ਅਕਤੂਬਰ ਨੂੰ ਕਿਸਾਨਾਂ ਨੇ ਜ਼ੀਰਕਪੁਰ ਵਿੱਚ ਡਿਜੀਟਲ ਜ਼ੀਰਕਪੁਰ, ਅੰਮ੍ਰਿਤਸਰ ਦੇ ਅਲਫਾ ਮਾਲ ਵਿੱਚ ਅਤੇ ਮੁਹਾਲੀ 'ਚ ਰਿਲਾਇੰਸ ਡਿਜੀਟਲ ਸਟੋਰ ਬੰਦ ਕਰਵਾ ਦਿੱਤਾ ਸੀ। ਇਸੇ ਤਰ੍ਹਾਂ ਪੰਜਾਬ ਵਿੱਚ ਅੱਠ ਜੀਓ ਸੈਂਟਰ ਵੀ ਕਿਸਾਨਾਂ ਨੇ ਬੰਦ ਕਰਵਾਏ ਹਨ, ਜਿਨ੍ਹਾਂ ਵਿੱਚ ਅੰਮ੍ਰਿਤਸਰ ਤੇ ਬਠਿੰਡਾ ਵਾਲਾ ਜੀਓ ਸੈਂਟਰ ਸ਼ੁਰੂ ਤੋਂ ਬੰਦ ਕਰਵਾ ਦਿੱਤਾ ਗਿਆ ਸੀ। ਮਾਨਸਾ, ਜਲੰਧਰ ਦੇ ਦੋ ਸੈਂਟਰ ਅਤੇ ਸੰਗਰੂਰ ਦਾ ਜੀਓ ਸੈਂਟਰ ਬਾਅਦ ਵਿੱਚ ਬੰਦ ਕਰਾਏ ਗਏ ਸਨ। ਉਸ ਪਿੱਛੋਂ ਜਗਰਾਉਂ ਦਾ ਜੀਓ ਸੈਂਟਰ ਅਤੇ ਰਾਮ-ਪੁਰਾ ਫੂਲ ਦਾ ਜੀਓ ਸੈਂਟਰ ਬੰਦ ਕਰਾਇਆ ਹੈ, ਪਰ ਸਟਾਫ ਨੂੰ ਹਾਜ਼ਰੀ ਲਾਉਣ ਦੀ ਆਗਿਆ ਦੇ ਦਿੱਤੀ ਹੈ।ਪੰਜਾਬ ਵਿੱਚ 11 ਜੀਓ ਪੁਆਇੰਟ ਖੇਮਕਰਨ, ਕੋਟਸ਼ਮੀਰ, ਆਲਮਵਾਲਾ, ਸਾਦਿਕ, ਕਰਤਾਰਪੁਰ, ਗੜ੍ਹਸ਼ੰਕਰ, ਮਾਹਿਲਪੁਰ, ਕਾਂਜਲਾ, ਅਜੀਤਵਾਲ ਤੇ ਭਦੌੜ ਬੰਦ ਕਰਾਏ ਗਏ ਹਨ। ਇਨ੍ਹਾਂ ਵਿੱਚੋਂ 10 ਸੈਂਟਰ ਸ਼ੁਰੂ ਵਿੱਚ ਬੰਦ ਕਰਵਾ ਦਿੱਤੇ ਗਏ ਸਨ ਅਤੇ 24 ਅਕਤੂਬਰ ਨੂੰ ਭਦੌੜ ਦਾ ਜੀਓ ਪੁਆਇੰਟ ਬੰਦ ਕਰਾਇਆ ਗਿਆ। ਰਿਲਾਇੰਸ ਜੀਓ ਦੇ ਪੰਜਾਬ ਵਿੱਚ ਕਰੀਬ 250 ਦਫਤਰਾਂ ਤੋਂ ਬਿਨਾਂ 300 ਪ੍ਰਮੁੱਖ ਥਾਵਾਂ ਹਨ।

ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿੱਚ ਰਿਲਾਇੰਸ ਜੀਓ ਦੇ ਐਕਟਿਵ ਕੁਨੈਕਸ਼ਨਾਂ ਦੀ ਗਿਣਤੀ ਅਕਤੂਬਰ ਵਿੱਚ ਘਟ ਗਈ ਹੈ।

ਖੇਤੀ ਕਾਨੂੰਨਾਂ ਦਾ ਮਾਮਲਾ :

# ਹਰਸਿਮਰਤ ਕੌਰ ਨੂੰ ਕੈਬਨਿਟ ਵਿੱਚ ਕੀਤੇ ਵਿਰੋਧ ਦੀ ਕਾਪੀ ਦਿਖਾਉਣ ਦੀ ਚੁਣੌਤੀ



ਮੋਗਾ, 7 ਜਨਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਦੇ ਖਿਲਾਫ ਸਿਆਸਤ ਭਖਣ ਪਿੱਛੋਂ ਅਕਾਲੀ ਦਲ (ਡੈਮੋਕ੍ਰੇਟਿਕ) ਨੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਕੈਬਨਿਟ ਵਿੱਚ ਬਿੱਲ ਪੇਸ਼ ਹੋਣ ਵੇਲੇ ਦਰਜ ਕਰਵਾਏ ਵਿਰੋਧ ਦੀ ਕਾਪੀ ਪੇਸ਼ ਕਰਨ ਦੀ ਚੁਣੌਤੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਹਰਸਿਮਰਤ ਕੌਰ ਨੇ ਇਹ ਬਿਆਨ ਦਿੱਤਾ ਸੀ ਕਿ ਜੇ ਵਿਰੋਧੀ ਪਾਰਟੀਆਂ ਖੇਤੀ ਆਰਡੀਨੈਂਸ ਬਾਰੇ ਉਨ੍ਹਾਂ ਦੀ ਸਹਿਮਤੀ ਦੀ ਗੱਲ ਸਾਬਤ ਕਰ ਦੇਣ ਤਾਂ ਉਹ ਸਿਆਸਤ ਛੱਡ ਦੇਣਗੇ। ਇਸ ਦੌਰਾਨ ਉਨ੍ਹਾਂ ਨੇ ਆਰਡੀਨੈਂਸਾਂ ਅਤੇ ਬਿੱਲਾਂ 'ਤੇ ਦਸਤਖਤ ਨਾ ਕਰਨ ਬਾਰੇ ਵੀ ਕਿਹਾ ਸੀ। ਇਸ ਬਾਰੇ ਅਕਾਲੀ ਦਲ ਡੈਮੋਕ੍ਰੇਟਿਕ ਦੇ ਕੌਮੀ ਬੁਲਾਰੇ ਅਤੇ ਪੰਜਾਬ ਦੇ ਸਾਬਕਾ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ ਨੇ ਹਰਸਿਮਰਤ ਕੌਰ 'ਤੇ ਝੂਠ ਬੋਲਣ ਦਾ ਦੋਸ਼ ਲਾ ਕੇ ਕਿਹਾ ਕਿ ਕੈਬਨਿਟ ਦੇ ਫੈਸਲੇ 'ਤੇ ਕਿਸੇ ਮੰਤਰੀ ਦੇ ਦਸਖਤ ਨਹੀਂ ਹੁੰਦੇ। ਸਟੇਟ ਵਿੱਚ ਚੀਫ ਸੈਕਟਰੀ ਅਤੇ ਕੇਂਦਰ ਵਿੱਚ ਕੈਬਨਿਟ ਸੈਕਟਰੀ ਕਾਰਵਾਈ ਲਿਖ ਕੇ ਦਸਖਤ ਕਰਦੇ ਹਨ। ਜੇ ਕਿਸੇ ਮੱਦ 'ਤੇ ਕਿਸੇ ਮੰਤਰੀ ਦਾ ਇਤਰਾਜ਼ ਦਰਜ ਕੀਤਾ ਜਾਂਦਾ ਹੈ ਤਾਂ ਉਹ ਰਿਕਾਰਡ ਦਾ ਹਿੱਸਾ ਬਣਦਾ ਹੈ। ਉਨ੍ਹਾਂ ਕਿਹਾ ਕਿ ਜੇ ਹਰਸਿਮਰਤ ਕੌਰ ਨੇ ਵੀ ਵਿਰੋਧ ਦਰਜ ਕਰਾਇਆ ਸੀ ਤਾਂ ਉਹ ਇਸ ਦੀ ਕਾਪੀ ਵਿਖਾਉਣ। ਇਸ ਤੋਂ ਇਲਾਵਾ ਸੁਖਬੀਰ ਸਿੰਘ ਬਾਦਲ ਤਿੰਨ ਮਹੀਨੇ ਆਰਡੀਨੈਂਸਾਂ ਦੇ ਹੱਕ ਵਿੱਚ ਛੱਜ ਕਿਉਂ ਕੁੱਟਦੇ ਰਹੇ।

Matrimonial
Marriage
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿਖ ਲੜਕਾ, ਉਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

UPPAL LAW
AVTAR UPPAL
Manager
IMMIGRATION SERVICES
✱ Visitor Visa
✱ Super Visa
✱ Study,Work,Visitor Extension Visa
✱ Spousal Applications
✱ Family Sponsorship
✱ Permanent Residence Card Renewal
✱ Citizenship Application
✱ All Invitation Letters
OTHER PRACTICES
✱ Criminal Law
✱ Family Law
✱ Power of Attorney
✱ Change of Name
✱ Notarization
✱ Travel Consent
✱ Affidavit
✱ Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਵਿਦੇਸ਼ਾਂ ਵਿਚ ਛੁੱਟੀਆਂ ਮਨਾ ਕੇ ਆਏ ਕੈਨੇਡੀਅਨ ਸਿਕਨੈਸ ਬੈਨੇਫਿਟਸ ਲਈ ਦਾਅਵਾ ਨਹੀਂ ਕਰ ਸਕਣਗੇ : ਟਰੂਡੋ

ਓਟਵਾ, 7 ਜਨਵਰੀ (ਪੋਸਟ ਬਿਊਰੋ) ; ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ 1,000 ਡਾਲਰ ਵਾਲੇ ਸਿੱਕਨੈੱਸ ਬੈਨੇਫਿਟ ਵਿੱਚ ਤਬਦੀਲੀਆਂ ਕਰ ਰਹੀ ਹੈ। ਫੈਡਰਲ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਗੈਰ ਜ਼ਰੂਰੀ ਕਾਰਨਾਂ ਕਰਕੇ ਟਰੈਵਲ ਕਰਨ ਵਾਲੇ ਵਿਅਕਤੀਆਂ ਨੂੰ ਕੈਨੇਡਾ ਪਰਤਣ ਉੱਤੇ ਕੁਆਰਨਟੀਨ ਕੀਤੇ ਜਾਣ ਦੌਰਾਨ ਇਹ ਰਕਮ ਹਾਸਲ ਨਾ ਹੋਵੇ।

ਰੀਡੋ ਕਾਟੇਜ ਤੋਂ ਸਾਲ ਦੇ ਆਪਣੇ ਪਹਿਲੇ ਸੰਬੋਧਨ ਦੌਰਾਨ ਟਰੂਡੋ ਨੇ ਉਨ੍ਹਾਂ ਸੱਭਨਾਂ ਦੀ ਨਿਖੇਧੀ ਕੀਤੀ ਜਿਨ੍ਹਾਂ ਨੇ ਛੁੱਟੀਆਂ ਦੇ ਮੌਸਮ ਵਿੱਚ ਕੌਮਾਂਤਰੀ ਪੱਧਰ ਉੱਤੇ ਟਰੈਵਲ ਕੀਤਾ ਸੀ। ਉਨ੍ਹਾਂ ਦੇ ਆਫਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪ੍ਰਧਾਨ ਮੰਤਰੀ ਛੁੱਟੀਆਂ ਵਿੱਚ ਵਿਦੇਸ਼ ਨਹੀਂ ਗਏ ਤੇ ਉਨ੍ਹਾਂ ਸਾਰੀਆਂ ਛੁੱਟੀਆਂ ਆਪਣੇ ਪਰਿਵਾਰ ਨਾਲ ਘਰ ਵਿੱਚ ਹੀ ਬਿਤਾਈਆਂ। ਟਰੂਡੋ ਨੇ ਆਖਿਆ ਕਿ ਇਸ ਸਮੇਂ ਕਿਸੇ ਨੂੰ ਵੀ ਵਿਦੇਸ਼ ਵਿੱਚ ਛੁੱਟੀਆਂ ਮਨਾਉਣ ਨਹੀਂ ਜਾਣਾ ਚਾਹੀਦਾ।

ਉਨ੍ਹਾਂ ਆਖਿਆ ਕਿ ਵਿਦੇਸ਼ਾਂ ਵਿੱਚ ਜਾ ਕੇ ਛੁੱਟੀਆਂ ਨਾ ਮਨਾਉਣ ਦਾ ਫੈਸਲਾ ਕਰਕੇ ਕਈ ਲੋਕਾਂ ਨੇ ਬਹੁਤ ਵਧੀਆ ਫੈਸਲਾ ਕੀਤਾ ਹੈ। ਇਸ ਦਾ ਵੀ ਕੋਈ ਕਾਰਨ ਹੈ ਕਿ ਕੈਨੇਡੀਅਨਾਂ ਵੱਲੋਂ ਇਸ ਤਰ੍ਹਾਂ ਦੇ ਸਖ਼ਤ ਫੈਸਲੇ ਲਏ ਜਾ ਰਹੇ ਹਨ। ਇਸ ਦਾ ਵੀ ਕੋਈ ਕਾਰਨ ਹੈ ਕਿ ਐਨੇ



ਕੈਨੇਡੀਅਨਾਂ ਨੇ ਆਪਣਾ ਯੋਗਦਾਨ ਪਾਇਆ। ਇਹ ਸੱਭ ਉਨ੍ਹਾਂ ਆਪਣੇ ਨੇੜਲੇ ਲੋਕਾਂ ਦੀ ਭਲਾਈ ਦਾ ਸੋਚ ਕੇ ਹੀ ਕੀਤਾ।

ਜ਼ਿਕਰਯੋਗ ਹੈ ਕਿ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ (ਸੀ ਐਸ ਆਰ ਬੀ) ਦਾ ਖੁਲਾਸਾ ਪਹਿਲੀ ਵਾਰੀ ਇਨ੍ਹਾਂ ਗਰਮੀਆਂ ਵਿੱਚ ਹੋਇਆ। ਇਸ ਬੈਨੇਫਿਟ ਨੂੰ ਉਨ੍ਹਾਂ ਵਰਕਰਜ਼ ਲਈ ਤਿਆਰ ਕੀਤਾ ਗਿਆ ਹੈ ਜਿਹੜੇ ਬਿਮਾਰ ਹਨ ਜਾਂ ਜਿਨ੍ਹਾਂ ਨੂੰ ਕੋਵਿਡ-19 ਨਾਲ ਸਬੰਧਤ ਕਾਰਨਾਂ ਕਰਕੇ ਘਰ ਵਿੱਚ ਸੈਲਫ ਆਈਸੋਲੇਟ ਕਰਨਾ ਪੈ ਰਿਹਾ ਹੈ ਜਾਂ ਜਿਨ੍ਹਾਂ ਨੂੰ ਹੋਰ ਤਕਲੀਫ ਹੈ ਜਿਨ੍ਹਾਂ ਕਾਰਨ ਉਨ੍ਹਾਂ ਨੂੰ ਕਰੋਨਾਵਾਇਰਸ ਹੋਣ ਦਾ ਡਰ ਹੈ। ਇਸ ਤਹਿਤ ਅਜਿਹੇ ਵਰਕਰਜ਼ ਨੂੰ ਇਸ ਪ੍ਰੋਗਰਾਮ ਤਹਿਤ 500 ਡਾਲਰ ਪ੍ਰਤੀ ਹਫਤਾ, ਦੋ ਹਫਤਿਆਂ ਲਈ, ਦੇਣ ਦਾ ਫੈਸਲਾ ਕੀਤਾ ਗਿਆ ਹੈ।

ਚਿੰਤਾ ਉਸ ਸਮੇਂ ਪੈਦਾ ਹੋਈ ਜਦੋਂ ਵਿਦੇਸ਼ਾਂ ਦਾ ਦੌਰਾ ਕਰਕੇ ਕੈਨੇਡਾ ਪਰਤਣ ਵਾਲੇ ਕੈਨੇਡੀਅਨ ਵੀ ਖੁਦ ਨੂੰ ਲਾਜ਼ਮੀ ਤੌਰ ਉੱਤੇ ਕੁਆਰਨਟੀਨ ਕਰਦੇ ਸਮੇਂ ਇਨ੍ਹਾਂ ਬੈਨੇਫਿਟਸ ਲਈ ਕਲੇਮ ਕਰਨ ਲੱਗੇ। ਟਰੂਡੋ ਨੇ ਸਪਸ਼ਟ ਕੀਤਾ ਕਿ ਇਹ ਬੈਨੇਫਿਟ ਉਨ੍ਹਾਂ ਕੈਨੇਡੀਅਨਾਂ ਲਈ ਨਹੀਂ ਹਨ ਜਿਹੜੇ ਵਿਦੇਸ਼ਾਂ ਵਿੱਚ ਛੁੱਟੀਆਂ ਮਨਾ ਕੇ ਪਰਤ ਰਹੇ ਹਨ ਤੇ ਕੁਆਰਨਟੀਨ ਕਰ ਰਹੇ ਹਨ। ਇਹ ਲੋਕਾਂ ਨੂੰ ਲੋੜ ਪੈਣ ਉੱਤੇ ਸਿੱਕ ਲੀਵ ਦੇਣ ਦਾ ਮਾਮਲਾ ਹੈ, ਜਿਹੜੀ ਉਨ੍ਹਾਂ ਨੂੰ ਆਪਣੇ ਇੰਪਲੌਇਰ ਤੋਂ ਨਾ ਮਿਲਦੀ ਤੇ ਉਨ੍ਹਾਂ ਦੇ ਕੰਮ ਦਾ ਹਰਜਾ ਹੁੰਦਾ। ਇਹ ਕਿਸੇ ਦੀਆਂ ਛੁੱਟੀਆਂ ਤੋਂ ਬਾਅਦ ਕੁਆਰਨਟੀਨ ਹੋਣ ਦੇ ਸਮੇਂ ਲਈ ਖਰਚਾ-ਪਾਣੀ ਨਹੀਂ ਹੈ।

ਟਰੂਡੋ ਨੇ ਆਖਿਆ ਕਿ ਇਸੇ ਲਈ ਅਸੀਂ ਇਸ ਨੂੰ ਹੁਣੇ ਸੋਧਣਾ ਚਾਹੁੰਦੇ ਹਾਂ। ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਤਬਦੀਲੀ ਇਸ ਮਹੀਨੇ ਦੇ ਅਖੀਰ ਵਿੱਚ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਰ ਲਈ ਜਾਵੇਗੀ।

## ਜਲੰਧਰ ਦੀ ਲੈਦਰ ਇੰਡਸਟਰੀ ਲਈ ਬਿਜਲੀ ਕੁਨੈਕਸ਼ਨ ਰਿਲੀਜ਼ ਹੋਣ ਲੱਗੇ

ਜਲੰਧਰ, 7 ਜਨਵਰੀ (ਪੋਸਟ ਬਿਊਰੋ)- ਪਿਛਲੇ ਕਰੀਬ ਸਵਾ ਸਾਲ ਤੋਂ ਬੰਦ ਪਈ ਲੈਦਰ ਕੰਪਲੈਕਸ ਜਲੰਧਰ ਦੀ ਲੈਦਰ ਇੰਡਸਟਰੀ ਦੇ ਫਿਰ ਤੋਂ ਸ਼ੁਰੂ ਹੋਣ ਦੀਆਂ ਆਸਾਂ ਵੱਧ ਗਈਆਂ ਹਨ। ਪਾਵਰਕਾਮ ਨੇ ਲੈਦਰ ਇੰਡਸਟਰੀ ਦੇ ਕੁਨੈਕਸ਼ਨ ਬਹਾਲ ਕਰਨੇ ਸ਼ੁਰੂ ਕਰ ਦਿੱਤੇ ਹਨ। ਅਜੇ ਸਾਰੇ ਯੂਨਿਟਾਂ ਦੇ ਕੁਨੈਕਸ਼ਨ ਬਹਾਲ ਨਹੀਂ ਹੋਏ, ਪਰ ਦੋ-ਤਿੰਨ ਦਿਨਾਂ ਵਿੱਚ ਸਾਰੇ ਯੂਨਿਟ ਦੇ ਕੁਨੈਕਸ਼ਨ ਬਹਾਲ ਹੋ ਜਾਣ ਦੀ ਉਮੀਦ ਹੈ। ਵਰਨਣ ਯੋਗ ਹੈ ਕਿ ਪਿੱਛੇ ਜਿਹੇ ਹਾਈ ਕੋਰਟ ਨੇ ਲੈਦਰ ਇੰਡਸਟਰੀ ਨੂੰ ਫਿਰ ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਹਾਲੇ ਲੈਦਰ ਇੰਡਸਟਰੀ ਨੂੰ ਟਰਾਇਲ ਦੇ ਤੌਰ 'ਤੇ ਚਲਾਉਣ ਦੀ ਮਨਜ਼ੂਰੀ ਮਿਲੀ ਹੈ ਅਤੇ ਕੁਝ ਸ਼ਰਤਾਂ ਦਾ ਪਾਲਣ ਵੀ ਕਰਨਾ ਹੋਵ-ੇਗਾ। ਉਸ ਦੇ ਬਾਅਦ ਇੰਡਸਟਰੀ ਦੀ ਸਮੀਖਿਆ ਕੀਤੀ ਜਾਵੇਗੀ। ਅਕਤੂਬਰ 2019 ਵਿੱਚ ਪ੍ਰਦੂਸ਼ਣ ਕਾਰਨ ਲੈਦਰ ਇੰਡਸਟਰੀ ਨੂੰ ਬੰਦ ਕਰ ਦਿੱਤਾ ਗਿਆ ਸੀ। ਉਸ ਪਿੱਛੋਂ ਉਥੋਂ ਦੇ ਬਿਜਲੀ ਦੇ ਕੁਨੈਕਸ਼ਨ ਕੱਟੇ ਗਏ ਸਨ। ਇਸ ਦੌਰਾਨ ਲੈਦਰ ਇੰਡਸਟਰੀ ਨਾਲ ਜੁੜੇ ਉਦਯੋਗਪਤੀਆਂ ਨੂੰ ਕਰੀਬ ਸਵਾ ਸਾਲ ਕਾਨੂੰਨੀ ਲੜਾਈ ਲੜਨੀ ਪਈ ਅਤੇ ਸਖਤ ਸੰਘਰਸ਼ ਕਰਨਾ ਪਿਆ, ਤਦ ਜਾ ਕੇ ਇੰਡਸਟਰੀ ਨੂੰ ਦੁਬਾਰਾ ਚਾਲੂ ਕਰਨ ਦੀ ਮਨਜ਼ੂਰੀ ਮਿਲੀ।

ਹਾਈ ਕੋਰਟ ਤੋਂ ਮਨਜ਼ੂਰੀ ਮਿਲਣ ਪਿੱਛੋਂ ਪੰਜਾਬ ਲੈਦਰ ਫੈਡਰੇਸ਼ਨ ਦੇ ਪ੍ਰਧਾਨ ਹੀਰਾ ਲਾਲ, ਸੈਕਟਰੀ ਅਜੈ ਸ਼ਰਮਾ, ਦੀਪਕ ਚਾਵਲਾ ਅਤੇ ਹੋਰ ਉਦਯੋਗਪਤੀ ਜਲੰਧਰ ਦੇ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੂੰ ਵੀ ਮਿਲੇ ਅਤੇ ਬਿਜਲੀ ਦੇ ਕੁਨੈਕਸ਼ਨ ਬਹਾਲ ਕਰਨ ਲਈ ਕਿਹਾ ਸੀ ਤਾਂ ਕਿ ਇੰਡਸਟਰੀ ਫਿਰ ਸ਼ੁਰੂ ਹੋ ਸਕੇ। ਡਿਪਟੀ ਕਮਿਸ਼ਨਰ ਅਤੇ ਵਿਧਾਇਕ ਸੁਸ਼ੀਲ ਰਿੰਕੂ ਦੇ ਯਤਨਾਂ ਨਾਲ ਪੰਜਾਬ ਲੈਦਰ ਫੈਡਰੇਸ਼ਨ ਦੀ ਟੀਮ ਨੇ ਪਾਵਰਕਾਮ ਦੇ ਚੇਅਰਮੈਨ ਨਾਲ ਮੁਲਾਕਾਤ ਕੀਤੀ ਸੀ ਤਾਂ ਕਿ ਇੰਡਸਟਰੀ ਦੇ ਕੁਨੈਕਸ਼ਨ ਜਲਦੀ ਤੋਂ ਜਲਦੀ ਬਹਾਲ ਹੋ ਸਕਣ।

## ਨਵੇਂ ਸਾਲ ਵਿੱਚ ਟੈਕਸ ਕਟੌਤੀਆਂ ਨਾਲ ਬਜ਼ੁਰਗਾਂ ਦੀ ਵਿੱਤੀ ਸਕਿਊਰਿਟੀ ਹੋਵੇਗੀ ਮਜ਼ਬੂਤ : ਸਹੋਤਾ

ਬਰੈਂਪਟਨ, 7 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਫੈਡਰਲ ਲਿਬਰਲ ਸਰਕਾਰ ਵੱਲੋਂ ਨਵੇਂ ਸਾਲ ਵਿੱਚ ਟੈਕਸਾਂ ਵਿੱਚ ਕੀਤੀ ਗਈ ਇੱਕ ਹੋਰ ਕਟੌਤੀ ਦਾ ਜ਼ਿਕਰ ਕੀਤਾ ਗਿਆ।

ਇਸ ਰਲੀਜ਼ ਵਿੱਚ ਆਖਿਆ ਗਿਆ ਕਿ ਇਸ ਟੈਕਸ ਕਟੌਤੀ ਨਾਲ ਮੱਧ ਵਰਗ ਤੇ ਸੀਨੀਅਰਜ਼ ਨੂੰ ਫਾਇਨਾਂਸ਼ੀਅਲ ਸਕਿਊਰਿਟੀ ਵਿੱਚ ਕਾਫੀ ਫਾਇਦਾ ਹੋਵੇਗਾ। ਜਦੋਂ ਫੈਡਰਲ ਲਿਬਰਲ ਸਰਕਾਰ ਵੱਲੋਂ ਬੇਸਿਕ ਪਰਸਨਲ ਐਮਾਊਂਟ ਵਿੱਚ ਕੀਤਾ ਗਿਆ ਵਾਧਾ 2023 ਵਿੱਚ ਪੂਰੀ ਤਰ੍ਹਾਂ ਲਾਗੂ ਹੋਵੇਗਾ ਤਾਂ 4.3 ਮਿਲੀਅਨ ਸੀਨੀਅਰਜ਼ ਨੂੰ ਸਿੱਧਾ ਫਾਇਦਾ ਹੋਵੇਗਾ। ਇਨ੍ਹਾਂ ਵਿੱਚ 465,000 ਉਹ ਸੀਨੀਅਰ ਵੀ ਸ਼ਾਮਲ ਹੋਣਗੇ ਜਿਨ੍ਹਾਂ ਦਾ ਫੈਡਰਲ ਇਨਕਮ ਟੈਕਸ ਘਟ ਕੇ ਸਿਫਰ ਹੋ ਜਾਵੇਗਾ। ਹਰ ਸਾਲ ਇੱਕਲੇ ਰਹਿਣ ਵਾਲੇ ਕੈਨੇਡੀਅਨ 300 ਡਾਲਰ ਤੇ ਜੋੜੇ 600 ਡਾਲਰ ਦੇ ਨੇੜੇ ਤੇੜੇ ਬਚਤ ਕਰ ਸਕਣਗੇ। ਇਸ ਬਚਤ ਨਾਲ ਬਜ਼ੁਰਗਾਂ ਨੂੰ ਆਪਣੇ ਰੋਜ਼ਮੱਰਾ ਦੇ ਖਰਚੇ ਪੂਰੇ ਕਰਨ, ਜਿਵੇਂ ਕਿ ਗ੍ਰੌਸਰੀ, ਹਾਈਡਰੋ ਤੇ ਡਲਿਵਰੀਜ਼ ਆਦਿ, ਵਿੱਚ ਮਦਦ ਮਿਲੇਗੀ।

ਇਹ ਲਿਬਰਲ ਸਰਕਾਰ ਦੀ ਬਜ਼ੁਰਗਾਂ ਦੀ ਜ਼ਿੰਦਗੀ ਨੂੰ ਹੋਰ ਕਿਫਾਇਤੀ ਬਣਾਉਣ ਦੀ ਯੋਜਨਾ ਦਾ ਹੀ ਹਿੱਸਾ ਹੈ।



ਇਹ ਕੰਮ 2016 ਵਿੱਚ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਸਾਡੀ ਨਵੀਂ ਸਰਕਾਰ ਵੱਲੋਂ ਪਹਿਲਾ ਐਕਟ ਪਾਸ ਕੀਤਾ ਜਾਣਾ ਸੀ, ਜਿਸ ਨੂੰ ਮਿਡਲ ਕਲਾਸ ਟੈਕਸ ਕੱਟ ਵਜੋਂ ਜਾਣਿਆ ਗਿਆ। ਇਹ ਪਰਸਨਲ ਇਨਕਮ ਟੈਕਸ ਘਟਾਉਣ ਲਈ ਸੀ। ਇਸ ਨਾਲ ਪ੍ਰਭਾਵਿਤ ਕੈਨੇਡੀਅਨਾਂ ਨੂੰ ਸਾਲ ਦੇ 330 ਡਾਲਰ (ਇੱਕਲੇ ਰਹਿਣ ਵਾਲੇ)ਤੇ ਜੋੜੇ ਵਜੋਂ ਰਹਿਣ ਵਾਲੇ ਕੈਨੇਡੀਅਨਾਂ ਨੂੰ ਸਾਲ ਦੇ 540 ਡਾਲਰ ਦੀ ਬਚਤ ਹੋਈ। ਜਿਹੜੇ ਬਜ਼ੁਰਗ ਪਬਲਿਕ ਪੈਨਸ਼ਨ ਸਹਾਰੇ ਰਹਿੰਦੇ ਹਨ ਸਾਡੀ ਸਰਕਾਰ ਉਸ ਵਿੱਚ ਵੀ ਸੋਧ ਲਈ ਵਚਨਬੱਧ ਹੈ।

ਅਸੀਂ ਕੰਜ਼ਰਵੇਟਿਵ ਸਰਕਾਰ ਦੇ ਫੈਸਲੇ ਨੂੰ ਉਲਟਾਉਂਦਿਆਂ ਓਲਡ ਏਜ ਸਕਿਊਰਿਟੀ ਅਤੇ ਗਾਰੰਟੀਡ ਇਨਕਮ ਸਪਲੀਮੈਂਟ ਲਈ ਯੋਗ ਉਮਰ 67 ਤੋਂ 65 ਕਰ ਦਿੱਤੀ। ਇਸ ਨਾਲ ਬਜ਼ੁਰਗਾਂ ਦੀਆਂ ਜੇਬ੍ਹਾਂ ਵਿੱਚ ਹਜ਼ਾਰਾਂ ਡਾਲਰ ਪਏ। ਘੱਟ ਆਮਦਨ ਵਾਲੇ ਬਜ਼ੁਰਗਾਂ ਲਈ ਅਸੀਂ ਜੀਆਈਐਸ ਵਿੱਚ 947 ਡਾਲਰ ਦਾ ਵਾਧਾ ਕੀਤਾ। ਮਹਾਂਮਾਰੀ ਦੌਰਾਨ ਬਜ਼ੁਰਗਾਂ ਦੇ ਵਾਧੂ ਖਰਚੇ ਪੂਰੇ ਕਰਨ ਵਿੱਚ ਉਨ੍ਹਾਂ ਦੀ ਮਦਦ ਲਈ ਅਸੀਂ ਅਪਰੈਲ ਵਿੱਚ ਜੀਐਸਟੀ ਕ੍ਰੈਡਿਟ ਤੇ ਜੁਲਾਈ ਵਿੱਚ ਓਏਐਸ ਰਾਹੀਂ ਇੱਕ ਮੁਸ਼ਤ ਅਦਾਇਗੀਆਂ ਕੀਤੀਆਂ। ਘੱਟ ਆਮਦਨ ਵਾਲੇ ਜੋੜੇ ਲਈ ਸਾਂਝੇ ਤੌਰ ਉੱਤੇ ਇਹ 1500 ਡਾਲਰ ਤੋਂ ਉੱਪਰ ਦੀ ਰਕਮ ਬਣ ਗਈ, ਉਹ ਵੀ ਟੈਕਸ ਮੁਕਤ। ਅਸੀਂ ਭਵਿੱਖ ਵਿੱਚ ਰਿਟਾਇਰ ਹੋਣ ਵਾਲਿਆਂ ਲਈ ਕੈਨੇਡਾ ਪੈਨਸ਼ਨ ਪਲੈਨ ਦੇ ਵੱਧ ਤੋਂ ਵੱਧ ਸਾਲਾਨਾ ਬੈਨੇਫਿਟ ਨੂੰ 50 ਫੀ ਸਦੀ ਤੱਕ ਵਧਾਉਣ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਰਲ ਕੇ ਕੰਮ ਕੀਤਾ। ਕਿਊਬਿਕ ਪੈਨਸ਼ਨ ਪਲੈਨ ਨੇ ਵੀ ਇਸ ਤਰ੍ਹਾਂ ਦੇ ਹੀ ਸੁਧਾਰ ਕੀਤੇ।

ਸਾਡੀਆਂ ਨੀਤੀਆਂ ਦੇ ਸਕਾਰਾਤਮਕ ਨਤੀਜੇ ਹਾਸਲ ਹੋ ਰਹੇ ਹਨ। 2015 ਵਿੱਚ ਜਦੋਂ ਲਿਬਰਲ ਸਰਕਾਰ ਨੇ ਸੱਤਾ ਸਾਂਭੀ ਸੀ ਤਾਂ ਉਸ ਸਮੇਂ ਬਜ਼ੁਰਗ ਗਰੀਬੀ ਨਾਲ ਜੂਝ ਰਹੇ ਸਨ। ਉਮਰ ਦੇ ਨਾਲ ਨਾਲ ਉਨ੍ਹਾਂ ਦੀਆਂ ਸੇਵਿੰਗਜ਼ ਖੁਰਦੀਆਂ ਜਾ ਰਹੀਆਂ ਸਨ, ਉਨ੍ਹਾਂ ਦੀ ਅਸਮਰੱਥਾ ਵਧਦੀ ਜਾ ਰਹੀ ਸੀ ਤੇ ਉਹ ਕੰਮ ਕਰਨ ਦੇ ਯੋਗ ਨਹੀਂ ਸਨ ਰਹਿ ਰਹੇ, ਇਸ ਤੋਂ ਇਲਾਵਾ ਉਨ੍ਹਾਂ ਦੇ ਹੈਲਥ ਕੇਅਰ ਖਰਚਿਆਂ ਵਿੱਚ ਵੀ ਵਾਧਾ ਹੋ ਰਿਹਾ ਸੀ। ਬਜ਼ੁਰਗਾਂ ਦੀ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਨ ਲਈ ਲਿਬਰਲ ਸਰਕਾਰ ਨੇ ਓਲਡ ਏਜ ਸਕਿਊਰਿਟੀ ਵਿੱਚ 10 ਫੀ ਸਦੀ ਤੱਕ ਵਾਧਾ ਕਰਨ ਦਾ ਤਹੱਈਆ ਦੁਹਰਾਇਆ ਹੈ। ਪਰ ਅਜੇ ਵੀ ਕਾਫੀ ਕੰਮ ਕਰਨਾ ਬਾਕੀ ਹੈ।

## ਐਮੇਜ਼ੌਨ ਨੇ ਵੈਸਟਜੈੱਟ ਤੋਂ ਖਰੀਦੇ 4 ਬੋਇੰਗ ਜਹਾਜ਼

ਕੈਲਗਰੀ, 7 ਜਨਵਰੀ (ਪੋਸਟ ਬਿਊਰੋ) : ਐਮੇਜ਼ੌਨ ਵੱਲੋਂ 11 ਬੋਇੰਗ 767-300 ਜਹਾਜ਼ ਖਰੀਦਣ ਦਾ ਐਲਾਨ ਕੀਤਾ ਗਿਆ ਹੈ। ਐਮੇਜ਼ੌਨ ਨੇ ਚਾਰ ਜਹਾਜ਼ ਕੈਲਗਰੀ ਸਥਿਤ ਵੈਸਟਜੈੱਟ ਤੋਂ ਵੀ ਖਰੀਦੇ ਹਨ।

ਆਨਲਾਈਨ ਰੀਟੇਲਰ ਅਨੁਸਾਰ ਇਹ ਜਹਾਜ਼ ਮਾਰਚ 2020 ਵਿੱਚ ਵੈਸਟਜੈੱਟ ਤੋਂ ਖਰੀਦੇ ਗਏ ਸਨ ਤੇ ਇਸ ਸਾਲ ਇਨ੍ਹਾਂ ਨੂੰ ਪੈਸੈਂਜਰ ਤੋਂ ਕਾਰਗੋ ਵਿੱਚ ਤਬਦੀਲ ਕੀਤੇ ਜਾਣ ਤੋਂ ਬਾਅਦ ਐਮੇਜ਼ੌਨ ਦੇ ਏਅਰ ਫਲੀਟ ਵਿੱਚ ਸ਼ਾਮਲ ਕੀਤਾ ਜਾਵੇਗਾ। ਇਨ੍ਹਾਂ ਜਹਾਜ਼ਾਂ ਨੂੰ ਕਿੰਨੇ



ਵਿੱਚ ਖਰੀਦਿਆ ਗਿਆ ਇਸ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।

ਐਮੇਜ਼ੌਨ ਨੇ ਆਖਿਆ ਕਿ ਬਾਕੀ ਦੇ ਸੱਤ ਜਹਾਜ਼ ਡੈਲਟਾ ਏਅਰ ਲਾਈਨਜ਼ ਤੋਂ ਖਰੀਦੇ ਗਏ ਹਨ। ਮੰਗਲਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਐਮਜ਼ੌਨ ਗਲੋਬਲ ਏਅਰ ਦੀ ਵਾਈਸ ਪ੍ਰੈਜ਼ੀਡੈਂਟ ਸਾਰਾਹ ਰੋਡਜ਼ ਨੇ ਆਖਿਆ ਕਿ ਸਾਡਾ ਟੀਚਾ ਅਮਰੀਕਾ ਭਰ ਵਿੱਚ ਆਪਣੇ ਗਾਹਕਾਂ ਨੂੰ ਉਨ੍ਹਾਂ ਦੀਆਂ ਮੰਗਵਾਈਆਂ ਚੀਜ਼ਾਂ ਦੀ ਡਲਿਵਰੀ ਸਮੇਂ ਸਿਰ ਕਰਦੇ ਰਹਿਣਾ ਹੈ। ਅਸੀਂ ਚਾਹੁੰਦੇ ਹਾਂ ਕਿ ਐਮੇਜ਼ੌਨ ਤੋਂ ਜੋ ਸਾਡੇ ਗਾਹਕ ਉਮੀਦ ਕਰਦੇ ਹਨ ਅਸੀਂ ਉਨ੍ਹਾਂ ਉੱਤੇ ਖਰਾ ਉਤਰਨਾ ਚਾਹੁੰਦੇ ਹਾਂ। ਇਸ ਟੀਚੇ ਨੂੰ ਪੂਰਾ ਕਰਨ ਲਈ ਇਹ ਜਹਾਜ਼ ਖਰੀਦਣਾ ਸਾਡਾ ਕੁਦਰਤੀ ਚੁੱਕਿਆ ਜਾਣ ਵਾਲਾ ਕਦਮ ਸੀ।

## ਹਰ ਸਾਲ 13 ਜਨਵਰੀ ਨੂੰ ਸਿੱਖ-ਮੁਸਲਿਮ ਏਕਤਾ ਤੇ ਅਰਦਾਸ ਦੇ ਦਿਨ ਵਜੋਂ ਮਨਾਇਆ ਜਾਵੇ : ਏਜੀਪੀਸੀ ਅਤੇ ਪੀਐਸਜੀਪੀਸੀ

ਕੈਲੀਫੋਰਨੀਆ, (ਹੁਸਨ ਲੜੋਆ ਬੰਗਾ) ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਨੇ ਰਲ ਕੇ ਦਿੱਤੇ ਇੱਕ ਸਾਂਝੇ ਬਿਆਨ ਵਿਚ ਸੰਸਾਰ ਭਰ ਵਿਚਲੇ ਗੁਰਦੁਆਰਾ ਸਾਹਿਬਾਨਾਂ ਤੇ ਖਾਲਸਾ ਪੰਥ ਨੂੰ ਬੇਨਤੀ ਭਰੇ ਸੰਦੇਸ਼ ਵਿਚ ਕਿਹਾ ਹੈ ਕਿ ਹਰ ਸਾਲ 13 ਜਨਵਰੀ ਨੂੰ ਸਿੱਖ-ਮੁਸਲਿਮ ਏਕਤਾ ਤੇ ਅਰਦਾਸ ਦੇ ਦਿਨ ਵਜੋਂ ਮਨਾਇਆ ਜਾਵੇ। ਇੱਕ ਸਾਂਝੇ ਬਿਆਨ ਵਿਚ ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਤੇ ਪੀਐਸਜੀਪੀਸੀ ਦੇ ਸਕੱਤਰ ਸ੍ਰ: ਅਮੀਰ ਸਿੰਘ ਨੇ ਕਿਹਾ ਹੈ ਕਿ 13 ਜਨਵਰੀ ਇਕ ਇਤਿਹਾਸਕ ਦਿਨ ਹੈ, ਕਿਉਂਕਿ ਇਸ ਦਿਨ ਸਾਂਇ ਹਜਰਤ ਮੀਆਂ ਮੀਰ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੱਦੇ ਉਤੇ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਦਾ ਨੀਂਹ ਪੱਥਰ ਰੱਖਿਆ ਸੀ। ਦੋਵਾਂ ਸਿੱਖ ਆਗੂਆਂ ਨੇ ਕਿਹਾ ਕਿ ਸਿੱਖ-ਮੁਸਲਿਮ ਏਕਤਾ ਤੇ ਦੋਸਤੀ ਵਜੋਂ ਇਹ ਦਿਨ ਬਹੁਤ ਇਤਿਹਾਸਕ ਮਹੱਤਤਾ ਵਾਲਾ ਦਿਨ ਹੈ ਤੇ ਦੋਵਾਂ ਭਾਇਚਾਰਿਆਂ ਦੇ ਸੰਬਧਾਂ ਨੂੰ ਪੀਡਾ ਤੇ ਮਜਬੂਤ ਬਣਾਉਣ ਵਾਸਤੇ ਇਕ ਮੀਲ ਪੱਥਰ ਹੈ। ਇਸ ਵਾਸਤੇ ਇਹ ਦਿਨ ਹਰ ਸਲ ਬੜੇ ਵੱਡੇ ਰੂਪ ਵਿਚ ਪੂਰੀ ਦੁਨੀਆਂ



ਵਿਚ ਦੋਵਾਂ ਕੌਮਾਂ ਵੱਲੋਂ ਗੁਰਦੁਆਰਾ ਸਾ-ਹਬਾਨ ਤੇ ਸਾਂਇ ਮੀਆਂ ਮੀਰ ਜੀ ਦੀ ਦਰਗਾਹ ਉਤੇ ਮਨਾਇਆ ਜਾਣਾ ਚਾਹੀਦਾ ਹੈ ਤੇ ਇਸ ਦਿਨ ਵਿਸ਼ੇਸ਼ ਤੌਰ ਤੇ ਮਸਲਿਮ ਸਿੱਖ ਦੋਸਤੀ ਨੂੰ ਹੋਰ ਜਿਆਦਾ ਮੁਹਬੱਤ ਭਰਿਆ ਤੇ ਚਿਰ ਜੀਵੀ ਬਣਾਉਣ ਵਾਸਤੇ ਅਰਦਾਸਾਂ ਕੀਤੀਆਂ ਜਾਣੀਆਂ ਚਾਹੀਦੀਆਂ ਨੇ ਤੇ ਦੁਆਵਾਂ ਮੰਗੀਆਂ ਜਾਣੀਆਂ ਚਾਹੀਦੀਆਂ ਨੇ। ਸੰਯੁਕਤ ਰਾਸ਼ਟਰ ਸੰਘ ਦੇ ਵਿਸ਼ੇਸ਼ ਸਲਾਹਕਾਰ ਡਾ: ਇਕਤਦਾਰ ਚੀਮਾ ਨੇ ਇਸ ਖਾਸ ਮੌਕੇ ਤੇ ਕਿਹਾ ਕਿ ਇਹ ਯਤਨ ਸਿੱਖ ਮੁਸਲਿਮ ਕੌਮਾਂ ਵੱਲੋਂ ਇਹ ਬਹੁਤ ਮੌਕੇ ਮੁਤਾਬਿਕ ਤੇ ਢੁੱਕਵੇਂ ਸਮੇਂ ਕੀਤਾ ਜਾ ਰਿਹਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਸੰਘ ਵੀ ਅੰਤਰਰਾਸ਼ਟਰੀ ਤੌਰ ਤੇ ਸਾਲ 2021 ਨੂੰ ਅਮਨ ਤੇ ਭਰੋਸੇ ਦੇ ਸਾਲ ਵਜੋਂ ਮਨਾ ਰਿਹਾ ਹੈ। ਇਸ ਦਿਨ ਅੰਤਰਰਾਸ਼ਟਰੀ ਪੱਧਰ ਦਾ ਜ਼ੂਮ ਵੈਬੀਨਾਰ ਵੀ ਕਰਵਾਇਆ ਜਾਵੇਗਾ, ਜਿਸ ਨਾਲ ਦੋਵਾਂ ਭਾਇਚਾਰਿਆਂ ਦੇ ਧਾਰਮਿਕ ਆਗੂ ਤੇ ਵਿਦਵਾਨ ਮਿਲ ਬੈਠਣਗੇ। ਪਾਕਿਸਤਾਨ ਦੇ ਸੂਬੇ ਪੰਜਾਬ ਦੀ ਵਿਧਾਨ ਸਭਾ-ਸਟੇਟ ਅਸੈਂਬਲੀ ਦੇ ਸਤਿਕਾਰਯੋਗ ਮੈਂਬਰ ਸ੍ਰ: ਰਮੇਸ਼ ਸਿੰਘ ਅਰੋੜਾ ਨੇ ਇਸ ਪਹਿਲਕਦਮੀ ਦਾ ਪੁਰਜੋਰ ਸੁਆਗਤ ਕਰਦਿਆਂ ਆਪਣੇ ਵੱਲੋਂ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ ਹੈ ਪੂਰਾ ਸਮਰਥਨ ਦੇਣ ਦਾ ਵਚਨ ਦਿੱਤਾ ਹੈ ਤਾਂ ਕਿ ਦੋਵਾਂ ਕੌਮਾਂ ਦੇ ਧਾਰਮਿਕ ਤੇ ਰਾਜਨੀਤਕ ਆਗੂ ਮਿਲ ਬੈਠ ਕੇ ਦੋਸਤੀ ਤੇ ਏਕਤਾ ਵਾਸਤੇ ਕੁਝ ਚੰਗੀਆਂ ਯੋਜਨਾਵਾਂ ਅਮਲ ਵਿਚ ਲਿਆ ਸਕਣ।





















# ਵਿਦੇਸ਼ ਦਾ ਦੌਰਾ ਕਰਨ ਤੋਂ ਬਾਅਦ ਕੰਜ਼ਰਵੇਟਿਵ ਐਮਪੀ ਨੇ ਦਿੱਤਾ ਅਸਤੀਫਾ, ਸੈਨੇਟਰ ਕਰ ਰਹੇ ਹਨ ਕੁਆਰਨਟੀਨ




ਓਟਵਾ, 7 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਕੌਮਾਂਤਰੀ ਸਫਰ ਕਰਨ ਕਾਰਨ ਸੁਰਖੀਆਂ ਵਿੱਚ ਆਏ ਅਧਿਕਾਰੀਆਂ ਦੀ ਸੂਚੀ ਦਿਨ-ਬ-ਦਿਨ ਲੰਮੀਂ ਹੁੰਦੀ ਜਾ ਰਹੀ ਹੈ। ਹੁਣ ਦੋ ਹੋਰ ਕੰਜ਼ਰਵੇਟਿਵ ਸਿਆਸਤਦਾਨਾਂ ਦੇ ਨਾਂ ਇਸ ਸੂਚੀ ਵਿੱਚ ਸ਼ਾਮਲ ਹੋ ਗਏ ਹਨ।

ਓਨਟਾਰੀਓ ਤੋਂ ਕੰਜ਼ਰਵੇਟਿਵ ਐਮਪੀ ਡੇਵਿਡ ਸਵੀਟ ਉਹ ਸ਼ਖਸ ਹਨ ਜਿਨ੍ਹਾਂ ਉੱਤੇ ਵਿਦੇਸ਼ ਦਾ ਦੌਰਾ ਕਰਨ ਲਈ ਗਾਜ਼ ਡਿੱਗੀ ਹੈ। ਪ੍ਰਾਪਰਟੀ ਦੇ ਕਿਸੇ ਮੁੱਦੇ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਪਿੱਛੇ ਜਿਹੇ ਅਮਰੀਕਾ ਦਾ ਦੌਰਾ ਕੀਤਾ ਗਿਆ ਪਰ ਫਿਰ ਉਹ ਮਨੋਰੰਜਨ ਲਈ ਹੀ ਉੱਥੇ ਰੁਕ ਗਏ। ਇਸ ਸਬੰਧ ਵਿੱਚ ਉਨ੍ਹਾਂ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਪਾਰਟੀ ਦੇ ਵ੍ਹਿਪ ਨੂੰ ਵੀ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਸਮਝੀ। ਉਨ੍ਹਾਂ ਨੂੰ ਹਾਊਸ ਆਫ ਕਾਮਨਜ਼ ਦੀ ਐਕਸੈੱਸ ਟੂ ਇਨਫਰਮੇਸ਼ਨ, ਪ੍ਰਾਈਵੇਸੀ ਤੇ ਐਥਿਕਸ ਕਮੇਟੀ ਦੇ ਚੇਅਰ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਐਲਾਨ ਵੀ ਕੀਤਾ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ। ਸਵੀਟ ਨੇ ਇਹ ਵੀ ਆਖਿਆ ਕਿ ਉਹ ਅਜੇ ਥੋੜ੍ਹਾ ਹੋਰ ਸਮਾਂ ਵਿਦੇਸ਼ ਹੀ ਰਹਿਣਗੇ ਤੇ ਜਲਦ ਕੈਨੇਡਾ ਪਰਤਣਗੇ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਕੰਜ਼ਰਵੇਟਿਵ ਐਮਪੀ ਰੌਨ ਲੀਪਰਟ ਮਾਰਚ ਤੋਂ ਲੈ ਕੇ ਹੁਣ ਤੱਕ ਦੋ ਵਾਰੀ ਅਮਰੀਕਾ ਦਾ ਦੌਰਾ ਕਰ ਚੁੱਕੇ ਹਨ। ਉਹ ਪਾਮ ਡੈਜ਼ਰਟ, ਕੈਲੇਫੋਰਨੀਆ ਸਥਿਤ ਆਪਣੇ ਘਰ ਦੀ ਮੇਨਟੇਨੈਂਸ ਦੇ ਮੁੱਦੇ ਨੂੰ ਲੈ ਕੇ ਉੱਥੇ ਗਏ। ਓਟੂਲ ਦੇ ਆਫਿਸ ਵੱਲੋਂ ਲੀਪਰਟ ਉੱਤੇ ਕਿਸੇ ਕਿਸਮ ਦੀਆਂ ਪਾਬੰਦੀਆਂ ਲਾਏ ਜਾਣ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਇਹ ਵੀ ਪਤਾ ਲੱਗਿਆ ਹੈ ਕਿ ਕੰਜ਼ਰਵੇਟਿਵ ਸੈਨੇਟਰ ਡੌਨ ਪਲੈਟ ਛੁੱਟੀਆਂ ਦੇ ਦਿਨਾਂ ਵਿੱਚ ਮੈਕਸਿਕੋ ਜਾ ਕੇ ਆਏ ਹਨ ਤੇ ਇਸ ਸਮੇਂ ਮੈਨੀਟੋਬਾ ਵਿਚਲੇ ਆਪਣੇ ਘਰ ਵਿੱਚ ਕੁਆਰਨਟੀਨ ਹਨ। ਓਟੂਲ ਵੱਲੋਂ ਇਸ ਗੱਲ ਉੱਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਕਿ ਕੀ ਪਲੈਟ ਨੂੰ ਕਿਸੇ ਤਰ੍ਹਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ ਜਾਂ ਨਹੀਂ।

ਲਿਬਰਲ ਤੇ ਐਨਡੀਪੀ ਐਮਪੀਜ਼ ਨੂੰ ਵੀ ਟਰੈਵਲ ਕਰਨ ਲਈ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਐਮਪੀਜ਼ ਖਿਲਾਫ ਕਾਰਵਾਈ ਹੋਈ ਹੈ ਉਨ੍ਹਾਂ ਵਿੱਚ ਐਨਡੀਪੀ ਦੀ ਐਮਪੀ ਨਿੱਕੀ ਐਸ਼ਟਨ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਗਰਮੀਆਂ ਦੌਰਾਨ ਵਿਦੇਸ਼ ਦਾ ਦੌਰਾ ਕਰਨ ਵਾਲੇ ਤਿੰਨ ਲਿਬਰਲ ਐਮਪੀਜ਼ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਲਿਬਰਲ ਵ੍ਹਿਪ ਮਾਰਕ ਹੌਲੈਂਡ ਦੇ ਆਫਿਸ ਨੇ ਆਖਿਆ ਕਿ ਇਹ ਤਿੰਨੇ ਆਪਣੇ ਪਰਿਵਾਰਕ ਮਾਮਲਿਆਂ ਦੇ ਸਬੰਧ ਵਿੱਚ ਵਿਦੇਸ਼ ਗਏ ਸਨ ਇਸ ਲਈ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਪਰ ਦੋ ਹੋਰ ਲਿਬਰਲ ਐਮਪੀਜ਼ ਵੱਲੋਂ ਹੌਲੈਂਡ ਦੇ ਆਫਿਸ ਨੂੰ ਆਪਣੇ ਟਰੈਵਲ ਦੀ ਜਾਣਕਾਰੀ ਨਹੀਂ ਦਿੱਤੀ ਗਈ ਇਸ ਲਈ ਉਨ੍ਹਾਂ ਨੂੰ ਵਾਧੂ ਪਾਰਲੀਆਮੈਂਟਰੀ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਗਿਆ।

# ਅਲਬਰਟਾ ਵਿੱਚ ਹੋਏ ਹੈਲੀਕਾਪਟਰ ਹਾਦਸੇ ਵਿੱਚ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਹੋਈ ਮੌਤ



ਐਡਮੰਟਨ, 7 ਜਨਵਰੀ (ਪੋਸਟ ਬਿਊਰੋ) : ਨਵੇਂ ਸਾਲ ਵਾਲੇ ਦਿਨ ਹੈਲੀਕਾਪਟਰ ਵਿੱਚ ਹੋਏ ਹਾਦਸੇ ਵਿੱਚ ਉੱਤਰੀ ਅਲਬਰਟਾ ਦੇ ਇੱਕ ਜੋੜੇ ਤੇ ਉਨ੍ਹਾਂ ਦੀਆਂ ਅੱਠ ਤੇ ਦੋ ਸਾਲ ਦੀਆਂ ਦੋ ਧੀਆਂ ਦੀ ਮੌਤ ਹੋ ਗਈ।

ਗ੍ਰੈਂਡ ਪ੍ਰੇਰੀ ਵਿੱਚ ਉੱਤਰ ਪੱਛਮ ਤੋਂ 100 ਕਿਲੋਮੀਟਰ ਦੀ ਦੂਰੀ ਉੱਤੇ ਖੇਤਾਂ ਵਿੱਚ ਹਾਦਸੇ ਦਾ ਸ਼ਿਕਾਰ ਹੋਏ ਰੌਬਿਨਸਨ ਆਰ 44 ਵਿੱਚ ਮਾਰੇ ਗਏ ਮਹਿਲਾ ਤੇ ਪੁਰਸ਼ ਦੀ ਪਛਾਣ 45 ਸਾਲਾ ਵੇਡ ਤੇ 37 ਸਾਲ ਆਬਰੇ ਬਾਲਿਸਕੀ ਵਜੋਂ ਹੋਈ। ਆਰਸੀਐਮਪੀ ਦੇ ਸਾਰਜੈਂਟ ਸ਼ਾਅਨ ਫਰੈਂਚ ਨੇ ਆਖਿਆ ਕਿ ਇਸ ਹਾਦਸੇ ਵਿੱਚ ਮਾਰੀਆਂ ਗਈਆਂ ਦੋ ਬੱਚੀਆਂ ਵੀ ਇਸ ਜੋੜੇ ਦੀਆਂ ਹੀ ਧੀਆਂ ਸਨ। ਉਨ੍ਹਾਂ ਦੀ ਪਛਾਣ 8 ਸਾਲਾਂ ਦੀ ਜਿਊਲ ਤੇ ਦੋ ਸਾਲਾਂ ਦੀ ਫਲੇਅਰ ਵਜੋਂ ਕੀਤੀ ਗਈ।

ਇਸ ਜੋੜੇ ਦੇ ਤਿੰਨ ਹੋਰ 16,14 ਤੇ 12 ਸਾਲਾਂ ਦੇ ਬੱਚੇ ਵੀ ਹਨ। ਇਹ ਪਰਿਵਾਰ ਡੀਬੋਲਟ, ਅਲਬਰਟਾ ਵਿੱਚ ਰਹਿੰਦਾ ਸੀ। ਗ੍ਰੈਂਡ ਪ੍ਰੇਰੀ-ਮੈਕੈਂਜ਼ੀ ਤੋਂ ਐਮਪੀ ਕ੍ਰਿਸਟੋਫਰ ਵਾਰਕੈਨਟਿਨ, ਜੋ ਕਿ ਔਬਰੇ ਦਾ ਕਜ਼ਨ ਹੈ, ਨੇ ਇੱਕ ਸਾਂਝੇ ਬਿਆਨ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਦਾ ਸ਼ੁਕਰੀਆ ਅਦਾ ਕੀਤਾ।

# ਭਰੀ ਪੰਚਾਇਤ ਵਿੱਚ ਗੁਆਂਢੀ ਦਾ ਕਤਲ ਕਰ ਦਿੱਤਾ ਗਿਆ

ਪਟਿਆਲਾ, 7 ਜਨਵਰੀ (ਪੋਸਟ ਬਿਊਰੋ)- ਸਨੌਰ ਥਾਣੇ ਦੇ ਜੌੜੀਆਂ ਸੜਕਾਂ ਨੇੜੇ ਸਿੰਘ ਪੁਰਾ ਵਿਖੇ ਗਲੀ ਦੇ ਝਗੜੇ ਬਾਰੇ ਚੱਲ ਰਹੀ ਪੰਚਾਇਤ 'ਚ ਛੁਰਾ ਮਾਰਕੇ ਗੁਆਂਢੀ ਨੇ ਗੁਆਂਢੀ ਦਾ ਕਤਲ ਦਿਤਾ ਅਤੇ ਫ਼ਰਾਰ ਹੋ ਗਿਆ। ਇਸ ਬਾਰੇ ਸਨੌਰ ਪੁਲਸ ਨੇ ਚਾਰ ਵਿਅਕਤੀਆਂ ਜਰਨੈਲ ਸਿੰਘ, ਸਵਰਨ ਸਿੰਘ, ਕਰਨਵੀਰ ਸਿੰਘ ਅਤੇ ਮਲੂਕ ਸਿੰਘ ਦੇ ਖ਼ਿਲਾਫ਼ ਧਾਰਾ 302 ਹੇਠ ਕਤਲ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਜੌੜੀਆਂ ਸੜਕਾਂ ਨਜਦੀਕ ਪਿੰਡ ਸਿੰਘ ਪੁਰਾ ਵਿਖੇ ਮ੍ਰਿਤਕ ਗੁਰਜੀਤ ਸਿੰਘ (ਭਲਵਾਨ) ਹਰਿਆਣਾ ਰਾਜ ਦੇ ਪਿੰਡ ਨਿਰਮਾਨਬਾਦ ਜ਼ਿਲ੍ਹਾ ਜੀਂਦ ਤੋਂ ਕਰੀਬ ਪੰਜ ਕੁ ਸਾਲ ਪਹਿਲਾਂ ਇੱਥੇ ਆਇਆ ਸੀ। ਇਸੇ ਤਰ੍ਹਾਂ ਸਵਰਨ ਸਿੰਘ ਵੀ ਕੁਝ ਸਾਲ ਪਹਿਲਾਂ ਪਿੰਡ ਸਲੇਮਪੁਰ ਜੱਟਾਂ ਜ਼ਿਲ੍ਹਾ ਪਟਿਆਲਾ ਤੋਂ ਇੱਥੋਂ ਆਪਣਾ ਘਰ ਬਣਾਕੇ ਰਹਿ ਰਿਹਾ ਸੀ। ਮ੍ਰਿਤਕ ਗੁਰਜੀਤ ਸਿੰਘ ਆਪਣੀ ਕੋਠੀ ਦੇ ਗੇਟ ਅੱਗੇ ਰੈਂਪ ਬਣ ਰਿਹਾ ਸੀ ਤਾਂ ਸਵਰਨ ਸਿੰਘ ਨੇ ਇਤਰਾਜ਼ ਕੀਤਾ। ਇਸ ਗੱਲ ਬਾਰੇ ਦੋਨਾਂ 'ਚ ਝਗੜਾ ਹੋ ਗਿਆ। ਫਿਰ ਪਿੰਡ ਦੀ ਪੰਚਾਇਤ ਇਕੱਠੀ ਹੋਈ। ਪੰਚਾਇਤ 'ਚ ਹੀ ਸਵਰਨ ਸਿੰਘ ਨੇ ਗੁਰਜੀਤ ਸਿੰਘ (ਭਲਵਾਨ) ਦੇ ਪੇਟ 'ਚ ਛੁਰਾ ਮਾਰ ਦਿੱਤਾ ਅਤੇ ਫ਼ਰਾਰ ਹੋ ਗਿਆ। ਗੁਰਜੀਤ ਸਿੰਘ ਨੂੰ ਮੌਕੇ 'ਤੇ ਮੌਜੂਦ ਲੋਕ ਹਸਪਤਾਲ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਕਰ ਦੇ ਦਿੱਤਾ।

# ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਨਾਲ ਲਿਆਉਣ ਦੇ ਨਿਯਮ ਕਾਰਨ ਏਅਰਲਾਈਨਜ਼ ਤੇ ਯਾਤਰੀ ਭੰਬਲਭੂਸੇ 'ਚ



ਓਟਵਾ, 7 ਜਨਵਰੀ (ਪੋਸਟ ਬਿਊਰੋ) : ਵਿਦੇਸ਼ਾਂ ਤੋਂ ਕੈਨੇਡਾ ਪਰਤਣ ਵਾਲੇ ਯਾਤਰੀਆਂ ਨੂੰ ਆਪਣੇ ਨਾਲ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਲੈ ਕੇ ਆਉਣ ਦੇ ਫੈਡਰਲ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਕਾਰਨ ਏਅਰਲਾਈਨਜ਼ ਤੇ ਯਾਤਰੀਆਂ ਦਰਮਿਆਨ ਸਥਿਤੀ ਥੋੜ੍ਹੀ ਭੰਬਲਭੂਸੇ ਵਾਲੀ ਹੈ। ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਪਿਛਲੇ ਵੀਰਵਾਰ ਇਹ ਐਲਾਨ ਕੀਤਾ ਸੀ ਕਿ ਵਿਦੇਸ਼ ਤੋਂ ਕੈਨੇਡਾ ਆਉਣ ਵਾਲੇ ਯਾਤਰੀਆਂ ਨੂੰ ਆਪਣਾ ਨੈਗੇਟਿਵ ਮੌਲੀਕਿਊਲਰ ਟੈਸਟ, ਜਿਸ ਨੂੰ ਪੀਸੀਆਰ ਟੈਸਟ ਵੀ ਆਖਿਆ ਜਾਂਦਾ ਹੈ, ਜੋ ਕਿ ਡਿਪਾਰਚਰ ਤੋਂ 72 ਘੰਟਿਆਂ ਦੇ ਅੰਦਰ ਅੰਦਰ ਲਿਆ ਗਿਆ ਹੋਵੇ, ਪੇਸ਼ ਕਰਨਾ ਹੋਵੇਗਾ। ਨੈਸ਼ਨਲ ਏਅਰਲਾਈਨਜ਼ ਕਾਊਂਸਲ ਆਫ ਕੈਨੇਡਾ ਦੇ ਚੀਫ ਐਗਜ਼ੈਕਟਿਵ ਮਾਈਕ ਮੈਕਨੈਨੇ ਨੇ ਆਖਿਆ ਕਿ ਟਰਾਂਸਪੋਰਟ ਡਿਪਾਰਟਮੈਂਟ ਵੱਲੋਂ ਅਜੇ ਉਨ੍ਹਾਂ ਵਿਦੇਸ਼ੀ ਏਜੰਸੀਆਂ ਦੀ ਲਿਸਟ ਮੁਹੱਈਆ ਕਰਵਾਈ ਜਾਣੀ ਹੈ ਜਿਨ੍ਹਾਂ ਦੇ ਅਜਿਹੇ ਟੈਸਟਾਂ ਨੂੰ ਮਾਨਤਾ ਦਿੱਤੀ ਜਾਵੇਗੀ ਜਾਂ ਫਿਰ ਇਸ ਸਬੰਧ ਵਿੱਚ ਵੀ ਦਿਸ਼ਾ ਨਿਰਦੇਸ਼ ਜਾਰੀ ਕਰਨੇ ਹਨ ਕਿ ਏਅਰਲਾਈਨ ਇੰਪਲੌਈਜ਼ ਇਹ ਕਿਸ ਤਰ੍ਹਾਂ ਤੈਅ ਕਰਨ ਕਿ ਕੋਈ ਟੈਸਟ ਸਰਟੀਫਿਕੇਟ ਜਾਇਜ਼ ਹੈ ਜਾਂ ਨਹੀਂ।

ਉਨ੍ਹਾਂ ਆਖਿਆ ਕਿ ਹੁਣ ਜਦੋਂ ਇਨ੍ਹਾਂ ਨਿਯਮਾਂ ਨੂੰ ਲਾਗੂ ਕੀਤੇ ਜਾਣ ਵਿੱਚ ਇੱਕ ਹਫਤੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ, ਸਾਨੂੰ ਅਜੇ ਤੱਕ ਵੀ ਅੰਤਰਿਮ ਹੁਕਮਾਂ ਦੀਆਂ ਕਾਪੀਆਂ ਲਿਖਤੀ ਤੌਰ ਉੱਤੇ ਨਹੀਂ ਮਿਲੀਆਂ। ਉਨ੍ਹਾਂ ਆਖਿਆ ਕਿ ਇਸ ਪ੍ਰਕਿਰਿਆ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਾਨੂੰ ਅੰਤਰਿਮ ਹੁਕਮਾਂ ਦੀਆਂ ਕਾਪੀਆਂ ਤਾਂ ਚਾਹੀਦੀਆਂ ਹੋਣਗੀਆਂ।

ਮੈਕਨੈਨੇ ਨੇ ਆਖਿਆ ਕਿ ਇਨ੍ਹਾਂ ਨਵੇਂ ਨਿਯਮਾਂ, ਜਿਨ੍ਹਾਂ ਵਿੱਚ ਟੈਸਟ ਨਤੀਜੇ ਕੁੱਝ ਵੀ ਹੋਣ ਦੇ ਬਾਵਜੂਦ ਯਾਤਰੀ ਨੂੰ 14 ਦਿਨਾਂ ਲਈ ਕੈਨੇਡਾ ਵਿੱਚ ਕੁਆਰਨਟੀਨ ਕੀਤੇ ਜਾਣ ਦੀ ਸ਼ਰਤ ਨਾਲ ਏਅਰਲਾਈਨਜ਼ ਤੇ ਯਾਤਰੀਆਂ ਵਿੱਚ ਸਥਿਤੀ ਕਾਫੀ ਭੰਬਲਭੂਸੇ ਵਾਲੀ ਹੈ। ਏਅਰ ਟਰਾਂਜ਼ੈਟ ਦੇ ਵਾਈਸ ਪ੍ਰੈਜ਼ੀਡੈਂਟ ਕ੍ਰਿਸਟੋਫੇ ਹੈਨੇਬੈਲ ਨੇ ਆਖਿਆ ਕਿ ਓਟਵਾ ਵੱਲੋਂ ਇਹ ਨਵੀਂ ਸ਼ਰਤ ਰੱਖ ਦਿੱਤੀ ਗਈ ਹੈ, ਜੋ ਕਿ ਵੀਰਵਾਰ ਤੋਂ ਪ੍ਰਭਾਵੀ ਹੋ ਰਹੀ ਹੈ। ਇਸ ਲਈ ਸਰਕਾਰ ਨੇ ਕਿਸੇ ਨਾਲ ਅਗਾਊਂ ਸਲਾਹ ਮਸ਼ਵਰਾ ਵੀ ਨਹੀਂ ਕੀਤਾ। ਨਾ ਹੀ ਸਾਨੂੰ ਕੋਈ ਅਗਾਊਂ ਨੋਟਿਸ ਭੇਜਿਆ ਗਿਆ ਹੈ। ਉਨ੍ਹਾਂ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਸਰਕਾਰ ਟਰੈਵਲ ਰੋਕਣਾ ਚਾਹੁੰਦੀ ਹੈ ਪਰ ਸਿੱਧੇ ਤੌਰ ਉੱਤੇ ਨਹੀਂ ਆਖ ਰਹੀ। ਟਰਾਂਸਪੋਰਟ ਕੈਨੇਡਾ ਨੇ ਇਸ ਸਵਾਲ ਉੱਤੇ ਫੌਰੀ ਤੌਰ ਉੱਤੇ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ।

# ਜਲੰਧਰ ਨੇੜੇ ਗੂੰਗੀ-ਬੋਲੀ ਮਾਂ ਅਤੇ ਅੰਗਹੀਣ ਪੁੱਤਰ ਦਾ ਕਤਲ

ਲੋਹੀਆ ਖਾਸ, 7 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਜਲੰਧਰ ਦੇ ਬਲਾਕ ਲੋਹੀਆ ਦੇ ਪਿੰਡ ਅਲੀਵਾਲ ਵਿਖੇ ਮਾਂ ਤੇ ਪੁੱਤ ਦਾ ਕਤਲ ਕਰ ਦਿੱਤੇ ਜਾਣ ਦੀ ਖ਼ਬਰ ਆਈ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਮੰਗਤ ਰਾਮ (32) ਪੁੱਤਰ ਸੁਦਾਗਰ, ਜੋ ਅੰਗਹੀਣ ਅਤੇ ਸਿਧੜਾ ਸੀ ਅਤੇ ਬੱਕਰੀਆਂ ਚਾਰਨ ਆਦਿ ਦਾ ਕੰਮ ਕਰਦਾ ਸੀ ਅਤੇ ਉਸਦੀ ਮਾਂ ਕਰਤਾਰੀ (70) ਪਤਨੀ ਸਵਰਗੀ ਸੁਦਾਗਰ, ਜੋ ਗੂੰਗੀ ਤੇ ਬੋਲੀ ਸੀ ਤੇ ਆਪਣਾ ਗੁਜ਼ਾਰਾ ਇਧਰੋਂ-ਉਧਰੋਂ ਮੰਗ ਕੇ ਕਰਦੀ ਸੀ, ਨੂੰ ਲੰਘੀ ਰਾਤ ਅਣਪਛਾਤੇ ਬੰਦਿਆਂ ਨੇ ਕਤਲ ਕਰ ਦਿੱਤਾ ਹੈ। ਪਿੰਡ ਦੀ ਸਰਪੰਚ ਸੁਖਵਿੰਦਰ ਕੌਰ ਤੇ ਮ੍ਰਿਤਕਾਂ ਦੇ ਪਰਵਾਰਕ ਮੈਂਬਰ ਜਸਪਾਲ ਸਿੰਘ ਪੁੱਤਰ ਦਰਸ਼ਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਰਤਾਰੀ ਅਤੇ ਉਸ ਦੇ ਪੁੱਤਰ ਮੰਗਤ ਰਾਮ ਨੇ ਲੋਹੜੀ ਮੰਗ ਕੇ 1200 ਰੁਪਏ ਇਕੱਠੇ ਕੀਤੇ ਸਨ, ਜਿਨ੍ਹਾਂ ਨੂੰ ਉਹ ਪਿੰਡ ਵਿੱਚ ਲੈ ਕੇ ਘੁੰਮਦੇ ਰਹੇ ਤੇ ਕਿਸੇ ਨਸ਼ੇੜੀ ਦੀ ਨਜ਼ਰੀ ਪੈ ਗਏ, ਜੋ ਕਤਲ ਦਾ ਕਾਰਨ ਬਣੇ ਹੋ ਸਕਦੇ ਹਨ। ਪਿੰਡ ਵਾਸੀਆਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਮ੍ਰਿਤਕ ਕਰਤਾਰੀ ਆਪਣੇ ਘਰ ਹੋਈਆਂ ਚੋਰੀਆਂ ਦੀ ਸ਼ਿਕਾਇਤਾਂ ਕਰਦੀ ਆਈ ਹੈ। ਇਸ ਘਟਨਾ ਦੀ ਜਾਣਕਾਰੀ ਮਿਲਦੇ ਸਾਰ ਜਲੰਧਰ ਦੇ ਐਸ ਐਸ ਪੀ ਸੰਦੀਪ ਗਰਗਨੇ ਮੌਕੇ 'ਤੇ ਪਹੁੰਚ ਕੇ ਜ਼ਾਇਜ਼ਾ ਲਿਆ। ਪੁਲਸ ਵੱਲੋਂ ਕੁਝ ਵਿਅਕਤੀਆਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਕੁਝ ਸ਼ੱਕੀ ਵਿਅਕਤੀਆਂ ਦੇ ਘਰੋਂ ਫ਼ਰਾਰ ਹੋਣ ਨੇ ਇਸ ਵਾਰਦਾਤ ਦੇ ਜਲਦੀ ਸੁਲਝ ਜਾਣ ਦੀ ਆਸ ਬੰਨ੍ਹੀ ਹੈ।

# ਪੰਜਾਬ ਵਿੱਚ ਝੁੱਗੀ-ਝੌਂਪੜੀ ਵਾਸੀਆਂ ਨੂੰ ਮਾਲਕਾਨਾ ਹੱਕ ਮਿਲਣਗੇ



ਚੰਡੀਗੜ੍ਹ, 7 ਜਨਵਰੀ (ਪੋਸਟ ਬਿਊਰੋ)- ਮੁੱਖ ਮੰਤਰੀ ਝੁੱਗੀ-ਝੌਂਪੜੀ ਵਿਕਾਸ ਪ੍ਰੋਗਰਾਮ 'ਬਸੇਰਾ' ਤਹਿਤ ਪਟਿਆਲਾ, ਬਠਿੰਡਾ ਅਤੇ ਫਾਜ਼ਿਲਕਾ ਦੇ ਝੁੱਗੀ-ਝੌਂਪੜੀ ਵਾਸੀਆਂ ਨੂੰ ਮਾਲਕੀ ਹੱਕ ਦਿੱਤੇ ਜਾਣਗੇ ਤੇ ਮੋਗਾ ਵਿਖੇ ਝੁੱਗੀ-ਝੌਂਪੜੀ ਵਿੱਚ ਰਹਿਣ ਵਾਲਿਆਂ ਨੂੰ ਉਨ੍ਹਾਂ ਦੇ ਮਾਲਕੀ ਹੱਕ ਵੱਖਰੇ ਤੌਰ 'ਤੇ ਮਿਊਂਸਪਲ ਹੱਦ ਅੰਦਰ ਆਉਂਦੀ ਜ਼ਮੀਨ ਵਿਖੇ ਤਬਦੀਲ ਕਰ ਕੇ ਦਿੱਤੇ ਜਾਣਗੇ। ਇਹ ਪੰਜਾਬ ਸਰਕਾਰ ਦੀ ਇੱਕ ਨਵੀਂ ਪਹਿਲ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨੀਂ ਇੱਕ ਉਚ ਪੱਧਰੀ ਵਰਚੁਅਲ ਮੀਟਿੰਗ ਦੌਰਾਨ ਇਨ੍ਹਾਂ ਫੈਸਲਿਆਂ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ 10 ਝੁੱਗੀ-ਝੌਂਪੜੀਆਂ; ਨਗਰ ਨਿਗਮ ਪਟਿਆਲਾ ਦੇ 364 ਲੋਕਾਂ, ਨਗਰ ਨਿਗਮਬਠਿੰਡਾ ਦੇ 200 ਲੋਕਾਂ, ਨਗਰ ਕੌਂਸਲ ਅਬੋਹਰ (ਫਾਜ਼ਿਲਕਾ) ਦੇ 2000 ਅਤੇ ਨਗਰ ਕੌਂਸਲਮੋਗਾ ਦੇ 252 ਲੋਕਾਂ ਨੂੰ ਉਕਤ ਥਾਂ ਤਬਦੀਲ ਕੀਤਾ ਜਾਵੇਗਾ। ਇਸ ਤਰ੍ਹਾਂ ਕੁੱਲ 2816 ਘਰਾਂ ਨੂੰ ਲਾਭ ਪੁੱਜੇਗਾ।ਬਸੇਰਾ ਸਕੀਮ, ਜੋ ਕਿ ਪੰਜਾਬ ਪ੍ਰਾਪਰਟੀ ਰਾਈਟਸ ਟੂ ਸਲੱਮ ਡਿਵੈਪਲਰਜ਼ ਐਕਟ 2020 ਸਮੇਤ ਸਬੰਧਤ ਨਿਯਮਾਂ ਹੇਠ ਆਉਂਦੀ ਹੈ, ਸੂਬਾ ਸਰਕਾਰ ਵੱਲੋਂ ਏਕੀਕ੍ਰਿਤ ਸ਼ਹਿਰੀ ਵਿਕਾਸ ਅਤੇ ਯੋਜਨਾਬੰਦੀ ਦੀ ਦਿਸ਼ਾ ਵਿੱਚ ਵੱਡੀ ਪੁਲਾਂਘ ਹੈ। ਕਿਸੇ ਵੀ ਸ਼ਹਿਰੀ ਖੇਤਰ ਦੇ ਝੁੱਗੀ-ਝੌਂਪੜੀ ਵਾਲੇ ਹਿੱਸੇ ਵਿਚਲੀ ਜ਼ਮੀਨ ਵਾਲੇ ਘਰ ਇਸ ਸਕੀਮ ਵਿੱਚ ਸ਼ਾਮਲ ਹੋਣਗੇ, ਪਰ ਲਾਭਪਾਤਰੀਆਂ ਨੂੰ 'ਤਬਾਦਲਾ ਨਾ ਕੀਤੀ' ਜ਼ਮੀਨ ਤੀਹ ਵਰ੍ਹਿਆਂ ਤੱਕ ਕਿਸੇ ਦੂਜੇ ਦੇ ਨਾਂਅ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਸੂਬੇ ਵਿੱਚ 243 ਝੁੱਗੀ-ਝੌਂਪੜੀਆਂ (ਥਾਵਾਂ) ਹਨ, ਜਿਨ੍ਹਾਂ ਵਿੱਚ ਇੱਕ ਲੱਖ ਲੋਕ ਰਹਿ ਰਹੇ ਹਨ। ਹੋਰ ਜ਼ਿਲਿਆਂ ਜਿਵੇਂ ਪਟਿਆਲਾ, ਬਠਿੰਡਾ, ਫਾਜ਼ਿਲਕਾ ਤੇ ਮੋਗਾ ਵਿੱਚ ਇਸ ਸਮੇਂ ਦੌਰਾਨ ਝੁੱਗੀ-ਝੌਂਪੜੀ ਵਾਲੇ ਘਰਾਂ ਦੇ ਸਰਵੇਖਣ ਦੇ ਨਾਲ ਝੁੱਗੀ-ਝੌਂਪੜੀਆਂ ਦੀ ਪਛਾਣ ਅਤੇ ਇਨ੍ਹਾਂ ਦੀਆਂ ਹੱਦਾਂ ਦੀ ਰੂਪ-ਰੇਖਾ ਤਿਆਰ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਮਿਲੀ ਮਨਜ਼ੂਰੀ ਅਨੁਸਾਰ ਨਗਰ ਨਿਗਮ ਪਟਿਆਲਾ ਵਿਖੇ 156 ਲਾਭ ਪਾਤਰੀਆਂ ਨੂੰ ਰੋਹਿਤ ਕੁੱਟ (ਲੱਕੜ ਮੰਡੀ) ਵਿਚਲੇ 1.052 ਹੈਕਟੇਅਰ (ਅੰਦਰੂਨੀ ਸੜਕਾਂ ਸਹਿਤ) ਝੁੱਗੀ-ਝੌਂਪੜੀ ਖੇਤਰ ਵਿਖੇ ਮਾਲਕਾਨਾ ਹੱਕ ਮਿਲਣਗੇ, ਜਦੋਂ ਕਿ 180 ਲਾਭਪਾਤਰੀਆਂ ਨੂੰ ਰੰਗੇ ਸ਼ਾਹ ਕਾਲੋਨੀ (1.591 ਹੈਕਟੇਅਰ) ਅਤੇ 28 ਲਾਭਪਾਤਰੀਆਂ ਨੂੰ ਦੀਨ ਦਿਆਲ ਉਪਾਧਿਆਏ ਨਗਰ (0.6962 ਹੈਕਟੇਅਰ) ਵਿਖੇ ਮਾਲਕਾਨਾ ਹੱਕ ਹਾਸਲ ਹੋਣਗੇ। ਨਗਰ ਨਿਗਮ ਬਠਿੰਡਾ ਵਿਖੇ ਉੜੀਸਾ ਕਾਲੋਨੀ (6.25 ਏਕੜ) ਦੇ 200 ਲਾਭਪਾਤਰੀਆਂ, ਨਗਰ ਕੌਂਸਲ ਅਬੋਹਰ ਵਿਖੇ ਇੰਦਰਾ ਕਾਲੋਨੀ (25.86 ਕਰੋੜ) ਦੇ 1500 ਅਤੇ ਸੰਤ ਨਗਰ (7.02 ਏਕੜ) ਦੇ 500 ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦਿੱਤੇ ਜਾਣਗੇ। ਨਗਰ ਕੌਂਸਲਮੋਗਾ ਦੇ ਲਾਭਪਾਤਰੀ, ਜਿਨ੍ਹਾਂ ਨੂੰ ਮੋਗਾਜੀਤ ਸਿੰਘ ਵਿਖੇ ਤਬਦੀਲ ਕੀਤਾ ਜਾ ਰਿਹਾ ਹੈ, ਦੀ ਗਿਣਤੀ 130 (ਨਿਹਾਰੀ ਬਸਤੀ ਅਤੇ ਸੂਰਜ ਨਗਰ ਉਤਰ), 104 (ਨਵੀਂ ਦਾਣਾ ਮੰਡੀ) ਅਤੇ 18 (ਪ੍ਰੀਤ ਨਗਰ ਨੇੜੇ ਕੋਟਕਪੂਰਾ ਬਾਈਪਾਸ) ਹੈ।

# ਬ੍ਰਿਟੇਨ ਵਿੱਚ ਲੋਕਾਂ ਨੇ ਕੋਰੋਨਾ ਦੇ ਨਵੇਂ ਸਟ੍ਰੇਨ ਨੂੰ ਭਰਮ ਦੱਸਿਆ

ਲੰਡਨ, 7 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕੋਰੋਨਾ ਦੇ ਨਵੇਂ ਸਟ੍ਰੇਨ ਨੇ ਸਰਕਾਰ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ ਅਤੇ ਸਰਕਾਰ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਣ ਦਾ ਹਰ ਸੰਭਵ ਯਤਨ ਕਰ ਰਹੀ ਹੈ, ਪਰ ਅਜਿਹਾ ਲੱਗਦਾ ਹੈ ਕਿ ਉਥੋਂ ਦੇ ਆਮ ਲੋਕਾਂ ਨੂੰ ਇਸ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ। ਇਹੀ ਕਾਰਨ ਹੈ ਕਿ ਨਵੇਂ ਸਾਲ ਦੇ ਮੌਕੇ 'ਤੇ ਲੋਕਾਂ ਨੇ ਇੱਕ ਹਸਪਤਾਲ ਦੇ ਬਾਹਰ ਕੋਰੋਨਾ ਨੂੰ ਭਰਮ ਦੱਸਦੇ ਹੋਏ ਖੂਬ ਹੰਗਾਮਾ ਕੀਤਾ। ਅਸਲ ਵਿੱਚ ਬ੍ਰਿਟੇਨ ਵਿੱਚ ਸਭ ਤੋਂ ਵੱਡੀ ਸਮੱਸਿਆ ਲਾਕਡਾਊਨ ਹੇਠ ਲੋਕਾਂ ਵੱਲੋਂ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਕਰਨਾ ਹੈ। ਬੀਤੇ ਨੌਂ-ਦਸ ਮਹੀਨਿਆਂ ਤੋਂ ਕਈ ਦੇਸ਼ਾਂ ਵਿੱਚ ਦੇਖਿਆ ਗਿਆ ਹੈ ਕਿ ਲੋਕ ਲਾਕਡਾਊਨ ਅਤੇ ਪਾਬੰਦੀਆਂ ਤੋਂ ਤੰਗ ਆ ਕੇ ਨਿਯਮ ਨੂੰ ਤੋੜਨ ਲੱਗੇ ਹਨ ਅਤੇ ਪੁਲਸ ਦੇ ਸਖਤੀ ਕਰਨ 'ਤੇ ਝੜਪ ਦੀ ਨੌਬਤ ਆ ਜਾਂਦੀ ਹੈ।

# ਲਾਕਡਾਊਨ ਕਾਰਨ ਓਨਟਾਰੀਓ ਵਿੱਚ ਵਰਚੂਅਲ ਕਲਾਸਾਂ ਲਾਉਣਗੇ ਵਿਦਿਆਰਥੀ



ਓਨਟਾਰੀਓ, 7 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਭਰ ਵਿੱਚ ਲੱਗੇ ਲਾਕਡਾਊਨ ਵਜੋ ਸੋਮਵਾਰ ਨੂੰ ਓਨਟਾਰੀਓ ਦੇ ਵਿਦਿਆਰਥੀ ਵਰਚੂਅਲ ਕਲਾਸਾਂ ਵਿੱਚ ਹੀ ਹਿੱਸਾ ਲੈਣਗੇ।

ਸਰਦ ਰੁੱਤ ਦੀਆਂ ਛੁੱਟੀਆਂ ਤੋਂ ਬਾਅਦ ਉੱਤਰੀ ਓਨਟਾਰੀਓ ਦੇ ਸਾਰੇ ਵਿਦਿਆਰਥੀ ਤੇ ਦੱਖਣੀ ਓਨਟਾਰੀਓ ਦੇ ਐਲੀਮੈਂਟਰੀ ਵਿਦਿਆਰਥੀਆਂ ਲਈ ਇਹ ਮਾਪਦੰਡ ਪਿਛਲੇ ਹਫਤੇ ਵਿੱਚ ਸਮਾਪਤ ਹੋ ਗਏ। ਦੱਖਣੀ ਓਨਟਾਰੀਓ ਦੇ ਹਾਈ ਸਕੂਲ ਵਿਦਿਆਰਥੀ 25 ਜਨਵਰੀ ਤੱਕ ਆਨਲਾਈਨ ਲਰਨਿੰਗ ਜਾਰੀ ਰੱਖਣਗੇ। ਪ੍ਰੋਵਿੰਸ ਭਰ ਵਿੱਚ ਸਟਡਾਊਨ ਤੋਂ ਬਾਅਦ ਵੀ ਚਾਈਲਡ ਕੇਅਰ ਖੁੱਲ੍ਹੀ ਰਹੇਗੀ। ਪਰ ਜਿਸ ਸਮੇਂ ਐਲੀਮੈਂਟਰੀ ਸਕੂਲ ਵਰਚੂਅਲੀ ਆਪਰੇਟ ਕਰਨਗੇ ਉਸ ਦੌਰਾਨ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰ ਤੇ ਆਥੋਰਾਈਜ਼ਡ ਮਨੋਰੰਜਨ ਤੇ ਸਕਿੱਲ ਬਿਲਡਿੰਗ ਪ੍ਰੋਵਾਈਡਰਜ਼ ਨੂੰ ਸਕੂਲ ਜਾਣ ਵਾਲੇ ਬੱਚਿਆਂ ਨੂੰ ਸਰਵ ਕਰਨ ਤੋਂ ਵਰਜਿਆ ਗਿਆ ਹੈ।

ਇਸ ਤੋਂ ਪਹਿਲਾਂ ਤੇ ਬਾਅਦ ਵਿੱਚ ਸਕੂਲ ਪ੍ਰੋਗਰਾਮਾਂ 4 ਜਨਵਰੀ ਤੋਂ 8 ਜਨਵਰੀ ਤੱਕ ਬੰਦ ਰਹਿਣਗੇ। ਇਹ ਪ੍ਰੋਵਿੰਸ਼ੀਅਲ ਲਾਕਡਾਊਨ ਦਾ ਹੀ ਹਿੱਸਾ ਹੈ ਤੇ ਇਹ ਬਾਕਸਿੰਗ ਡੇਅ ਉੱਤੇ ਸ਼ੁਰੂ ਹੋਇਆ ਤੇ ਇਹ 9 ਜਨਵਰੀ ਤੱਕ ਉੱਤਰੀ ਓਨਟਾਰੀਓ ਤੇ 23 ਜਨਵਰੀ ਤੱਕ ਦੱਖਣੀ ਓਨਟਾਰੀਓ ਵਿੱਚ ਜਾਰੀ ਰਹੇਗਾ।

# ਪਤਨੀ ਨੇ ਪਤੀ ਦੀ ਪ੍ਰੇਮਿਕਾ ਤੋਂ ਸਵਾ ਕਰੋੜ ਦੀ ਜਾਇਦਾਦ ਲੈ ਕੇ ਨਾਲ ਰਹਿਣ ਦੀ ਆਗਿਆ ਦਿੱਤੀ

ਭੋਪਾਲ, 7 ਜਨਵਰੀ (ਪੋਸਟ ਬਿਊਰੋ)- ਪਰਵਾਰਕ ਸੰਬੰਧਾਂ ਦੀ ਉਲਝੀ ਹੋਈ ਗੁੱਥੀ ਬਾਰੇ ਇੱਕ ਫਿਲਮ 'ਜੁਦਾਈ' ਬਣੀ ਸੀ। ਇਸ ਵਿੱਚ ਪਤਨੀ ਨੇ ਇੱਕ ਕਰੋੜ ਰੁਪਏ ਲੈ ਕੇ ਪਤੀ ਨੂੰ ਪ੍ਰੇਮਿਕਾ ਨੂੰ ਸੌਂਪ ਦਿੱਤਾ ਅਤੇ ਖੁਦ ਤਲਾਕ ਲੈ ਕੇ ਉਨ੍ਹਾਂ ਦਾ ਵਿਆਹ ਕਰਵਾ ਦਿੱਤਾ ਸੀ। ਇਸੇ ਤਰ੍ਹਾਂ ਦਾ ਕੇਸ ਭੋਪਾਲ ਦੇ ਫੈਮਿਲੀ ਕੋਰਟ ਵਿੱਚ ਆਇਆ ਹੈ। ਇਸ ਵਿੱਚ ਵੀ ਪਤੀ ਤੋਂ ਉਮਰ ਵਿੱਚ ਵੱਡੀ ਪ੍ਰੇਮਿਕਾ ਕੋਲੋਂ ਕਰੀਬ ਸਵਾ ਕਰੋੜ ਦੀ ਜਾਇਦਾਦ ਲੈ ਕੇ ਉਸ ਦੀ ਪਤਨੀ ਨੇ ਆਪਣੇ ਪਤੀ ਨੂੰ ਉਸ ਦੇ ਨਾਲ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਬਾਰੇ ਇੱਕ ਸਮਝੌਤਾ ਵੀ ਹੋਇਆ ਹੈ। ਪ੍ਰੇਮਿਕਾ ਨੇ 60 ਲੱਖ ਕੀਮਤ ਦਾ ਡੁਪਲੈਕਸ, 27 ਲੱਖ ਰੁਪਏ ਨਕਦ ਅਤੇ ਇੱਕ ਪਲਾਟ ਪ੍ਰੇਮੀ ਦੀ ਪਤਨੀ ਦੇ ਨਾਂਅ ਕਰ ਦਿੱਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਇਸ ਜੋੜੇ ਦੀ ਨਾਬਾਲਗ ਬੇਟੀ ਨੇ ਫੈਮਿਲੀ ਕੋਰਟ ਦੀ ਕੌਂਸਲਰ ਸਰਿਤਾ ਰਾਜਾਨੀ ਦੇ ਕੋਲ ਆਪਣੇ ਮਾਤਾ-ਪਿਤਾ ਵਿੱਚ ਸੁਲ੍ਹਾ ਕਰਾਉਣ ਲਈ ਅਪੀਲ ਕੀਤੀ ਸੀ। ਕੌਂਸਲਰ ਦੇ ਮੁਤਾਬਕ ਪ੍ਰੇਮਿਕਾ 54 ਸਾਲ ਦੀ ਹੈ ਅਤੇ ਉਸ ਦਾ ਆਪਣੇ ਸਾਥੀ ਕਰਮਚਾਰੀ 42 ਸਾਲਾ ਪੁਰਸ਼ ਨਾਲ ਅੱਠ ਸਾਲ ਤੋਂ ਪ੍ਰੇਮ ਚੱਲ ਰਿਹਾ ਸੀ। ਔਰਤ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਪ੍ਰੇਮੀ ਵਿਆਹੁਤਾ ਹੈ ਅਤੇ ਉਸ ਦੀਆਂ 16 ਅਤੇ 12 ਸਾਲ ਦੀਆਂ ਦੋ ਬੇਟੀਆਂ ਹਨ। ਮਹਿਲਾ ਨੇ ਜਦ ਪ੍ਰੇਮੀ ਨਾਲ ਉਸ ਦੇ ਘਰ ਰਹਿਣ ਦੀ ਜ਼ਿਦ ਕੀਤੀ ਤਾਂ ਪਤੀ-ਪਤਨੀ ਦਾ ਝਗੜਾ ਸ਼ੁਰੂ ਹੋਇਆ ਅਤੇ ਵਧਦਾ ਗਿਆ। ਜੋੜੇ ਦੀ ਬੇਟੀ ਦੀ ਪਹਿਲ ਉਤੇ ਕੌਂਸਲਰ ਨੇ ਜੋੜੇ ਅਤੇ ਪ੍ਰੇਮਿਕਾ ਦੀ ਕਈ ਪੜਾਵਾਂ ਵਿੱਚ ਕਾਊਂਸਲਿੰਗ ਕੀਤੀ। ਇਸ ਦੇ ਬਾਅਦ ਪ੍ਰੇਮਿਕਾ ਆਪਣੇ ਪ੍ਰੇਮੀ ਦੀ ਪਤਨੀ ਨੂੰ ਆਪਣੀ ਜੀਵਨ ਭਰ ਦੀ ਪੂੰਜੀ ਦੇਣ ਲਈ ਤਿਆਰ ਹੋ ਗਈ। ਕੌਂਸਲਰ ਨੇ ਦੱਸਿਆ ਕਿ ਪਤਨੀ ਦਾ ਕਹਿਣਾ ਸੀ ਕਿ 18 ਸਾਲ ਦਾ ਰਿਸ਼ਤਾ ਟੁੱਟ ਗਿਆ ਹੈ, ਜਦ ਪਤੀ ਉਸ ਨਾਲ ਰਹਿਣ ਲਈ ਕਿਸੇ ਤਰ੍ਹਾਂ ਨਾਲ ਸਹਿਮਤ ਨਹੀਂ ਹੋਇਆ ਤਾਂ ਉਸ ਨੂੰ ਲੱਗਾ ਕਿ ਇਹੋ ਜਿਹੇ ਪਤੀ ਨੂੰ ਜਾਣ ਦਿਓ। ਦੂਸਰਾ, ਬੇਟੀਆਂ ਦੇ ਭਵਿੱਖ ਲਈ ਪੈਸਾ ਜ਼ਰੂਰੀ ਹੈ, ਇਸ ਲਈ ਪਤੀ ਦੀ ਪ੍ਰੇਮਿਕਾ ਦੀ ਤਜਵੀਜ਼ ਮੰਨ ਲਈ।ਕਾਊਂਸਲਿੰਗ ਵਿੱਚ ਪਤੀ ਨੇ ਕਿਹਾ ਕਿ ਉਹ ਦੋਵਾਂ ਨੂੰ ਰੱਖਣਾ ਚਾਹੁੰਦਾ ਹੈ, ਪਰ ਪਤਨੀ ਨੂੰ ਇਹ ਮਨਜ਼ੂਰ ਨਹੀਂ। ਪਤੀ ਨੇ ਕਿਹਾ ਕਿ ਉਹ ਧੀਆਂ ਦੇ ਕਾਰਨ ਪਤਨੀ ਨਹੀਂ ਛੱਡ ਸਕਦਾ ਅਤੇ ਪ੍ਰੇਮਿਕਾ ਤੋਂ ਵੱਖ ਵੀ ਨਹੀਂ ਰਹਿ ਸਕਦਾ। ਉਸ ਨੇ ਕਿਹਾ ਕਿ ਉਸ ਨੂੰ ਪ੍ਰੇਮਿਕਾ ਦਾ ਸਾਥ ਚੰਗਾ ਲੱਗਦਾ ਹੈ। ਕਾਊਂਸਲਿੰਗ ਦੇ ਦੌਰਾਨ ਪ੍ਰੇਮਿਕਾ ਨੇ ਕਿਹਾ ਕਿ ਉਹ ਇਕੱਠੇ ਰਹਿਣ ਲਈ ਪ੍ਰੇਮੀ ਦੀ ਪਤਨੀ ਦੇ ਗੁਜ਼ਾਰੇ ਅਤੇ ਬੇਟੀਆਂ ਦੇ ਭਵਿੱਖ ਨੂੰ ਦੇਖਦੇ ਹੋਏ ਆਪਣੀ ਜੀਵਨ ਭਰ ਦੀ ਕਮਾਈ ਦੇਣ ਨੂੰ ਤਿਆਰ ਹੈ। ਉਸ ਨੇ ਪ੍ਰੇਮੀ ਦੀ ਪਤਨੀ ਦੇ ਸਾਹਮਣੇ ਇਹ ਪ੍ਰਸਤਾਵ ਰੱਖਿਆ ਅਤੇ ਉਸ ਨੇ ਇਹ ਸਵੀਕਾਰ ਕਰ ਲਿਆ।




# ਫਿਲਮੀ ਦੁਨੀਆ

## ‘ਕਾਗਜ਼’ ਵਿੱਚ ਹਕੀਕਤ ਨੂੰ ਵਿਅੰਗ ਨਾਲ ਪੇਸ਼ ਕੀਤਾ : ਪੰਕਜ ਤ੍ਰਿਪਾਠੀ



ਅਭਿਨੇਤਾ ਪੰਕਜ ਤ੍ਰਿਪਾਠੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਅਗਲੀ ਫਿਲਮ ‘ਕਾਗਜ਼’ ਵਿੱਚ ਹਕੀਕਤ ਨੂੰ ਵਿਅੰਗ ਮਈ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਉਹ ਕਹਾਣੀ ਵਿੱਚ ਦਰਸਾਈ ਗਈ ਸਥਿਤੀ ਦੀ ਗੁੰਝਲਤਾ ਸਮਝਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜਿਸ ਸਮਾਜ ਨੂੰ ਫਿਲਮ ਵਿੱਚ ਦਰਸਾਇਆ ਹੈ, ਉਹ ਉਸ ਦਾ ਹਿੱਸਾ ਹਨ, ਇਸ ਲਈ ਉਨ੍ਹਾਂ ਨੇ ਇਸ ਫਿਲਮ ਦੇ ਨਿਰਦੇਸ਼ਕ ਸਤੀਸ਼ ਕੌਸ਼ਿਕ ਵੱਲੋਂ ਆਈ ਪੇਸ਼ਕਸ਼ ਨੂੰ ਤੁਰੰਤ ਹਾਂ ਕਹਿ ਦਿੱਤੀ। ਇਹ ਫਿਲਮ ਉੱਤਰ ਪ੍ਰਦੇਸ਼ ਦੇ ਅਜਿਹੇ ਕਿਸਾਨ ਦੁਆਲੇ ਘੁੰਮਦੀ ਹੈ, ਜਿਸ ਨੂੰ ਸਰਕਾਰੀ ਦਸਤਾਵੇਜ਼ਾਂ ਵਿੱਚ ਅਧਿਕਾਰਤ ਤੌਰ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਹੈ। ਇਸ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਉਹ ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਸੰਘਰਸ਼ ਕਰਦਾ ਤੇ ਸਿਸਟਮ ਵਿਚਲਾ ਭ੍ਰਿਸ਼ਟਾਚਾਰ ਨੰਗਾ ਕਰਦਾ ਹੈ। ਮੁੱਖ ਧਾਰਾ ਦੇ ਨਾਲ ਓ ਟੀ ਟੀ 'ਤੇ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਪੰਕਜ ਇਸ ਵਿਚਾਰ ਨਾਲ ਸਹਿਮਤ ਹਨ ਕਿ ਇੰਡਸਟਰੀ ਵਿੱਚ ਹਰ ਕਿਸਮ ਦੀਆਂ ਫਿਲਮਾਂ ਲਈ ਜਗ੍ਹਾ ਹੈ।

ਪੰਕਜ ਨੇ ਕਿਹਾ, “ਸਾਡੇ ਕੋਲ ਹਰ ਕਿਸਮ ਦੀ ਫਿਲਮ ਹੋਣੀ ਚਾਹੀਦੀ ਹੈ, ਚਾਹੇ ਉਸ ਫਿਲਮ ਵਿੱਚ ਸੁਨੇਹਾ ਹੋਵੇ ਜਾਂ ਮੌਜੂਦਾ ਮਾਮਲਿਆਂ ਨੂੰ ਪੇਸ਼ ਕਰਦੀ ਜਾਂ ਸਮਾਜ ਨੂੰ ਸ਼ੀਸ਼ਾ ਦਿਖਾਉਂਦੀ ਹੋਵੇ ਜਾਂ ਸਿਰਫ ਅਤੇ ਸਿਰਫ ਮਨੋਰੰਜਨ ਵਾਲੀ ਫਿਲਮ ਹੋਵੇ। ਸਾਨੂੰ ਇਸ ਨੂੰ ਫਿਲਮ ਨਿਰਮਾਤਾਵਾਂ 'ਤੇ ਛੱਡ ਦੇਣਾ ਚਾਹੀਦਾ ਹੈ। ਮੈਨੂੰ ਨਿੱਜੀ ਤੌਰ 'ਤੇ ਇਸ ਤਰ੍ਹਾਂ ਲੱਗਦਾ ਹੈ ਕਿ ਦੋਵਾਂ ਤਰ੍ਹਾਂ ਦੀਆਂ ਫਿਲਮਾਂ ਦੀ ਮੌਜੂਦਗੀ ਮਹੱਤਵਪੂਰਨ ਹੈ।” ਫਿਲਮ ਦੇ ਨਿਰਮਾਤਾ ਸਲਮਾਨ ਖਾਨ ਹਨ ਅਤੇ ਇਸ ਵਿੱਚ ਪੰਕਜ ਤ੍ਰਿਪਾਠੀ ਤੋਂ ਇਲਾਵਾ ਮੋਨਲ ਗੱਜਰ, ਅਮਰ ਉਪਾਧਿਆਏ ਤੇ ਲੰਕੇਸ਼ ਭਾਰਦਵਾਜ ਨਜ਼ਰ ਆਉਣਗੇ। ਫਿਲਮ ਸੱਤ ਜਨਵਰੀ ਨੂੰ ਓ ਟੀ ਟੀ ਪਲੇਟਫਾਰਮ ਜੀ 5 'ਤੇ ਰਿਲੀਜ਼ ਹੋਵੇਗੀ।

## ਬਿਨਾਂ ਬ੍ਰੇਕ ਲਏ ‘ਸਰਕਸ’ ਅਤੇ ‘ਭੂਤ ਪੁਲਸ’ ਪੂਰੀ ਕਰੇਗੀ ਜੈਕਲੀਨ



ਅਭਿਨੇਤਰੀ ਜੈਕਲੀਨ ਫਨਰਾਂਡੀਜ਼ ਨੇ ਸਾਲ ਦੀ ਸ਼ੁਰੂਆਤ ਦੇ ਨਾਲ ਆਪਣੇ ਅਗਲੇ ਪ੍ਰੋਜੈਕਟਾਂ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਉਸ ਨੇ ਫਿਲਮ ‘ਸਰਕਸ’ ਦੀ ਸ਼ੂਟਿੰਗ ਦੇ ਨਾਲ ਨਵੇਂ ਸਾਲ ਵਿੱਚ ਆਪਣੇ ਕੰਮ ਪ੍ਰਤੀ ਤੇਜ਼ੀ ਦਿਖਾਈ ਹੈ। ਇਸ ਦੇ ਇਲਾਵਾ ਜੈਕਲੀਨ ਦੀਆਂ ਦੋ ਹੋਰ ਫਿਲਮਾਂ ਲਾਈਨ ਵਿੱਚ ਹਨ। ਰੋਹਿਤ ਸ਼ੈਟੀ ਦੇ ਨਿਰਦੇਸ਼ਨ ਵਿੱਚ ਬਣ ਰਹੀ ‘ਸਰਕਸ’ ਦੀ ਸ਼ੂਟਿੰਗ ਮਿਡ ਜਨਵਰੀ ਤੱਕ ਚੱਲੇਗੀ। ਫਿਰ ਉਹ ਬਿਨਾਂ ਬ੍ਰੇਕ ਲਏ ‘ਭੂਤ ਪੁਲਸ’ ਉਤੇ ਕੰਮ ਸ਼ੁਰੂ ਕਰੇਗੀ। ਇਸ ਪੂਰੇ ਮਹੀਨੇ ਵਿੱਚ ਉਸ ਕੋਲ ਇੱਕ ਦਿਨ ਦਾ ਵੀ ਬ੍ਰੇਕ ਨਹੀਂ ਹੈ। ਪਿਛਲੇ ਸਾਲ ਦਸੰਬਰ ਵਿੱਚ ਉਹ ਧਰਮਸ਼ਾਲਾ ਵਿੱਚ ‘ਭੂਤ ਪੁਲਸ’ ਦੀ ਸ਼ੂਟਿੰਗ ਕਰ ਰਹੀ ਸੀ, ਇਸ ਲਈ ਉਹ ਆਪਣੀਆਂ ਸਾਰੀਆਂ ਫਿਲਮਾਂ ਨੂੰ ਬੈਕ-ਟੂ-ਬੈਕ ਪੂਰਾ ਕਰੇਗੀ।

## ਸਟੰਟ ਆਸਾਨ ਕਰ ਕੇ ਮੇਰਾ ਅਪਮਾਨ ਨਾ ਕਰੋ : ਸੰਜੇ ਦੱਤ



ਸੰਜੇ ਦੱਤ ਇਨ੍ਹੀਂ ਦਿਨੀਂ ਲਗਾਤਾਰ ‘ਕੇ ਜੀ ਐੱਫ ਚੈਪਟਰ 2’ ਦੀ ਸ਼ੂਟਿੰਗ ਕਰ ਰਹੇ ਹਨ। ਉਨ੍ਹਾਂ ਨੇ ਇਸ ਦੇ ਲਈ ਕਈ ਐਕਸ਼ਨ ਸੀਕਵੈਂਸ ਦੀ ਸ਼ੂਟਿੰਗ ਵੀ ਕੀਤੀ ਹੈ। ਕਿਉਂਕਿ ਸੰਜੇ ਬਿਮਾਰੀ ਤੋਂ ਉਠ ਕੇ ਆਏ ਹਨ, ਇਸ ਲਈ ਯਸ਼ ਅਤੇ ਡਾਇਰੈਕਟਰ ਪ੍ਰਸ਼ਾਂਤ ਨੀਲ ਨੇ ਸੁਝਾਅ ਦਿੱਤਾ ਕਿ ਸੰਜੂ ਦੇ ਸਟੰਟ ਨੂੰ ਸਰਲ ਬਣਾਇਆ ਜਾਣਾ ਚਾਹੀਦਾ ਹੈ। ਸੰਜੂ ਇਸ ਗੱਲ ਨਾਲ ਸਹਿਮਤ ਨਹੀਂ। ਉਨ੍ਹਾਂ ਦਾ ਕਹਿਣਾ ਹੈ, “ਮੈਂ ਹਮੇਸ਼ਾ ਤੋਂ ਆਪਣੀਆਂ ਫਿਲਮਾਂ ਵਿੱਚ ਸਟੰਟ ਕਰਦਾ ਰਿਹਾ ਹਾਂ। ਮੇਰਾ ਸਟੰਟਸ ਨੂੰ ਆਸਾਨ ਬਣਾ ਕੇ ਮੇਰਾ ਅਪਮਾਨ ਨਾ ਕਰੋ। ਮੈਂ ਸਾਰੇ ਸਟੰਟਸ ਉਸੇ ਤਰ੍ਹਾਂ ਕਰਾਂਗਾ ਜਿਵੇਂ ਉਹ ਲਿਖੇ ਗਏ ਸਨ, ਕੋਈ ਸਮਝੌਤਾ ਨਹੀਂ, ਕੋਈ ਧੋਖਾ ਨਹੀਂ। ਮੈਨੂੰ ਇਸ ਦੇ ਲਈ ਕੋਈ ਬਾਡੀ ਡਬਲ ਵੀ ਨਹੀਂ ਚਾਹੀਦਾ।” ਫਿਲਮ ਦੀ ਪੂਰੀ ਯੂਨਿਟ ਸੰਜੂ ਦੀ ਇਸ ਸਪ੍ਰਿਟ ਤੋਂ ਪ੍ਰਭਾਵਤ ਹੈ। ਯਸ਼ ਵੀ ਉਨ੍ਹਾਂ ਬਾਰੇ ਕਹਿੰਦੇ ਹਨ, “ਉਹ ਇੱਕ ਫਾਈਟਰ ਹਨ, ਰੀਅਲ ਲਾਈਫ ਹੀਰੋ ਹਨ।”

## ਦਮਦਾਰ ਸ਼ੂਟਿੰਗ ਅਦਿਤੀ ਦੀ



ਕੋਰੋਨਾ ਵਾਇਰਸ ਦੀ ਵਜ੍ਹਾ ਕਰ ਕੇ ਅਦਿਤੀ ਰਾਓ ਹੈਦਰੀ ਦੀਆਂ ਦੋ ਫਿਲਮਾਂ ਭਾਵੇਂ ਥੀਏਟਰ ਵਿੱਚ ਰਿਲੀਜ਼ ਨਹੀਂ ਹੋ ਸਕੀਆਂ, ਪਰ ਵੱਖੋ-ਵੱਖਰੀਆਂ ਭਾਸ਼ਾਵਾਂ ਵਿੱਚ ਬਣ ਕੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਵਾਲੀਆਂ ਹਨ। ਇਨ੍ਹਾਂ ਵਿੱਚ ਇੱਕ ਫਿਲਮ ਰਿਭੂ ਦਾਸਗੁਪਤਾ ਬਣਾ ਰਹੇ ਹਨ, ਜਿਸ ਦਾ ਨਾਂਅ ‘ਗਰਲ ਆਨ ਦਾ ਟਰੇਨ’ ਹੈ, ਜਿਸ ਵਿੱਚ ਅਦਿਤੀ ਦੇ ਨਾਲ ਪਰਿਣੀਤੀ ਚੋਪੜਾ, ਕੀਰਤੀ ਕੁਲਹਾਰੀ ਤੇ ਅਵਿਨਾਸ਼ ਤਿਵਾੜੀ ਆਦਿ ਮੁੱਖ ਕਿਰਦਾਰ ਵਿੱਚ ਨਜ਼ਰ ਆਉਣਗੇ।

ਕੁਝ ਦਿਨ ਪਹਿਲਾਂ ਅਦਿਤੀ ਰਾਓ ਹੈਦਰੀ ਨੇ ਆਪਣੀ ਅਗਲੀ ਫਿਲਮ ‘ਹੇ ਸਿਨਾਮਿਕਾ’ ਦੀ ਸ਼ੂਟਿੰਗ ਪੂਰੀ ਕੀਤੀ ਹੈ। ਫਿਲਮ ਵਿੱਚ ਉਹ ਦਲਕੀਰ ਸਲਮਾਨ ਅਤੇ ਕਾਜਲ ਅਗਰਵਾਲ ਨਾਲ ਨਜ਼ਰ ਆਵੇਗੀ। ਇਹ ਇੱਕ ਰੋਮਾਂਟਿਕ ਕਾਮੇਡੀ ਡਰਾਮਾ ਫਿਲਮ ਹੈ, ਜਿਸ ਦਾ ਪ੍ਰਗਟਾਵਾ ਕੋਰੀਓਗਰਾਫਰ ਬ੍ਰਿੰਦਾ ਗੋਪਾਲ ਨੇ ਕੀਤਾ। ਇੱਕ ਨਿਰਦੇਸ਼ਕ ਦੇ ਰੂਪ ਵਿੱਚ ਬ੍ਰਿੰਦਾ ਦੇ ਕਰੀਅਰ ਦੀ ਇਹ ਫਿਲਮੀ ਸ਼ੁਰੂਆਤ ਹੈ। ਇਸ ਫਿਲਮ ਦੇ ਸ਼ੂਟਿੰਗ ਕਲਾਕਾਰਾਂ ਨੇ ਇਸ ਸਾਲ ਮਾਰਚ ਦੇ ਮਹੀਨੇ ਵਿੱਚ ਸ਼ੁਰੂ ਕੀਤੀ ਸੀ, ਪਰ ਕੁਝ ਸਮੇਂ ਬਾਅਦ ਲਾਕਡਾਊਨ ਦੇ ਕਾਰਨ ਕੰਮ ਬੰਦ ਹੋ ਗਿਆ। ਲਾਕਡਾਊਨ ਖਤਮ ਹੋਣ ਤੋਂ ਬਾਅਦ ਫਿਰ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਈ ਅਤੇ 26 ਦਸੰਬਰ ਨੂੰ ਇਹ ਪੂਰੀ ਹੋ ਚੁੱਕੀ ਹੈ। ਫਿਲਮ ਦੀ ਸ਼ੂਟਿੰਗ ਬਹੁਤ ਜ਼ੋਰਦਾਰ ਢੰਗ ਨਾਲ ਹੋਈ ਹੈ। ਇਸ ਦਾ ਪਹਿਲਾ ਸ਼ਾਟ ਮਣੀਰਤਨਮ ਅਤੇ ਕੇ ਭਾਗਿਆਰਾਜ ਨੇ ਨਿਰਦੇਸ਼ਨ ਕੀਤਾ ਅਤੇ ਫਿਲਮ ਦਾ ਪਹਿਲਾ ਕਲੈਪ ਦੱਖਣ ਭਾਰਤੀ ਫਿਲਮਾਂ ਦੀ ਮਸ਼ਹੂਰ ਕਲਾਕਾਰ ਸੁਹਾਸਿਨੀ ਅਤੇ ਖੁਸ਼ਬੂ ਨੇ ਦਿੱਤਾ।

## ‘ਏਕ ਵਿਲੇਨ 2’ ਦੀ ਸ਼ੂਟਿੰਗ ਲਈ ਉਤਸ਼ਾਹਤ ਦਿਸ਼ਾ ਪਟਾਨੀ



ਅਭਿਨੇਤਰੀ ਦਿਸ਼ਾ ਪਟਾਨੀ ਫਿਲਮਮੇਕਰ ਮੋਹਿਤ ਸੂਰੀ ਨਾਲ ਆਪਣੀ ਅਗਲੀ ਫਿਲਮ ‘ਏਕ ਵਿਲੇਨ 2’ ਦੇ ਸੈੱਟ 'ਤੇ ਮੁੜ ਜੁੜਨ ਦੀ ਉਮੀਦ ਕਰ ਰਹੀ ਹੈ। ਉਹ ਇਸ ਤੋਂ ਪਹਿਲਾਂ ਉਨ੍ਹਾਂ ਦੀ 2020 ਵਿੱਚ ਆਈ ਫਿਲਮ ‘ਮਲੰਗ’ ਵਿੱਚ ਮੋਹਿਤ ਨਾਲ ਕੰਮ ਕਰ ਚੁੱਕੀ ਹੈ। ਉਸ ਨੇ ਕਿਹਾ, “ਸੈੱਟ 'ਤੇ ਨਵਾਂ ਸਾਲ ਸ਼ੁਰੂ ਕਰਨਾ ਮੇਰੇ ਲਈ ਸਾਲ ਦੀ ਸ਼ੁਰੂਆਤ ਦਾ ਵਧੀਆ ਤਰੀਕਾ ਹੈ। ‘ਏਕ ਵਿਲੇਨ 2’ ਦੀ ਸ਼ੂਟਿੰਗ ਜਲਦੀ ਸ਼ੁਰੂ ਕਰਨ ਅਤੇ ਮੋਹਿਤ ਸਰ ਨਾਲ ਮੁੜ ਕੰਮ ਕਰਨ ਲਈ ਮੈਂ ਬਹੁਤ ਉਤਸ਼ਾਹਤ ਹਾਂ। ‘ਮਲੰਗ’ ਤੋਂ ਬਾਅਦ ਮੈਂ ਉਨ੍ਹਾਂ ਨਾਲ ਦੁਬਾਰਾ ਕੰਮ ਕਰਨ ਅਤੇ ਇੱਕ ਨਵਾਂ ਸਫਰ ਸ਼ੁਰੂ ਕਰਨ ਦੀ ਉਮੀਦ ਕਰ ਰਹੀ ਹਾਂ।” ਦਿਸ਼ਾ ਸਲਮਾਨ ਖਾਨ ਨਾਲ ‘ਰਾਧੇ’ ਵਿੱਚ ਦਿਖਾਈ ਦੇਵੇਗੀ। ਇਸੇ ਦੌਰਾਨ, ਦਿਸ਼ਾ ਨੇ ਆਪਣੀ ਇੱਕ ਤਸਵੀਰ ਇੰਸਟ-ਗਰਾਮ 'ਤੇ ਪ੍ਰਸ਼ੰਸਕਾਂ ਨੂੰ ਨਵਾਂ ਸਾਲ ਮੁਬਾਰਕ ਕਹਿਣ ਲਈ ਪੋਸਟ ਕੀਤੀ ਹੈ। “ਸਭ ਨੂੰ ਨਵੇਂ ਸਾਲ ਦੀ ਵਧਾਈ, ਪਰਮਾਤਮਾ ਸਭ 'ਤੇ ਮਿਹਰ ਕਰੇ।”

## ਡਿਜ਼ੀਟਲ ਪਲੇਟਫਾਰਮ ਨਾਲ ਚੰਗੇ ਕਲਾਕਾਰਾਂ ਨੂੰ ਫਾਇਦਾ : ਬਿਦਿਤਾ



ਬਿਦਿਤਾ ਬਾਗ ‘ਦਿ ਮਿਸਿੰਗ ਸਟੋਨ’ ਨਾਲ ਵੈੱਬ ਸੀਰੀਜ਼ ਵਿੱਚ ਵਾਪਸੀ ਕਰ ਰਹੀ ਹੈ। ਇਸ ਤੋਂ ਪਹਿਲਾਂ ਉਹ ‘ਭੌਕਾਲ’ ਅਤੇ ‘ਅਭੈ-2’ ਵਿੱਚ ਕੰਮ ਕਰ ਚੁੱਕੀ ਹੈ। ਇਸ ਸਾਲ ਪਰਦੇ 'ਤੇ ਉਸ ਦੀ ਹਾਜ਼ਰੀ ਬਣੀ ਰਹੀ, ਇਸ ਗੱਲ ਤੋਂ ਉਹ ਬਹੁਤ ਖੁਸ਼ ਹੈ। ਉਸ ਨੇ ਦੱਸਿਆ, “ਮੈਂ ਇਨ੍ਹਾਂ ਪ੍ਰੋਜੈਕਟਾਂ 'ਤੇ ਪਿਛਲੇ ਲਗਭਗ ਇੱਕ ਸਾਲ ਤੋਂ ਕੰਮ ਕਰ ਰਹੀ ਹਾਂ ਤੇ ਇਹ ਸੰਯੋਗ ਹੀ ਹੈ ਕਿ ਇਹ ਸਾਰੇ ਪ੍ਰੋਜੈਕਟਟ ਇੱਕ ਤੋਂ ਬਾਅਦ ਇੱਕ ਰਿਲੀਜ਼ ਹੋ ਰਹੇ ਹਨ। ਪਰਦੇ 'ਤੇ ਮੇਰੀ ਹਾਜ਼ਰੀ ਲਗਾਤਾਰ ਬਣੀ ਰਹੀ ਹੈ ਕਿਉਂਕਿ ਇੱਕ ਨਿਸ਼ਚਿਤ ਸਮੇਂ ਦੇ ਅੰਦਰ ਹੀ ਕਈ ਸ਼ੋਅਜ਼ ਰਿਲੀਜ਼ ਹੋ ਗਏ ਹਨ।” ਬਿਦਿਤਾ ਨੇ ਇੱਕ ਡਿਜੀਟਲ ਪਲੇਟਫਾਰਮ 'ਤੇ ਕਿਹਾ, “ਸਾਡੇ ਵਰਗੇ ਕਲਾਕਾਰਾਂ ਲਈ ਡਿਜੀਟਲ ਐਂਟਰਟੇਨਮੈਂਟ ਆਪਣੇ ਹੁਨਰ ਨੂੰ ਸਾਬਤ ਕਰਨ ਦਾ ਚੰਗਾ ਮਾਧਿਅਮ ਹੈ ਕਿਉਂਕਿ ਸਾਨੂੰ ਇੱਥੇ ਵੱਧ ਕੰਮ ਕਰਨ ਨੂੰ ਮਿਲ ਰਿਹਾ ਹੈ। ਅਸੀਂ ਆਊਟਸਾਈਡਰ ਹਾਂ। ਇਸ ਲਈ ਸਾਡੇ 'ਤੇ ਪੈਸਾ ਲਾਉਣ ਤੋਂ ਪਹਿਲਾਂ ਯਕੀਨੀ ਤੌਰ 'ਤੇ ਨਿਰਮਾਤਾਵਾਂ ਨੂੰ ਘੱਟੋ-ਘੱਟ ਦੋ ਵਾਰ ਸੋਚਣਾ ਪਵੇਗਾ, ਕਿਉਂਕਿ ਇਸ ਦੇ ਬਦਲੇ ਉਨ੍ਹਾਂ ਨੂੰ ਕੀ ਮਿਲੇਗਾ, ਇਹ ਰਿਸਕ ਫੈਕਟਰ ਹੈ। ਡਿਜੀਟਲ ਪਲੇਟਫਾਰਮ ਨੇ ਸਾਨੂੰ ਇੱਕ ਮੌਕਾ ਦਿੱਤਾ ਹੈ ਤੇ ਕਈ ਬਿਹਤਰ ਕਲਾਕਾਰਾਂ ਨੂੰ ਉਨ੍ਹਾਂ ਦੇ ਬਕਾਏ ਦੀ ਪਛਾਣ ਮਿਲ ਰਹੀ ਹੈ, ਜਿਸ ਦੇ ਉਹ ਹੱਕਦਾਰ ਹਨ।” ਦੱਸਣਾ ਬਣਦਾ ਹੈ ਕਿ ਬਿਦਿਤਾ ਨੇ ਬੰਗਾਲੀ ਫਿਲਮਾਂ ਨਾਲ ਐਕਟਿੰਗ ਸ਼ੁਰੂ ਕੀਤੀ ਸੀ। ਉਸ ਦੀ ਪਹਿਲੀ ਹਿੰਦੀ ਫਿਲਮ ‘ਫਰਾਮ ਸਿਡਨੀ ਵਿਦ ਲਵ’ ਸੀ। ਫਿਰ ਵੀ ਅਸਲੀ ਪਛਾਣ ਉਸ ਨੂੰ ਨਵਾਜ਼ੁਦੀਨ ਸਿੱਦੀਕੀ ਨਾਲ ਫਿਲਮ ‘ਬਾਬੂਮੋਸ਼ਾਏ ਬੰਦੂਕਬਾਜ਼’ ਅਤੇ ਉਸ ਤੋਂ ਬਾਅਦ ਵੈੱਬ ਸੀਰੀਜ਼ ‘ਦਿ ਸ਼ੋਅਲੇ ਗਰਲ’ ਤੋਂ ਮਿਲੀ।

